ਚਿਰਾਗ

ਜਨਵਰੀ-ਮਾਰਚ 1997

January -March 1997

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ਚਿਰਾਗ਼

ਇਸ ਅੰਕ ਵਿਚ ਪੇਸ਼ ਲੇਖਕ

* ਅਫ਼ਜ਼ਲ ਤੌਸੀਫ਼.
* ਪਿਆਰਾ ਸਿੰਘ ਸਹਿਰਾਈ
* ਤਲਵਿੰਦਰ ਸਿੰਘ
* ਸੁਰਜੀਤ ਜੱਜ
* ਅਫ਼ਜ਼ਲ ਅਹਿਸਨ ਰੰਧਾਵਾ
* ਬਾਬਾ ਨਜਮੀ
* ਸੁਖਿੰਦਰ
* ਗੁਰਨਾਮ ਢਿੱਲੋਂ
* ਪਾਬਲੋ ਨੇਰੂਦਾ
* ਪ੍ਰੇਮ ਸਾਹਿਲ
* ਪ੍ਰੀਤਮ ਸਿੰਘ
* ਖ਼ਾਲਦ ਸ਼ੇਖ

ਤੇ ਹੋਰ ਕਿੰਨੇ ਹੀ ਨਵੇਂ ਨਾਂ

ਮੁੱਲ : ਦਸ ਰੁਪਏ -9- ਜਨਵਰੀ-ਮਾਰਚ, 1997

ਚਿਰਾਗ਼ (ਤ੍ਰੈ-ਮਾਸਕ)

ਜਨਵਰੀ-ਮਾਰਚ, 1997

ਸੰਪਾਦਕ : ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ : ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ

ਤਤਕਰਾ

ਪ੍ਰਕਾਸ਼ਨ ਮਿਤੀ : 31 ਜਨਵਰੀ 1997

Postal Address :
Harbhajan Singh Hundal,
V. Futu Chak,
P/o. Dhilwan,
Distt. Kapurthala-144804
(Pb.) India.

ਚੰਦਿਆਂ ਦਾ ਵੇਰਵਾ :

ਦੇਸ਼ ਵਾਰਸ਼ਿਕ	:	30 ਰੁਪਏ
ਇਕ ਪਰਚਾ	:	10 ਰੁਪਏ
ਸੰਸਥਾਵਾਂ (ਵਾਰਸ਼ਿਕ)	:	40 ਰੁਪਏ
ਬਦੇਸ਼		
ਵਾਰਸ਼ਿਕ	:	250 ਰੁਪਏ
ਇੱਕ ਪਰਚਾ	:	ਇਕ ਪੌਂਡ

ਚਿਰਾਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

—ਸੰਪਾਦਕ

ਸੰਪਾਦਕੀ ਟਿੱਪਣੀ

ਵਧਦੀ ਹੋਈ ਸਾਹਿਤਕ ਸਾਂਝ

ਚਿਰਾਗ਼ ਤ੍ਰੈ-ਮਾਸਕ ਪੱਤਰ ਹੁਣ ਆਪਣੀ ਪ੍ਰਕਾਸ਼ਨਾ ਦੇ ਪੰਜਵੇਂ ਸਾਲ ਵਿਚ ਦਾਖਲ ਹੋ ਗਿਆ ਹੈ। ਆਪਣੇ ਮੁੱਢਲੇ ਅੰਕਾਂ ਤੋਂ ਹੀ ਇਹ ਪੱਤਰ ਵਾਹਘੇ ਪਾਰਲੇ ਪੰਜਾਬੀ ਸਾਹਿਤ ਨੂੰ ਪਹਿਲ ਦੇ ਆਧਾਰ ਦੇ ਛਾਪਣ ਦਾ ਯਤਨ ਕਰਦਾ, ਦੋਹਾਂ ਪੰਜਾਬਾਂ ਦੇ ਅਦੀਬਾਂ ਦੀ ਪ੍ਰਸਪਰ ਸਾਂਝ ਨੂੰ ਵਿਕਸਿਤ ਤੇ ਪੀਡਾ ਕਰਨ ਲਈ ਯਤਨਸ਼ੀਲ ਰਿਹਾ ਹੈ। ਪਹਿਲਾਂ ਪਹਿਲਾਂ ਸਾਡੇ ਕਈ ਮਿੱਤਰਾਂ ਨੇ ਸਾਡੇ ਇਸ ਉਦਮ ਦਾ ਮਖ਼ੌਲ ਵੀ ਉਡਾਇਆ ਸੀ ਕਿ ਅਸੀਂ ਇਹ ਸਾਰਾ ਕੁਝ ਭਾਵਕਤਾ ਵੱਸ ਹੋ ਕਰ ਰਹੇ ਹਾਂ, ਕਿ ਪਾਰਲੇ ਪੰਜਾਬ ਦੇ ਸਾਹਿਤ ਦੀ ਪੱਧਰ ਕਿਸੇ ਤਰ੍ਹਾਂ ਵੀ ਏਧਰਲੇ ਸਾਹਿਤ ਨਾਲ ਮੇਲ ਨਹੀਂ ਖਾਂਦੀ। ਅਸੀਂ ਤਾਂ ਸ਼ੁਰੂ ਤੋਂ ਹੀ ਇਹ ਮੰਨ ਕੇ ਤੁਰੇ ਸੀ ਕਿ ਇਕ ਹੁੰਦਿਆਂ ਹੋਇਆਂ ਵੀ ਦੋਹਾਂ ਪੰਜਾਬਾਂ ਦੇ ਸਾਹਿਤ ਦੀ ਵਿਕਾਸ ਰੇਖਾ, ਇਸ ਦੇ ਰਾਹ ਵਿਚ ਆਉਂਦੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਔਕੜਾਂ ਤੇ ਦੋਹਾਂ ਪਾਸਿਆਂ ਦੇ ਪੰਜਾਬੀ ਲੇਖਕਾਂ ਦੇ ਪ੍ਰੇਰਨਾ-ਸ੍ਰੋਤਾਂ ਵਿਚ ਫੇਰ ਅੰਤਰ ਹੈ। ਪਰ ਫੇਰ ਵੀ ਦੋਹਾਂ ਪਾਸਿਆਂ ਦਾ ਰਚਿਆ ਜਾ ਰਿਹਾ ਪੰਜਾਬੀ ਸਾਹਿਤ ਇਕੋ ਹੀ ਪੰਜਾਬੀ ਭਾਸ਼ਾ ਦਾ ਵਿਸ਼ਾਲ ਅੰਗ ਹੈ ਤੇ ਦੋਹਾਂ ਪਾਸਿਆ ਦੇ ਰਚੇ ਜਾ ਸਾਹਿਤ ਨੂੰ, ਅਤੇ ਉਥੇ ਦੇ ਲੇਖਕਾਂ ਨੂੰ ਇਕ ਦੂਸਰੇ ਦੇ ਨੇੜੇ ਲਿਆਉਣ ਲਈ ਨਿਰੰਤਰ ਯਤਨ ਕਰਨ ਦੀ ਲੋੜ ਹੈ। ਸਾਡੇ ਮੁਢਲੇ ਯਤਨਾਂ ਦਾ ਮਖੌਲ ਓਡਾਉਣ ਵਾਲ ਮਿੱਤਰਾਂ ਨੂੰ ਵੀ ਹੁਣ ਇਹ ਕਹਿਣਾ ਪਿਆ ਹੈ ਕਿ ਸਾਡੇ ਅਜੇਹੇ ਯਤਨਾਂ ਦੇ ਸਿੱਟੇ ਵਜੋਂ ਇਕ ਭਾਈਚਾਰਕ, ਸਭਿਆਚਾਰਕ ਤੇ ਸਾਹਿਤਕ ਮੇਲ-ਮਿਲਾਪ ਦੇ ਪ੍ਰਸ਼ੰਸਾਮਈ ਵਾਤਾਵਰਨ ਦੀ ਸਿਰਜਣਾ ਸੰਭਵ ਹੋਈ ਹੈ ਤੇ ਲੇਖਕਾਂ ਦੀ ਆਪਸੀ ਨੇੜਤਾ ਵਧਣ ਲਈ ਮਾਹੌਲ ਤਿਆਰ ਹੋਣ ਲੱਗਾ ਹੈ।

ਸਿੱਟੇ ਵਜੋਂ ਰਚਨਾ, ਖ਼ਤਾਂ ਤੇ ਪੁਸਤਕਾਂ ਦੇ ਆਦਾਨ-ਪ੍ਰਦਾਨ ਦੇ ਯਤਨ ਸ਼ੁਰੂ ਹੋਣ ਲੱਗੇ ਹਨ ਅਤੇ ਦੋਹਾਂ ਪੰਜਾਬਾਂ ਦੀਆਂ ਅਖ਼ਬਾਰਾਂ ਤੇ ਰਿਸਾਲਿਆਂ ਵਿਚ ਏਧਰਲੇ ਸਾਹਿਤ ਬਾਰੇ ਜ਼ਿਕਰ-ਜ਼ਕਾਰ ਦੀ ਗੱਲ ਚੱਲ ਪਈ ਹੈ। ਪੁਸਤਕਾਂ ਦੇ ਰੀਵੀਊ ਹੋਣ ਲੱਗੇ ਹਨ ਤੇ ਦੋਹੀਂ ਪਾਸੀਂ, ਰਚਨਾਵਾਂ ਦੇ ਛਪਣ-ਛਪਾਣ ਲਈ ਉਦਮ ਹੋਣ ਲੱਗੇ ਹਨ। ਅਸੀ ਅਨੁਭਵ ਕਰਦੇ ਹਾਂ ਕਿ ਹਾਲੀ ਵੀ, ਦੋਹਾਂ ਪਾਸਿਆਂ ਦੇ ਲੇਖਕਾਂ ਦੇ ਆਪਸੀ ਮੇਲ-ਮਿਲਾਪ ਦੇ ਰਾਹ ਵਿਚ ਸਰਕਾਰੀ ਪੱਧਰ 'ਤੇ ਬੜੀਆਂ ਰੁਕਾਵਟਾਂ ਹਨ ਤੇ ਡਾਕ ਦੀ ਆਵਾ-ਜਾਈ ਵਿਚ ਵੀ ਕਈ ਅੜਚਣਾ ਹਨ। ਦੋਹੀਂ ਪਾਸੀਂ ਲੇਖਕਾਂ ਵਲੋਂ ਇਹ ਆਵਾਜ਼ ਉੱਠਣੀ ਚਾਹੀਦੀ ਹੈ ਕਿ ਦੋਹਾਂ ਪੰਜਾਬਾਂ ਦੇ ਪੰਜਾਬੀ ਲੇਖਕਾਂ ਨੂੰ ਇੱਕ-ਦੂਜੇ ਦੇਸ਼ ਵਿਚ ਆਉਣ-ਜਾਣ, ਮਿਲ ਬਹਿਣ ਅਤੇ ਆਪਸੀ ਵਿਚਾਰ-ਵਟਾਂਦਰਾਂ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਪਾਕਿਸਤਾਨ ਵਿਚ ਹੋ ਰਹੀਆਂ ਆਲਮੀ-ਅਦਬੀ ਕਾਨਫਰੰਸਾਂ ਵਿਚ ਏਧਰ ਦੇ ਪੰਜਾਬ ਦੇ ਪੰਜਾਬੀ ਲੇਖਕਾਂ ਨੂੰ ਸ਼ਾਮਿਲ ਕਰਨ ਦੇ ਉਪਰਾਲੇ ਹੋਣੇ ਚਾਹੀਦੇ ਹਨ ਤੇ ਇੰਝ ਹੀ ਸਾਡੇ ਏਧਰਲੇ ਪੰਜਾਬ ਵਿਚ ਕਾਨਫਰੰਸਾਂ ਤੇ ਸੈਮੀਨਾਰਾਂ ਵਿਚ ਪਾਕਿਸਤਾਨ ਵਿਚਲੇ ਪੰਜਾਬੀ ਲੇਖਕਾਂ ਨੂੰ ਵੀ ਸੱਦਿਆ ਜਾਣਾ ਚਾਹੀਦਾ ਹੈ। ਲੇਖਕਾਂ ਦੇ ਆਪਸੀ ਮੇਲ-ਮਿਲਾਪ ਦੇ ਵਧਣ ਨਾਲ, ਦੋਹਾਂ ਦੇਸ਼ਾਂ ਦੇ ਸਾਂਝੇ ਸਿਆਸੀ ਮਸਲਿਆਂ ਤੇ ਝਗੜਿਆਂ ਨੂੰ ਵੀ ਦੋਸਤਾਨਾਂ ਮਾਹੌਲ

ਵਿਚ ਨਜਿੱਠਣ ਤੇ ਸਮਝਣ ਲਈ ਅਨਕੂਲ ਵਾਤਾਵਰਨ ਪੈਦਾ ਹੋਵੇਗਾ ਤੇ ਖਿਚੋਤਾਣ ਤੇ ਸ਼ੱਕ ਦੀ ਥਾਂ ਮੁਹੱਬਤ ਦੀ ਸੁਗੰਧਤ ਪੌਣ ਰੁਮਕਣ ਲੱਗੇਗੀ।

ਦੋਹਾਂ ਪੰਜਾਬਾਂ ਦੇ ਪੰਜਾਬੀ ਲੇਖਕਾਂ ਨੂੰ ਇੱਕ ਦੂਸਰੇ ਦੇ ਨੇੜੇ ਲਿਆਉਣ ਦੇ, ਚਿਰਾਗ਼ ਦੇ ਇਹਨਾਂ ਸੀਮਤ ਯਤਨਾਂ ਨੂੰ, ਪਾਰਲੇ-ਪਾਰ ਦੇ ਲੇਖਕਾਂ ਤੇ ਸੰਪਾਦਕਾਂ ਨੇ ਪ੍ਰਸ਼ੰਸਾ-ਮਈ ਨਜ਼ਰ ਨਾਲ ਵੇਖਣਾ ਤੇ ਪਛਾਨਣਾ ਸ਼ੁਰੂ ਕਰ ਦਿੱਤਾ ਹੈ। ਅਤੇ ਮਾਸਕ ਪੱਤਰ 'ਮਾਂ-ਬੋਲੀ', 'ਲਹਿਰਾਂ', 'ਤਿਮਾਹੀ', ਵਰ੍ਹੇ-ਵਾਰ 'ਸਾਹਿਤ', ਤੇ ਰਵੇਲ ਦੇ ਸੰਪਾਦਕਾਂ ਤੋਂ ਬਿਨਾਂ ਉਥੋਂ ਦੇ ਹੋਰ ਦਰਜਨਾਂ ਲੇਖਕਾਂ ਨੇ ਸੰਪਾਦਕੀ ਟਿਪਣੀਆਂ ਤੇ ਖ਼ਤਾਂ ਰਾਹੀ ਚਿਰਾਗ਼ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਹੈ, ਜਿਸ ਕਾਰਨ ਅਸੀਂ ਉਤਸਾਹਤ ਹੋਏ ਹਾਂ ਤੇ ਇਹਨਾਂ ਯਤਨਾਂ ਨੂੰ ਹੋਰ ਵਧੇਰੇ ਕੁਸ਼ਲਤਾ ਨਾਲ ਜਾਰੀ ਰੱਖਣ ਤੇ ਵਿਸਥਾਰਨ ਲਈ ਆਪਣੇ ਯਤਨ ਜਾਰੀ ਰੱਖਾਂਗੇ। ਨੇੜ ਭਵਿਖ ਵਿਚ ਅਸੀਂ ਪਾਕਿਸਤਾਨੀ ਕਹਾਣੀ ਤੇ ਕਵਿਤਾ ਦੇ ਵਿਸ਼ੇਸ਼ ਅੰਕ ਕੱਢਣ ਦੀ ਯੋਜਨਾ ਵੀ ਬਣਾ ਰਹੇ ਹਾਂ, ਜਿਸ ਲਈ ਲੋੜੀਂਦੀ ਸਾਹਿਤਕ ਸਮੱਗਰੀ ਇਕੱਤਰ ਕੀਤੀ ਜਾ ਰਹੀ ਹੈ। ਅੱਗੇ ਤੋਂ ਚਿਰਾਗ਼ ਦੇ ਹਰ ਅੰਕ ਵਿਚ, ਕੁਝ ਚੋਣਵੀਆਂ ਪਾਕਿਸਤਾਨੀ ਪੰਜਾਬੀ ਕਵਿਤਾਵਾਂ ਦੇ ਨਾਲ-ਨਾਲ, ਹਰ ਵਾਰ ਇਕ ਪੰਜਾਬੀ ਕਹਾਣੀ ਅਵੱਸ਼ ਛਾਪਣ ਦਾ ਵਿਚਾਰ ਬਣਾਇਆ ਗਿਆ ਹੈ।

ਸਾਨੂੰ ਆਸ ਤੇ ਪੂਰਨ ਵਿਸ਼ਵਾਸ ਹੈ ਕਿ ਪਾਕਿਸਤਾਨ ਦੇ ਪੰਜਾਬੀ ਲੇਖਕ ਇਸ ਕਾਰਜ ਵਿਚ ਸਾਨੂੰ ਮਿਲਵਰਤਨ ਦਿੰਦੇ ਰਹਿਣਗੇ।

—ਹਰਭਜਨ ਸਿੰਘ ਹੁੰਦਲ

ਝੰਡੇ/ਪਾਬਲੋ ਨੇਰੂਦਾ

ਸਾਡੇ ਝੰਡੇ ਹੁਣ ਤਕ
ਕੁਝ ਇਸ ਤਰ੍ਹਾਂ ਹਨ
ਕਿ ਲੋਕ ਇਨ੍ਹਾਂ ਨੂੰ
ਆਪਣੀ ਕੋਮਲਤਾ ਦੀ
ਕਸ਼ੀਦਾਕਾਰੀ ਨਾਲ
ਸਜਾਉਂਦੇ ਹਨ
ਪਾਟੇ-ਪੁਰਾਣੇ ਕਪੜਿਆਂ ਵਿਚ
ਸੀਉਂਦੇ ਹਨ
ਆਪਣੇ ਦੁੱਖਾਂ ਦੀ
ਸੂਲੀ ਨਾਲ
ਸਿਤਾਰੇ ਨੂੰ ਜੜਦੇ ਹਨ
ਆਪਣੇ ਜਲਦੇ ਹੱਥਾਂ ਨਾਲ
ਆਪਣੀ ਕਮੀਜ਼ ਵਿਚੋਂ ਕੱਟ ਕੇ
ਦੇਸ ਦੇ ਸਿਤਾਰੇ ਤੇ ਲਾਲੀ
ਕਤਰਾ-ਕਤਰਾ ਨੁਚੜਕੇ
ਰੰਗ ਲਿਆਉਂਦੀ ਹੈ।

ਅਨੁਵਾਦ : ਅਵਤਾਰ ਸਾਦਿਕ

ਇਸ ਵਾਰ ਦਾ ਵਿਸ਼ੇਸ਼ ਕਵੀ

ਸੁਰਜੀਤ ਜੱਜ/ਗ਼ਜ਼ਲਾਂ

ਸੁਰਜੀਤ ਜੱਜ ਇਸ ਸ਼ਤਾਬਦੀ ਦੇ ਆਖਰੀ ਦਹਾਕੇ ਦੀ ਪੰਜਾਬੀ ਕਵਿਤਾ ਵਿਚ ਨਵਾਂ ਨਾਂ ਹੈ। ਪਰਿੰਦੇ ਫੇਰ ਪਰਤਣਗੇ (90) ਘਰੀਂ ਮੁੜਦੀਆਂ ਪੈੜਾਂ (91) ਆਉਂਦੇ ਦਿਨੀਂ (93) ਅਤੇ ਵਕਤ ਉਡੀਕੇ ਵਾਰਸਾਂ (96) ਉਸ ਦੇ ਉਤੇ-ੜਿੱਤੀ ਛਪੇ ਚਾਰ ਕਾਵਿ ਸੰਗ੍ਰਹਿਆਂ ਸਦਕਾ ਉਸ ਨੇ ਪੰਜਾਬੀ ਕਵਿਤਾ ਦੇ ਗੰਭੀਰ ਪਾਠਕਾਂ ਦਾ ਧਿਆਨ ਖਿੱਚਿਆਂ ਹੈ। ਨਜ਼ਮ, ਗੀਤ ਤੇ ਗ਼ਜ਼ਲ ਵਿਚ ਬਰਾਬਰ ਦੀ ਸਮਰੱਥ ਸਿਰਜਣਾ ਕਰਨ ਵਾਲੇ ਇਸ ਨਵੇਂ ਸ਼ਾਇਰ ਦੀਆਂ ਕੁਝ ਸੱਜਰੀਆਂ ਗ਼ਜ਼ਲਾਂ ਚਿਰਾਗ਼ ਦੇ ਪਾਠਕਾਂ ਦੇ ਸਨਮੁੱਖ ਪੇਸ਼ ਹਨ।

—ਸੰਪਾਦਕ

(1)

ਕਿਤੇ ਸਾਗਰ ਕਿਤੇ ਦਰਿਆ, ਕਿਤੇ ਕੋਈ ਤਲਾਅ ਹੋਵੇ,
ਬੜਾ ਹੈ ਲਾਜ਼ਮੀ ਕਿ ਕਤਰਿਆਂ ਦਾ ਸਿਲਸਿਲਾ ਹੋਵੇ।

ਦਿਲਾਸਾ ਦੇਂਦਿਆਂ ਜਾਵੇ, ਉਦਾਸੇ ਵਿਹੜਿਆਂ ਤਾਂਈਂ,
ਪਤਾ ਨਈਂ ਫੇਰ ਕਿਸ ਵੇਲੇ ਘਰਾਂ ਨੂੰ ਪਰਤਣਾ ਹੋਵੇ।

ਸਮੁੰਦਰ ਤੋਂ ਘਟਾ ਦਾ, ਘਟਾ ਤੋਂ ਧਰਤੀ ਪਿਆਸੀ ਦਾ,
ਅਸਾਡੇ ਵਿਚ ਜੇ ਹੋਵੇ, ਅਜੇਹਾ ਫਾਸਲਾ ਹੋਵੇ।

ਘਰਾਂ ਦਾ, ਮੰਜ਼ਿਲਾਂ ਦਾ, ਜੇ ਨਹੀਂ ਤਾਂ ਪੈਂਡਿਆਂ ਦਾ ਹੀ,
ਜ਼ਰੂਰੀ ਹੈ ਕਿ ਪੈਰਾਂ ਦੇ ਲਈ ਕੋਈ ਆਸਰਾ ਹੋਵੇ।

ਸੁਨਹਿਰੀ ਸ਼ਾਮ ਵਿਚ ਉਸਦਾ ਹਸ਼ਰ ਹੋਵੇਗਾ ਕੀ ਸੋਚੋ,
ਹਮੇਸ਼ਾਂ ਸ਼ਖ਼ਸ ਜੋ ਸਾਇਆਂ ਦੇ ਪਿੱਛੇ ਦੌੜਦਾ ਹੋਵੇ।

ਉਨ੍ਹਾਂ ਨੂੰ ਬਣ ਤ੍ਰੇਹ ਮਿਲੀਏ ਕਿ ਮਿਲੀਏ ਜਾਂ ਘਟਾ ਬਣ ਕੇ,
ਜਿਨ੍ਹਾਂ ਦੀ ਨਜ਼ਰ ਵਿਚ ਗੰਗਾ, ਦਿਲਾਂ ਵਿਚ ਕਰਬਲਾ ਹੋਵੇ।

ਸਮੁੰਦਰ ਹੀ ਕਿਤੇ ਸ਼ੀਸ਼ੇ ਦਾ ਮੈਨੂੰ ਨਿਗਲ ਨਾ ਜਾਵੇ,
ਜ਼ਰਾ ਕਰ ਰੂ-ਬਰੂ ਪੱਥਰ, ਕਿਤੇ ਕੋਈ ਹਾਦਸਾ ਹੋਵੇ।

ਮੁਖ਼ਾਤਿਬ ਚੁੱਪ ਹੋਵੇ ਕਿੰਝ ਉਸਨੂੰ ਜੋ ਸਦਾਅ ਦੇ ਕੇ,
ਹੁੰਗਾਰਾ ਸੁਣਨ ਤੋਂ ਪਹਿਲਾਂ ਦਰਾਂ ਤੋਂ ਮੁੜ ਗਿਆ ਹੋਵੇ।

ਗਿਲ੍ਹਾ ਤੈਨੂੰ ਕਿਓਂ ਹੋਇਆ ਮੇਰੇ ਸੁਰਜੀਤ ਹੋਵਣ 'ਤੇ,
ਸੁਰਾਂ ਬਣਕੇ ਜਾਂ ਬਣ ਕੇ ਸ਼ੋਰ ਫਿਰ ਕੁਝ ਨਾ ਪਤਾ ਹੋਵੇ।

(2)

ਸਮਝ ਸ਼ੀਸ਼ੇ ਦੀ ਦੀ ਥਾਂ ਮੈਨੂੰ, ਉਹ ਪੱਥਰ ਮੁਸਕਰਾ ਉੱਠੇ,
ਜਦੋਂ ਮੈਂ ਮੁਸਕਰਾਇਆ ਅੱਗਿਓਂ ਤਾਂ ਤਿਲਮਿਲਾ ਉੱਠੇ।

ਉਨ੍ਹਾਂ ਦੀ ਚੁੱਪ ਨੂੰ ਭਾਉਂਦਾ ਸੀ ਮੇਰਾ ਬੁੱਧ ਹੋਣਾ ਹੀ,
ਜਦੋਂ ਮੈਂ ਬਣ ਸਿਧਾਰਥ ਪਰਤਿਆ ਉਹ ਬੁੜਬੁੜਾ ਉੱਠੇ।

ਕਿਨਾਰੇ ਬੈਠ ਕੇ ਅਕਸਰ ਉਡੀਕਣ ਉਹ ਮਿਰਾ ਮੁੜਨਾ,
ਜਿਵੇਂ ਸਾਗਰ 'ਚ ਲਹਿਰਾਂ ਦੀ ਜਗ੍ਹਾ ਕੋਈ ਬੁਲਬੁਲਾ ਉੱਠੇ।

ਵਿਦਾ ਉਹ ਇਸ ਤਰ੍ਹਾਂ ਹੋਏ, ਸੁਲਗਦੀ ਸ਼ਾਖ ਦੇ ਉੱਤੋਂ,
ਪਰਿੰਦਾ ਜਿਸ ਤਰ੍ਹਾਂ ਕੋਈ ਪਰਾਂ ਨੂੰ ਤੋਲਦਾ ਉੱਠੇ।

ਚਮਨ ਦੀ ਹੋਂਦ ਤਿੜਕੇਗੀ, ਕਿਤੇ ਵੀ ਹੋਂਦ ਆਪਣੀ ਦਾ,
ਕਦੇ ਜੇ ਇਕ ਵੀ ਤਿੱਤਲੀ ਦੇ ਮਨ ਵਿਚ ਤੌਖ਼ਲਾ ਉੱਠੇ।

ਸੰਭਾਲੇਗਾ ਕਿਵੇਂ ਸਹਿਰਾ ਭਲਾ ਫਿਰ ਪਿਆਸ ਦੀ ਹਸਤੀ,
ਅਗਰ ਕੋਈ ਲਹਿਰ ਹੀ ਬਣਕੇ ਕਿਸੇ ਲਈ ਕਰਬਲਾ ਉੱਠੇ।

ਮਿਰੇ ਅਹਿਸਾਸ ਮੇਰੇ ਹਰ ਉਪੱਦਰ 'ਤੇ ਖਫ਼ਾ ਹੋਏ,
ਕਿਸੇ ਦਾ ਆਪਣੀ ਪਰਜਾ ਤੋਂ ਜੀਕਣ ਦਬਦਬਾ ਉੱਠੇ।

ਅਨੇਕਾਂ ਵਾਰ ਆਪਣੇ ਆਪ ਤੋਂ ਏਦਾਂ ਵਿਦਾ ਹੋਏ,
ਪਰ੍ਹੇ ਵਿਚੋਂ ਸ਼ਖ਼ਸ ਕੋਈ ਜਿਵੇਂ ਨਜ਼ਰਾਂ ਬਚਾ ਉੱਠੇ।

ਅਜੇ ਕਿੰਨੀ ਕੁ ਵਾਰੀ ਮੇਰਿਆਂ ਖ਼ਾਬਾਂ ਤੋਂ ਤਿਲਕੇਗਾ,
ਕਿਸੇ ਮਹਿਫ਼ਲ 'ਚੋਂ ਕੋਈ, ਜਿਸ ਤਰ੍ਹਾਂ ਹੰਝੂ ਛੁਪਾ ਉੱਠੇ।

ਤੁਸੀਂ ਜੇ ਸੁਰ ਕਰੋ ਸੁਰਜੀਤ ਸੈਂ ਉਹ ਬਣ ਸਕਾਂ ਸਰਗਮ,
ਸੁਣੇ ਜਿਸ ਨੂੰ ਸ਼ਖ਼ਸ ਜੋ ਵੀ ਹਮੇਸ਼ਾ ਗੁਣਗੁਣਾ ਉੱਠੇ।

(3)

'ਕੁਝ ਨਹੀਂ' ਤੀਕਰ ਤੁਸੀਂ, ਸਕਦੇ ਨਹੀਂ ਇਸ ਨੂੰ ਘਟਾ,
ਆਦਮੀ ਹੈ ਜ਼ਿੰਦਗੀ ਦਾ ਖ਼ੂਬਸੂਰਤ ਹਾਦਸਾ।

ਹੋ ਗਿਆ ਸੈਂ ਤੂੰ ਤੇ ਮਨਫ਼ੀ ਫੇਰ ਵੀ ਨਿਭਿਆ ਸਾਂ ਮੈਂ,
ਯਾਦ ਤੈਨੂੰ ਸ਼ਾਇਦ ਹਾਲੇ ਵੀ ਹੋਏ ਉਹ ਵਾਕਿਆ।

ਮੌਤ ਵਰਗੀ ਜ਼ਿੰਦਗੀ ਦੇ ਸਾਲ ਕਿੰਨੇ ਜੀਅ ਲਏ,
ਜੀਣ ਵਰਗੀ ਮੌਤ ਦਾ ਇਕ ਛਿਣ ਮਸਾਂ ਹੀ ਢੂੰਡਿਆ।

ਸੁਰਮਈ ਪਰਦੇ 'ਚ ਬੈਠੀ ਜ਼ਿੰਦਗੀ ਸੁਸਤਾ ਗਈ,
ਝੀਲ ਅੰਦਰ ਲੱਥਿਆ, ਸੂਰਜ ਅਜੇ ਨਾ ਪਰਤਿਆ।

ਆਪਣੇ ਨੇੜ੍ਹੇ 'ਚ ਹੀ ਸਿਮਟੀ ਰਹੀ ਇੱਛਰਾਂ-ਉਮੀਦ,
ਬਾਗ ਸੁੱਕਾ ਹੀ ਰਿਹਾ, ਪੂਰਨ ਕੋਈ ਨਾ ਬਹੁੜਿਆ।

ਇਹ ਬਲਾਂ ਦੇ ਸਫ਼ਰ ਅੰਦਰ ਹਮਸਫ਼ਰ ਤੇਰਾ ਬਣੂੰ,
ਘਰ ਨਹੀਂ: ਤਾਂ ਏਸ ਦਾ ਅਹਿਸਾਸ ਹੀ ਤੂੰ ਸਾਂਭ ਲਾ।

ਇਹ ਕਦੋਂ ਤੀਕਰ ਛੁਪਾਊ ਖੋਟ ਨਜ਼ਰਾਂ ਦਾ ਭਲਾ,
ਦੇਣ ਲਈ ਮਨ ਨੂੰ ਤਸੱਲੀ ਤੂੰ ਲਈ ਐਨਕ ਲਗਾ।

ਮੈਂ ਉਡੀਕਣ ਵਾਸਤੇ ਤੈਨੂੰ ਭਲਾ ਕਿੱਥੇ ਰੁਕਾਂ,
ਹਰ ਪੜਾਅ ਅੰਦਰ ਹੈ ਸ਼ਾਮਲ ਅਣ-ਮੁਕਾਇਆ ਫਾਸਲਾ।

(4)

ਚੰਨ ਦਾ ਸੁਪਨਾ ਹਾਂ ਮੈਂ ਕਿਰਨਾਂ ਚੁਰਾ ਕੇ ਕੀ ਕਰਾਂ,
ਚੰਦ ਕੁ ਜੁਗਨੂੰ ਹਥੇਲੀ ਤੇ ਟਿਕਾ ਕੇ ਕੀ ਕਰਾਂ।

ਹੋ ਗਈ ਮੇਰੀ ਤ੍ਰੇਹ ਹਾਣੀ ਸਮੁੰਦਰ ਦੀ ਦਿਸੇ,
ਏਸ ਨੂੰ ਇਕ ਬੂੰਦ ਦਾ ਸੁਪਨਾ ਵਿਖਾ ਕੇ ਕੀ ਕਰਾਂ।

ਜਾਣਦਾ ਹਾਂ ਏਸ ਰਸਤੇ ਨੇ ਕਿਤੇ ਪੁੱਜਣਾ ਨਹੀਂ,
ਸਬਰ ਪੈਰਾਂ ਦਾ ਭਲਾ ਫਿਰ ਆਜ਼ਮਾ ਕੇ ਕੀ ਕਰਾਂ।

ਹੋਰ ਕੀ ਮਿਲਣੈ, ਗੁਨਾਹਾਂ ਦਾ ਮਿਲੂ ਮਲਬਾ ਜ਼ਰੂਰ,
ਐਕਸਰੇ ਵੀ ਜ਼ਿਹਨ ਆਪਣੇ ਦਾ ਕਰਾ ਕੇ ਕੀ ਕਰਾਂ।

ਬੰਦ ਦਰਵਾਜ਼ਾ ਨਹੀਂ ਹੋਣਾ ਹਵਾ ਦਾ ਜ਼ੋਰ ਹੈ,
ਘਰ ਹਨ੍ਹੇਰਾ ਹੈ ਮਗਰ ਦੀਵਾ ਜਗਾ ਕੇ ਕੀ ਕਰਾਂ।

ਆਪ ਜਦ ਕਾਤਿਲ ਕਹੇ ਕਿ ਰਹਿਮ ਦੀ ਭੇਜੋ ਅਪੀਲ,
ਫੇਰ ਮਕਤਲ ਨਾਲ ਵੀ ਮੈਂ ਸਾਂਝ ਪਾ ਕੇ ਕੀ ਕਰਾਂ।

ਵਿਹੜਿਆਂ ਵਿਚ ਸੁਲਗਦੇ ਬੋਹੜਾਂ ਦੀ ਹੋਣੀ ਵੇਖ ਲਈ,
ਖੰਡਰਾਂ ਵਿਚ ਕੈਕਟਸਾਂ ਦੀ ਪੌਦ ਲਾ ਕੇ ਕੀ ਕਰਾਂ।

ਕਹਿਕਿਆਂ ਦੇ ਰੂਪ ਵਿਚੋਂ ਬੇ-ਹਯਾਈ ਦਾ ਸਬੂਤ,
ਪਹਿਨ ਕੇ ਕੋਈ ਮੁਖੌਟਾ ਮੁਸਕਰਾ ਕੇ ਕੀ ਕਰਾਂ।

ਹੋ ਨਹੀਂ ਸੁਰਜੀਤ ਸਕਿਆ, ਆਪਣੇ ਮੌਸਮ 'ਚ ਹੀ,
ਹੁਣ ਕਿਸੇ ਵੀ ਰੁੱਤ ਦਾ, ਮੈਂ ਗੀਤ ਗਾ ਕੇ ਕੀ ਕਰਾਂ।

(5)

ਢਹਿ ਰਹੀ ਦੀਵਾਰ 'ਤੇ ਫਟਿਆ ਕਲੰਡਰ ਹੈ,
ਇਸ਼ਤਿਹਾਰਾਂ ਦੱਸਿਆ, ਇਹ ਲੋਕਤੰਤਰ ਹੈ।

ਇਹ ਤੁਸੀਂ ਇਸ ਦੌਰ ਦਾ ਅੰਦਾਜ਼ ਤਾਂ ਵੇਖੋ,
ਡਮਰੂ ਹੈ ਬਾਂਦਰ ਹੱਥ, ਤੇ ਨੱਚਦਾ ਕਲੰਦਰ ਹੈ।

ਰਸਤਿਆਂ ਦੇ ਖੌਫ਼ ਤੋਂ ਭੈਅ ਭੀਤ ਰਾਹੀਆਂ ਦੇ,
ਮੋਢਿਆਂ ਤੇ ਉੱਗ ਆਇਆ, ਮੀਲ-ਪੱਥਰ ਹੈ।

ਇਸ ਨਗਰ ਦੇ ਨਾਲ ਦੋਹਾਂ ਦਾ ਹੀ ਰਿਸ਼ਤਾ ਹੈ,
ਮੈਂ ਘਰਾਂ ਦੀ ਹੋਂਦ ਦਾ, ਉਹ ਕੋਡ-ਨੰਬਰ ਹੈ।

ਸੁਰਖ਼ੁਰੂ ਮੈਂ ਪਿਆਸ ਤੋਂ ਹੋਵਾਂ ਤਾਂ ਕਿਸ ਤਰ੍ਹਾਂ,
ਓਸ ਦੀ ਹਰ ਤੱਕਣੀ ਅੰਦਰ ਸਮੁੰਦਰ ਹੈ।

ਸ਼ੋਰ ਬਣਕੇ ਗੁਜ਼ਰਦੀ ਹੈ ਹਰ ਸਦਾਅ ਏਥੋਂ,
ਏਸ ਘਰ ਦੀ ਚੁੱਪ ਦੇ ਵਿਰਲਾਂ 'ਚ ਖੰਡਰ ਹੈ।

ਸੁਰ ਅਸੀਂ ਸੁਰਜੀਤ ਕੀਤੇ ਸੀ ਜੋ ਕਿੱਥੇ ਨੇ?
ਇਹ ਤਾਂ ਕੇਵਲ ਚੀਖ਼ ਹੈ ਜਾਂ ਫੇਰ ਚਾਂਗਰ ਹੈ।

(6)

ਛਣਕੀ ਸੀ ਐਥੇ ਜੋ ਹੁਣੇ, ਝਾਂਜਰ ਜਹੀ,
ਦੂਰ ਤਕ ਚੁੱਪ ਛੱਡ ਗਈ, ਖੰਡਰ ਜਹੀ।

ਚੁੱਪ ਹਾਂ, ਸ਼ੀਸ਼ਾ ਹਾਂ, ਤਿੜਕਾਂ, ਧੁਨ ਬਣਾ,
ਬਖ਼ਸ਼ ਦੇ ਸੌਗਾਤ ਕੋਈ, ਪੱਥਰ ਜਹੀ।

ਮੇਰੀਆਂ ਨਜ਼ਰਾਂ ਤੇ, ਉਹਦੇ ਜਿਸਮ ਵਿਚ,
ਇਕ ਸਦੀਵੀ ਖਿੱਚ ਰਹੀ, ਛਿਲਤਰ ਜਹੀ।

ਰਹਿਣ ਦੇ ਇਸ ਨੂੰ ਮੇਰੇ ਬੁੱਲ੍ਹਾਂ 'ਤੇ ਹੀ,
ਸਾਂਭੇਗਾ ਕਿੰਝ ਇਹ ਬੰਸੁਰੀ ਖੰਜਰ ਜਹੀ।

ਸੌਂਪ ਦੇ ਮੈਨੂੰ ਤੇਰੀ ਅੱਗ ਦਾ ਲਿਬਾਸ,
ਕਰ ਲਵਾਂ ਮਹਿਫ਼ੂਜ਼ ਜਿੰਦ ਕੱਕਰ ਜਹੀ।

ਇਕ ਨਦੀ ਦੇ ਨਾਲ ਮੇਰੀ ਸਾਂਝ ਹੈ,
ਥੱਕਿਆਂ ਅੰਗਾਂ ਅਤੇ ਬਿਸਤਰ ਜਹੀ।

ਤੂੰ ਖ਼ੁਦਾ ਹੈਂ, ਜੂਨ ਮੈਂ ਭੋਗੀ ਤਦੇ,
ਬੁੱਤ, ਪੰਡਿਤ, ਭਗਤ ਤੋਂ ਮੁਨਕਰ ਜਹੀ।

ਮੈਂ ਕਰਾਂ ਸੁਰਜੀਤ ਕੋਈ ਤਾਲ ਕੀ,
ਜੇ ਨਹੀ ਸੀਰਤ ਤੇਰੀ ਝੁੰਮਰ ਜਹੀ।

ਗੀਤ/ਸੁਰਜੀਤ ਜੱਜ

ਅਸੀਂ ਹਾਲਾਤ ਦਾ ਹਾਣੀ. ਹਰਿਕ ਅਲਫ਼ਾਜ਼ ਚੁਣਦੇ ਹਾਂ,
ਸ਼ਰ੍ਹਾ ਦੇ ਮੇਚ ਜੋ ਆਵੇ, ਓਹੀ ਅੰਦਾਜ਼ ਚੁਣਦੇ ਹਾਂ।

ਅਕੀਦੇ ਪਾਪ ਧੋਂਦੇ ਹਾ, ਰਜ਼ਾ ਵਿਚ ਸਿਰ ਝੁਕਾਉਂਦੇ ਹਾਂ,
ਜਨਮ ਤੋਂ ਨੇਰ੍ਹ ਢੋਂਦੇ ਹਾਂ, ਤੇ ਸਰਵਣ ਪੁੱਤ ਕਹਾਉਂਦੇ ਹਾਂ।
ਚਾਹੇ ਤੀਰਾਂ ਦੀ ਜੂਹ ਹੋਵੇ, ਜਾਂ ਤਕਦੀਰਾਂ ਦੀ ਜੂਹ ਹੋਵੇ,
ਅਸੀਂ ਵਹਿੰਗੀ ਤੋਂ ਵਹਿੰਗੀ ਤਕ ਦੀ ਪਰਵਾਜ਼ ਚੁਣਦੇ ਹਾਂ।
ਅਸੀਂ ਹਾਲਾਤ ਦਾ ਹਾਣੀ, ਹਰਿਕ ਅਲਫਾਜ਼ ਚੁਣਦੇ ਹਾਂ।

ਸਦਾ ਲੀਹਾਂ 'ਤੇ ਤੁਰਦੇ ਹਾਂ, ਕਦੇ ਲੀਹਾਂ ਬਣਾਉਂਦੇ ਨਹੀਂ,
ਅਸੀਂ ਬੇ-ਪੈੜ ਮੁੜਦੇ ਹਾਂ, ਕਿਤੇ ਕੋਈ ਨਕਸ਼ ਵਾਹੁੰਦੇ ਨਹੀਂ।
ਕਿਤੇ ਲਛਮਣ ਰੇਖਾਵਾਂ 'ਚੋਂ, ਕਿਤੇ ਬੰਦੀ ਹਵਾਵਾਂ 'ਚੋਂ,
ਅਸੀਂ ਉਡਦੇ ਪਰਿੰਦਿਆਂ ਵਾਸਤੇ, ਇਤਰਾਜ਼ ਚੁਣਦੇ ਹਾਂ।
ਅਸੀਂ ਹਾਲਾਤ ਦਾ ਹਾਣੀ, ਹਰਿਕ ਅਲਫਾਜ਼ ਚੁਣਦੇ ਹਾਂ।

ਘਟਾਵਾਂ ਰੋਹ ਚਿ ਹੋਵਣ ਤਾਂ, ਥਲਾ ਦੇ ਵਾਂਗ ਵਿਛ ਜਾਈਏ,
ਹਵਾਵਾਂ ਰੋਹ ਚਿ ਹੋਵਣ ਤਾਂ, ਅਸੀਂ ਘਾਹ ਵਾਂਗ ਵਿਛ ਜਾਈਏ।
ਹਨ੍ਹੇਰੇ ਨਾਲ ਵੀ ਨਿਭੀਏ, ਸਵੇਰੇ ਨਾਲ ਵੀ ਨਿਭੀਏ,
ਜੋ ਸਭ ਨੂੰ ਹੀ ਮੁਆਫ਼ਕ ਹੈ, ਅਸੀਂ ਉਹ ਸਾਜ਼ ਚੁਣਦੇ ਹਾਂ।
ਅਸੀਂ ਹਾਲਤ ਦਾ ਹਾਣੀ, ਹਰਿਕ ਅਲਫ਼ਜ਼ ਚੁਣਦੇ ਹਾਂ।

ਪਪੀਹੇ ਦਾ ਰੁਦਨ ਕਰਨਾ, ਅਸੀਂ ਤਸਦੀਕ ਕਰਦੇ ਹਾਂ,
ਸੁਆਂਤੀ ਬੂੰਦ ਦਾ ਵਰ੍ਹਨਾ, ਅਸੀਂ ਤਸਦੀਕ ਕਰਦੇ ਹਾਂ।
ਅਸੀਂ ਰੁੱਖਾਂ ਦੇ ਪਾਲਕ ਹਾਂ, ਅਸੀਂ ਬੁੱਤਾਂ ਦੇ ਮਾਲਕ ਹਾ,
ਕਿਤੇ ਚਿੜੀਆਂ ਚਿ ਸ਼ਾਮਿਲ ਹਾਂ, ਕਿਤੇ ਸ਼ਾਹਬਾਜ਼ ਚੁਣਦੇ ਹਾਂ,
ਅਸੀਂ ਹਾਲਾਤ ਦਾ ਹਾਣੀ, ਹਰਿਕ ਅਲਫ਼ਜ਼ ਚੁਣਦੇ ਹਾਂ।

ਰੰਗ/ਪ੍ਰੇਮ ਸਹਿਲ

ਰੰਗ, ਦੇਸ਼-ਵੰਡ 'ਤੇ ਹੋਏ ਫਸਾਦਾਂ ਦੇ
ਰੰਗ, ਉਜੜੇ ਘਰਾਂ ਦੇ ਹੋਏ ਅਬਾਦਾਂ ਦੇ
ਰੰਗ ਔੜਾਂ ਦੇ, ਘਰੀਂ ਜੰਮਣ ਜਲਾਦਾਂ ਦੇ
ਰੰਗ ਫੁੱਲਾਂ-ਹਾਰ ਖਿੜ ਪੈਂਦੇ ਸਮਾਧਾਂ ਦੇ......

ਰੰਗ, ਸਸਤੇ ਸਮੇਂ 'ਚ ਮਹਿੰਗੇ ਦੀ ਹੱਟੀ ਦੇ
ਰੰਗ, ਦਾਣੇ ਭੁੰਨਦੀ 'ਫੁੱਫੜ' ਦੀ ਭੱਠੀ ਦੇ
ਪਾਠਸ਼ਾਲਾ ਜਾਂਦਿਆਂ ਦੀ ਚਾਲ ਮੱਠੀ ਦੇ
ਰੰਗ, ਟੱਪਣ ਲੱਗਿਆਂ ਇਕ ਕੰਧ ਢੱਠੀ ਦੇ

ਰੰਗ, ਲਾਵਾਰਸ ਖੜ੍ਹੇ ਬੂਝੇ ਜਲਾਵਣ ਦੇ
ਜਨਵਰੀ ਦੀ ਠੰਡ 'ਚ ਪਿੰਡੇ ਤਪਾਵਣ ਦੇ
ਅੱਗ ਵਰ੍ਹਦੀ ਤੇ ਕਦੀ ਲੂੰਆਂ ਹੰਢਾਵਣ ਦੇ
ਰੰਗ, ਬਰਸਾਤਾਂ 'ਚ ਚੋਆਂ 'ਚ ਨਹਾਵਣ ਦੇ

ਰੰਗ ਹੁੰਦੇ ਸੱਧਰਾਂ, ਚਾਵਾਂ, ਉਮੰਗਾਂ ਦੇ
ਗੋਲਿਆਂ, ਗੇਂਦਾਂ, ਪਟੋਲੇ ਤੇ ਪਤੰਗਾਂ ਦੇ
ਤੇ ਮਯੂਾਕੀ ਚੋਂਦਿਆਂ ਮੱਖੀਆਂ ਦੇ ਡੰਗਾਂ ਦੇ
ਰੰਗ, ਨੰਗੇ ਪੈਰ ਮਲ੍ਹਿਆਂ 'ਚ ਮਲੰਗਾਂ ਦੇ

ਖਿੱਦੋ-ਖੂੰਡੀ ਖੇਡਦੇ ਵਿਹੜੇ 'ਚ ਸ਼ਾਹਾਂ ਦੇ
ਰੰਗ ਰਸਾਂ-ਲੱਸੀਆਂ ਤੇ ਰੰਗ ਚਾਹਾਂ ਦੇ
ਸੰਤਰੇ ਤੋੜਨ ਦੀਆਂ ਹੁੰਦੀਆਂ ਸਲਾਹਾਂ ਦੇ
ਰੰਗ ਪਛਤਾਵੇ ਦੇ, ਕੁਝ ਕੀਤੇ ਗੁਨਾਹਾਂ ਦੇ

ਜਾਮਣਾਂ, ਸ਼ਹਿਤੂਤ, ਤੋੜੇ-ਅੰਬ ਵੰਡਣ ਦੇ
ਰੰਗ, ਕਾਣੀ-ਵੰਡ ਨੂੰ ਰਾਹਾਂ 'ਚ ਭੰਡਣ ਦੇ
ਰੰਗ ਕੱਚੇ ਧਾਗਿਆਂ ਦੇ ਸਿਦਕ ਹੰਢਣ ਦੇ
ਰੰਗ, ਵਿਚ-ਪੇਕੇ ਕਿਤੇ ਟੁੱਟੀਆਂ ਨੂੰ ਗੰਢਣ ਦੇ

ਰੰਗ ਪੱਗਾਂ, ਚੁੰਨੀਆਂ, ਸੂਟਾਂ ਤੇ ਸ਼ਾਲਾਂ ਦੇ
ਮੇਜ਼ਪੋਸ਼ਾਂ, ਗੱਦੀਆਂ, ਕੱਢੇ-ਰੁਮਾਲਾਂ ਦੇ
ਰੰਗ ਦਿਲ 'ਚ ਲੂਹਰੀਆਂ ਲੈਂਦੇ ਖਿਆਲਾਂ ਦੇ
ਰੰਗ ਅੱਖਾਂ 'ਚੋਂ ਪੜ੍ਹੇ ਜਾਂਦੇ ਸਵਾਲਾਂ ਦੇ

ਰੰਗ ਲੋਹਾਂ, ਭੱਖੜੇ, ਡਿੱਭਾਂ ਤੇ ਨੜਿਆਂ ਦੇ
ਰੰਗ, ਡੋਲ੍ਹ ਖੜਕਦਾ ਜਦ ਘਰ 'ਚ ਛੜਿਆਂ ਤੇ
ਰੰਗ, ਇੰਤਜ਼ਾਰ 'ਚ ਮੋੜਾਂ 'ਤੇ ਖੜ੍ਹਿਆਂ ਦੇ
ਰੰਗ, ਫੜੀਆਂ ਚਿੱਠੀਆਂ ਤੇ ਰੁੱਕੇ ਪੜ੍ਹਿਆਂ ਦੇ

ਰੰਗ, ਗੁੱਸੇ ਵਿਚ ਆ ਕੇ ਜਾਤਾਂ ਪਰਖਣ ਦੇ
ਰੰਗ, ਛੇੜਾਂ ਪਾਉਣ ਦੇ, ਹੱਸਣ ਤੇ ਹਿਰਖਣ ਦੇ
ਰੰਗ ਗਿੱਬਣ ਦੇ, ਜ਼ਰਾ ਜਿਹੀ ਗੱਲ 'ਤੇ ਸਿਸਕਣ ਦੇ
ਰੰਗ, ਚੂੰਢੀ ਵੱਢ ਕੇ ਮੇਲੇ 'ਚ ਖਿਸਕਣ ਦੇ

ਰੰਗ ਰੁੱਸਣ ਦੇ—ਅਨੋਖੇ ਰੰਗ ਮਨਾਵਣ ਦੇ
ਰੰਗ ਚੁੰਨੀਆਂ ਤੇ ਕਿਤੇ ਪੱਗਾਂ ਵਟਾਂਵਣ ਦੇ
ਰੰਗ ਲੂੰਆਂ ਦੇ ਕਦੀ ਠੱਕੇ ਤੇ ਸਾਵਣ ਦੇ
ਰੰਗ ਫੂਹੜੀ ਦੇ ਕਿਤੇ ਲੋਗੀ ਸੁਨਾਵਣ ਦੇ

ਰੰਗ, ਪੀਕੇ ਰਾਤ ਨੂੰ ਕੱਢੇ ਗਏ ਮੱਘਿਆਂ ਦੇ
ਰੰਗ ਖੇਤਾਂ 'ਚ ਸਵੇਰੇ ਕੰਮ-ਲੱਗਿਆਂ ਦੇ
ਰੰਗ ਜੀਭਾਂ ਕੱਢਕੇ ਵਗਦੇ ਪਏ ਢੱਗਿਆਂ ਦੇ
ਰੰਗ, ਧੂੜਾਂ ਪੱਟਦੇ ਕਾਲੇ ਤੇ ਬੱਗਿਆਂ ਦੇ

ਰੰਗ ਕਾਹੀਆਂ, ਕਿੱਕਰਾਂ, ਕਣਕਾਂ, ਕਪਾਹਾਂ ਦੇ
ਰੰਗ, ਬੋਹੜਾਂ, ਪਿੱਪਲਾਂ, ਨਿੰਮਾਂ, ਫਲਾਹਾਂ ਦੇ
ਰੰਗ, ਕੰਨਾਂ ਕੋਲ ਗੱਲਾਂ ਕਰਦੇ ਸਾਹਾਂ ਦੇ
ਰੰਗ, ਥੁੜਾਂ-ਤੰਗੀਆਂ, ਹਉਕੇ ਤੇ ਆਹਾਂ ਦੇ

ਰੰਗ, ਰੋਹੀਆਂ-ਬੇਲਿਆਂ ਤੇ ਧੁੱਪਾਂ-ਛਾਵਾਂ ਦੇ
ਰੰਗ ਤੋਤੇ, ਘੁੱਗੀਆਂ, ਚਿੜੀਆਂ ਤੇ ਕਾਂਵਾਂ ਦੇ
ਰੰਗ, ਦਿਓਰਾਂ-ਭਾਬੀਆਂ, ਧੀਆਂ ਤੇ ਮਾਂਵਾਂ ਦੇ
ਰੰਗ ਸੁੱਖਾਂ ਦੇ, ਅਸੀਸਾਂ ਦੇ, ਦੁਆਵਾਂ ਦੇ

ਰੰਗ ਛਿੰਝਾਂ-ਮੇਲਿਆਂ, ਨਕਲਾਂ ਤੇ ਰਾਸਾਂ ਦੇ
ਰੰਗ, ਚੰਗੀ ਫਸਲ ਲੱਗਣ ਦੀਆਂ ਆਸਾਂ ਦੇ
ਰੰਗ ਵਿਛ ਜਾਂਦੇ ਖੜ੍ਹੇ ਥੜ੍ਹਿਆਂ 'ਤੇ ਤਾਸ਼ਾਂ ਦੇ
ਰੰਗ ਡਲ੍ਹਕਣ ਸੰਧਿਆ-ਵੇਲੇ ਗਲਾਸਾਂ ਦੇ

ਰੰਗ 'ਚ ਪਏ ਭੰਗ ਦੇ ਵੀ ਸਾਲ ਵੇਖੇ ਨੇ
ਸੋਹਬਤਾਂ 'ਤੇ ਝੂਲਦੇ ਪਏ ਕਾਲ ਵੇਖੇ ਨੇ

ਕਤਲ ਹੁੰਦੇ 'ਕੱਠ ਤੇ ਪੰਡਾਲ ਵੇਖੇ ਨੇ
ਪੁਲਸ ਦੇ ਹੱਥੋਂ ਮਰੇ ਕਈ ਲਾਲ ਵੇਖੇ ਨੇ

ਰੰਗ ਪੂੰਝੇ ਜਾਣ ਹੁਣ ਮਾੜੇ ਸਲੂਕਾਂ ਦੇ
ਰੰਗ ਪੜ੍ਹੇ ਜਾਣ ਮੁੜ ਆਸ਼ਕ-ਮਸ਼ੂਕਾਂ ਦੇ
ਰੰਗ ਕੱਢੇ ਜਾਣ ਨਾ ਰਫਲਾਂ-ਬੰਦੂਕਾਂ ਦੇ
ਰੰਗ ਵੇਖੇ ਜਾਣ ਨਾ ਕਤਲਾਂ ਤੇ ਕੂਕਾਂ ਦੇ ! —ਜਨਵਰੀ, 199

ਗ਼ਜ਼ਲਾਂ/ਆਦੇਸ਼ ਅੰਕੁਸ਼

(1)

ਤੁਪਕਾ-ਤੁਪਕਾ ਕਰਕੇ ਚੋਈ ਸਾਰੀ ਰਾਤ !
ਮੇਰੇ ਵਾਂਙੂ ਛੱਤ ਵੀ ਰੋਈ ਸਾਰੀ ਰਾਤ !

ਦਿਨ ਢਲਦੇ ਹੀ ਯਾਦ ਪ੍ਰਾਹੁਣੀ ਆ ਜਾਵੇ,
ਕਰਦੀ ਰਹਿੰਦੀ ਹੈ ਦਿਲਜੋਈ ਸਾਰੀ ਰਾਤ !

ਸ਼ਾਇਦ ਤੂੰ ਕੱਲ੍ਹ ਸ਼ਾਮ ਗਲੀ 'ਚੋਂ ਲੰਘਿਆ ਸੈਂ,
ਆਉਂਦੀ ਰਹੀ ਤੇਰੀ ਖ਼ੁਸ਼ਬੋਈ ਸਾਰੀ ਰਾਤ !

ਦਿਨ ਚੜ੍ਹਿਆ ਤਾਂ ਬਸ ਰੇਤਾ ਹੀ ਰੇਤਾ ਸੀ,
ਫ਼ਸਲ ਅਸਾਂ ਖ਼ਾਬਾਂ ਦੀ ਬੋਈ ਸਾਰੀ ਰਾਤ !

ਮੁੜ ਨਾ ਆਵੇ ਅੰਕੁਸ਼ ਦਾ ਆਦੇਸ਼ ਕਿਤੇ,
ਆ ਕਰੀਏ ਬਹਿ ਕੇ ਅਰਜੋਈ ਸਾਰੀ ਰਾਤ !

(2)

ਰੌਲਾ ਪਾ ਕੇ ਪੜ੍ਹਦੇ ਹੋ ਅਖ਼ਬਾਰ ਤੁਸੀਂ !
ਚੁੱਪ ਕਰਕੇ ਦੇਂਦੇ ਹੋ ਬੰਦੇ ਮਾਰ ਤੁਸੀਂ !!

ਕੁਝ ਵੀ ਸਮਝ ਨਾ ਆਵੇ ਰੌਲੇ-ਰੱਪੇ ਵਿਚ,
ਕੀ ਪਏ ਕਹਿੰਦੇ ਹੋ ਮੇਰੀ ਸਰਕਾਰ ਤੁਸੀਂ !

ਯਾਰ ਤੁਸੀਂ ਤਾਂ ਰੁੱਸਿਆਂ ਤਾਈਂ ਮਨਾਉਣਾ ਹੈ,
ਐਵੇਂ ਰੁੱਸ-ਰੁੱਸ ਬੈਠੋ ਨਾ ਬੇਕਾਰ ਤੁਸੀਂ !

ਲੱਗਦਾ ਹੈ, ਹੌਲੀ-ਹੌਲੀ ਬਣ ਜਾਵੋਗੇ,
ਜੀਵਨ-ਨਾਟਕ ਵਿਚਲੇ ਮੁੱਖ ਕਿਰਦਾਰ ਤੁਸੀਂ !

ਇਸ ਨੂੰ ਅੱਜ ਦੁਤਕਾਰ ਕੇ ਸੁੱਟੀ ਜਾਂਦੇ ਹੋ,
ਰੋਵੋਂਗੇ ਉਸ ਤਾਈਂ ਧਾਹਾਂ ਮਾਰ ਤੁਸੀਂ !

ਪਿੰਡ ਤੇ ਡਾ: ਧਿਆਨਪੁਰ, ਗੁਰਦਾਸਪੁਰ (143009)

ਇੱਕੋ ਸਾਡਾ ਦਿਲਬਰ ਬਾਹੂ/ਹਰਭਜਨ ਸਿੰਘ ਹੁੰਦਲ

ਦਰਦ ਅਸਾਡਾ ਮਹਿਰਮ ਥੀਵੇ
ਨਿੱਤ ਬੂਹਾ ਖੜਕਾਵੇ ਹੂ ।
ਕੇਹੀ ਸਾਂਝ ਸਦੀਵੀ ਸਾਡੀ
ਇੱਕ ਆਵੇ, ਇਕ ਜਾਵੇ ਹੂ ।
ਅੱਧੀ ਰਾਤ ਆਵਾਜ਼ਾਂ ਮਾਰੇ
'ਜੀ ਆਇਆਂ' ਦਰ ਖੁੱਲ੍ਹੇ ਹੂ ।
ਚੁੱਪ ਦੀ ਭਾਸ਼ਾ ਗੱਲਾਂ ਕਰਦੇ
ਚੁੱਪ ਦੇ ਬੋਲ ਅਮੁੱਲੇ ਹੂ ।
ਸਾਡੀ ਹਾਲਤ ਹੋਈ ਅਜੇਹੀ
ਸਾਡੇ ਸ਼ੌਕ ਨਿਰਾਲੇ ਹੂ ।
ਘੁੱਟ ਘੁੱਟ ਕਰ ਕੇ ਸੰਘੋਂ ਲੱਥਣ
ਗ਼ਮ ਦੇ ਭਰੇ ਪਿਆਲੇ ਹੂ ।
ਸਾਡਾ ਦਰਦ ਨਹੀਂ ਕੋਈ ਨਿੱਜੀ
ਸੱਭੇ ਖ਼ੁਦ ਸਹੇੜੇ ਹੂ ।
ਦਰਦਾਂ ਬਾਝ ਕਦੇ ਨਾ ਹੁੰਦੇ
ਬਾਹੂ, ਬੈਠ ਨਿਖੇੜੇ ਹੂ ।
ਅਜੇ ਖਰੀਂਢ ਨਾ ਸੁੱਕੇ ਸਾਡੇ
ਵੰਡ ਦੇ ਜ਼ਖ਼ਮ ਵੀ ਅੱਲੇ ਹੂ ।
ਕੇਹਾ ਜਨੂੰਨ ਸਿਰਾਂ ਨੂੰ ਚੜ੍ਹਿਆ
ਵੱਢ ਵੱਢ ਡੱਬੇ ਘੱਲੇ ਹੂ ।
ਕਿਸ ਨੂੰ ਦੋਸ਼ ਦਿਆਂਗੇ ਦੱਸੋ
ਕੌਣ ਸੁਣੇ ਫਰਿਆਦਾਂ ਹੂ ।
ਜਿਸ ਮਿੱਟੀ ਨੇ ਜੰਮੇ ਬਾਹੂ
ਰਹਿ ਗਈਆਂ ਬਸ ਯਾਦਾਂ ਹੂ ।
ਇੱਕੋ ਸਾਂਝੀ ਰਹਿਤਲ ਸਾਡੀ
ਬੋਲੀ ਇੱਕੋ ਪਿਆਰੀ ਹੂ ।
ਸਾਂਝੇ ਵਿਹੜੇ ਵੰਡਾਂ ਪਈਆਂ
ਵਿਚ ਦੀ ਕੰਧ ਉਸਾਰੀ ਹੂ ।
ਜਿਹੜਾ ਵੀ ਮਾਂ-ਬੋਲੀ ਭੁੱਲਦਾ
ਰਹਿੰਦਾ ਕੱਖ ਨਾ ਪੱਲੇ ਹੂ ।

ਜਿੱਥੇ ਜਾਵਣ, ਧੱਕੇ ਖਾਵਣ
ਵਿਕਦੇ ਪੁੱਤ ਸਵੱਲੇ ਹੂ ।
ਹੁਣ ਕਿਹਨੂੰ ਜਾ ਪੁੱਛੀਏ ਦਾਰੂ
ਦੇਵੇ ਕੌਣ ਤਸੱਲੀ ਹੂ ।
ਇਹਨਾਂ ਜ਼ਖ਼ਮਾਂ ਦਾ ਕੀ ਬਾਹੂ
ਲੱਖ ਮੁਸੀਬਤ ਝੱਲੀ ਹੂ !
ਰਾਂਝਣ ਯਾਰ ਤਬੀਬ ਅਸਾਡਾ
ਪੁੱਛੀਏ ਦੁੱਖ ਦਾ ਦਾਰੂ ਹੂ ।
ਓਹੀਓ ਲਾਵੇ ਪਾਰ ਅਸਾਨੂੰ
ਪੰਜ ਨਦੀਆਂ ਦਾ ਤਾਰੂ ਹੂ ।
ਕਿਹੜੀ ਐਸੀ ਹੋਈ ਖ਼ੁਨਾਮੀ
ਪਲ-ਪਲ ਬਹਿ ਪਛਤਾਂਦੇ ਹੂ ।
ਕਿਸ ਦੇ ਮੱਥੇ ਮੜ੍ਹੀਏ ਦੂਸ਼ਣ
ਕਿਸ ਤੋਂ ਭੁੱਲ ਬਖ਼ਸ਼ਾਂਦੇ ਹੂ ।
ਇੱਕੋ ਸਾਡਾ ਦਿਲਬਰ ਬਾਹੂ
ਹੋਰ ਕਿਤੇ ਨਾ ਜਾਈਏ ਹੂ ।
ਜੇ ਸੁਣ ਲਏ ਫਰਿਆਦ ਅਸਾਡੀ
ਧਾ ਗਲਵੱਕੜੀ ਪਾਈਏ ਹੂ ।
ਇੱਕੋ ਜਨਮ-ਤਰੀਕ ਅਸਾਡੀ
ਇੱਕੋ ਮਰਨ-ਤਰੀਕਾਂ ਹੂ ।
ਪੰਜ ਦਹਾਕੇ ਬੀਤੇ ਬਾਹੂ
ਮਰੀਆਂ ਨਹੀਂ ਉਡੀਕਾਂ ਹੂ ।
ਰਹਿਣ ਜੀਊਂਦੇ ਤੇਰੇ ਦੋਹੜੇ
ਜੀਊਂਦੀਆਂ ਰਹਿਣ ਉਮੰਗਾਂ ਹੂ ।
ਇਹ ਯਾਦਾਂ ਖਿੰਡ ਜਾਣ ਨਾ ਕਿਧਰੇ
ਕਿਹੜੇ ਰੰਗ 'ਚ ਰੰਗਾਂ ਹੂ ।
ਜੰਮਣ-ਭੋਂ ਦੀ ਪੀੜ ਨਾ ਮਰਦੀ,
ਨਾ ਮਰ ਜਾਵਣ ਤਾਂਘਾਂ ਹੂ ।
ਪੁੱਟ ਕੇ ਕੀਕਰ ਕੱਢੀਏ ਬਾਹੂ
ਸੀਨੇ ਖੁੱਭੀਆਂ ਸਾਗਾਂ ਹੂ ।

(22-8-96)

ਅਫ਼ਜ਼ਲ ਤੌਸੀਫ਼

ਜਨਮ ਮਿਤੀ	:	18 ਮਈ, 1936
ਜਨਮ ਥਾਂ	:	ਪਿੰਡ ਸਿੰਬਲੀ (ਹੁਸ਼ਿਆਰਪੁਰ)
ਵਿਦਿਆ	:	ਐਮ. ਏ. (ਉਰਦੂ), ਐਮ. ਏ. (ਅੰਗਰੇਜ਼ੀ)
ਕੰਮ ਕਾਰ	:	ਕਾਲਜ ਪ੍ਰੋਫੈਸਰ (ਰੀਟਾਇਰਡ)
ਪਤਾ	:	5/1—C 111 GOR, ਲਾਹੌਰ
ਪੰਜਾਬੀ ਲਿਖਤਾਂ	:	ਟਾਹਲੀ ਮੇਰੇ ਬੱਚੜੇ (ਕਹਾਣੀਆਂ) ਕੀਹਦਾ ਠਾਂ ਪੰਜਾਬ (ਲੇਖ), ਹੱਥ ਨਾ ਲਾ ਕੁਸੰਬੜੇ (ਲੇਖ), ਮੇਰਾ ਜੀਵਨ ਸਫਰ (ਸਵੈ-ਜੀਵਨੀ)
ਐਵਾਰਡ	:	'ਟਾਹਲੀ ਮੇਰੇ ਬੱਚੜੇ' 'ਤੇ ਸਾਹਿਤ ਅਕਾਡਮੀ ਪਾਕਿਸਤਾਨ ਵਲੋਂ ਵਾਰਸ ਸ਼ਾਹ ਅਵਾਰਡ ।
ਸਜ਼ਾਵਾਂ	:	ਲਿਬੀਆ ਸਾਜ਼ਿਸ ਕੇਸ ਵਿਚ ਦੋ ਮਹੀਨੇ ਦੀ ਕੈਦ, ਇਕ ਸਾਲ ਲਈ ਘਰ ਵਿਚ ਨਜ਼ਰਬੰਦ ।

ਪੰਝੀਵਾਂ ਘੰਟਾ/ਅਫ਼ਜ਼ਲ ਤੌਸੀਫ਼

ਏਸੇ ਸ਼ਹਿਰ ਦੀ ਗੱਲ ਏ । ਗਰਮ ਮੌਸਮ ਦੀ ਇਕ ਭਰੀ ਦੁਪਹਿਰ ਦਾ ਸਿਖਰ ਵੇਲਾ ਹੋਣਾ ਏਂ । ਵੱਡੇ ਬੋਹੜ ਥੱਲੇ ਉਹਦੇ ਚੌੜੇ ਤਣੇ ਨਾਲ ਲੱਗੇ ਅਸੀਂ ਦੋਵੇਂ ਬੈਠੇ ਸਾਂ । ਅਸੀਂ ਦੋਵੇਂ ਏਸੇ ਸ਼ਹਿਰ ਦੇ ਵਸਨੀਕ ਸਾਂ । ਕਿੰਨੀਆਂ ਸਾਰੀਆਂ ਬਸਤੀਆਂ, ਕਾਲੋਨੀਆਂ ਤੇ ਮਹਿਲਾਂ ਮਾੜੀਆਂ ਵਾਲੇ ਏਸ ਸ਼ਹਿਰ ਦੇ ਇਕ ਮੁਹੱਲੇ ਦੀ ਵੱਡੀ ਗਲੀ ਅੰਦਰ ਸਾਡੇ ਘਰ ਹਾਲੇ ਵੀ ਹੈਨ । ਸਾਡਾ ਮਹੱਲਾ ਬਹੁਤਾ ਪੁਰਾਣਾ ਨਹੀਂ, ਏਡਾ ਨਵਾਂ ਵੀ ਨਹੀਂ । ਏਸੇ ਕਰਕੇ ਅਸੀਂ ਦੋਵੇਂ ਵਿਚਕਾਰੀ ਕਹਾਉਂਦੇ ਹਾਂ । ਉਂਝ ਅਸੀਂ ਦੋਵੇਂ ਵੀ ਇਕੋ ਜੇਹੇ ਨਹੀਂ । ਰਾਹ ਗਲੀ ਆਹਮਣਾ ਸਾਹਮਣਾ ਹੋ ਜਾਵੇ ਤਾਂ ਮੂੰਹ ਦੂਜੇ ਪਾਸੇ ਕਰ ਲੈਂਦੇ ਹੁੰਦੇ ਹਾਂ । ਵੱਖਰੇ ਵੱਖਰੇ ਰਸਤੇ ਟੁਰਦੇ ਹਾਂ ਤਾਂ ਜੋ ਕਦੇ ਮਿਲ ਨਾ ਪਈਏ । ਜਾਣੇ ਅਣ-ਜਾਣੇ ਅਸੀਂ ਦੋਵੇਂ ਏਸ ਤਰ੍ਹਾਂ ਕਰਦੇ ਹਾਂ ।

ਹੁਣ ਪਤਾ ਨਹੀਂ ਉਸ ਦਿਨ ਅਸੀਂ ਇਕੱਠੇ ਕਿੰਝ ਹੋਏ । ਕਿਸ ਤਰ੍ਹਾਂ ਵੱਡੇ ਬੋਹੜ ਥੱਲੇ ਜਾ ਕੇ ਨਾਲ-ਨਾਲ ਬੈਠੇ । ਕਿੰਨੀ ਦੇਰ ਪਿੱਛੋਂ ਅੱਖ ਖੁੱਲ੍ਹੀ, ਪਤਾ ਨਹੀਂ । ਹੁਣ ਅਸੀਂ ਦੋਵੇਂ ਇਕ ਦੂਜੇ ਦੀ ਕੂਹਣੀ ਨਾਲ ਕੂਹਣੀ ਲਾਈ ਬੈਠੇ ਉੱਕਾ ਹੈਰਾਨ ਨਹੀਂ ਸੀ ਹੋਏ । ਸਾਡੇ ਕੋਲ ਕਰਨ ਜੋਗ ਗੱਲ ਕੋਈ ਨਹੀਂ ਸੀ । ਏਸੇ ਕਰਕੇ ਚੁੱਪ ਬੈਠੇ ਹੋਏ ਸਾਂ । ਸਾਡੀਆਂ ਯਾਦਾਂ ਉੱਤੇ ਤਾਲਾ ਲੱਗਾ ਹੋਇਆ ਸੀ ਤੇ ਚਾਬੀ ਰਾਵੀ ਦੀ ਰੇਤ ਵਿਚ ਕਿਧਰੇ ਦਫਨ ਹੋ ਚੁੱਕੀ ਸੀ । ਰੇਤ ਵਿਚ ਚਾਬੀ ਡਿੱਗ ਪੈਣ ਦਾ ਕਿੱਸਾ ਲੰਮਾ ਏ । ਕਹਿੰਦੇ ਨੇ ਰੇਤ ਵਿਚ ਚਾਬੀ ਡਿੱਗ ਪਵੇ ਤਾਂ ਕਦੀ ਵੀ ਗੁੰਮ ਨਹੀਂ ਹੋ ਸਕਦੀ, ਪਰ ਕਦੇ ਲੱਭਦੀ ਵੀ ਤੇ ਨਹੀਂ । ਖੌਰੇ ਏਸੇ ਕਰ ਕੇ ਅਸੀਂ ਦੋਵੇਂ ਆਪਣੇ ਆਪਣੇ

ਜੰਦਰੇ ਉੱਤੇ ਹੱਥ ਰੱਖੀ ਬੈਠੇ ਟੀਰੀਆਂ ਅੱਖਾਂ ਨਾਲ ਸੂਰਜ ਵੱਲ ਵੇਖ ਰਹੇ ਸੀ। ਕੀ ਸ਼ਾਨ ਦੇ ਵੱਡੇ ਬੋਹੜ ਦੀ। ਸੜਦੇ ਬਲਦੇ ਸੂਰਜ ਥੱਲੇ, ਕੇਡਾ ਨਿਹਾਲ ਖੜ੍ਹਾ ਸਾਨੂੰ ਦੋਹਾਂ ਨੂੰ ਇਕੋ ਜਹੀ ਛਾਂ ਦੇ ਰਿਹਾ ਸੀ।

ਹੁਣ ਕੀ ਕਰੀਏ? ਇਕ ਦੂਜੇ ਨਾਲ ਕਲਾਮ ਕਰਨ ਦੀ ਆਦਤ ਵੀ ਤਾਂ ਨਹੀਂ। ਅਖੀਰ ਉਹ ਬੋਲਿਆ—ਉਹੋ ਜੋ ਮੇਰਾ ਦੂਜਾ ਸੀ, ਆਖਣ ਲੱਗਾ, "ਵੇਲਾ ਕੱਟਣਾ ਕੇਡਾ ਔਖਾ ਏ, ਕੰਮ ਵੀ ਕੋਈ ਔੜਦਾ ਨਹੀਂ। ਮੇਰੀ ਕਲਮ ਵੀ ਖਾਲੀ ਏ।" ਹੁਣ ਪਤਾ ਨਹੀਂ ਉਹਨੇ ਇਹ ਗੱਲ ਮੇਰੇ ਨਾਲ ਕੀਤੀ ਯਾਂ ਆਪਣੇ ਅੰਦਰ ਵਾਲੇ ਨਾਲ। ਪਲ ਪਿੱਛੋਂ ਮੇਰੇ ਅੰਦਰ ਵਾਲੇ ਨੇ ਪੁੱਛਿਆ, "ਤੇਰੀ ਕਲਮ ਸਿਆਹੀ ਤੋਂ ਸੱਖਣੀ ਏ?"

"ਨਹੀਂ ਮੇਰੀ ਕਲਮ ਰੁਸ਼ਨਾਈ ਤੋਂ ਖਾਲੀ ਏ।"

"ਇਕੋ ਗੱਲ ਹੋਈ ਨਾ।"

"ਨਹੀਂ ਅੜਿਆ, ਸਿਆਹੀ ਤੇ ਰੁਸ਼ਨਾਈ ਵੱਖਰੇ ਵੱਖਰੇ ਦੋ ਸ਼ਬਦ ਨੇ। ਸਗੋਂ ਵਿਰੋਧੀ।"

"ਪਰ ਵੱਖਰੇ ਵੱਖਰੇ ਲਫ਼ਜ਼ ਇਕ ਮਤਲਬ ਲਈ ਕਿਉਂ ਵਰਤੇ ਜਾਂਦੇ ਨੇ।" ਮੇਰਾ ਖਿਆਲ ਸੀ ਹੁਣ ਉਹ ਖਹਿਬੜ ਪਵੇਗਾ। ਏਸ ਗੱਲ ਤੋਂ ਬਹਿਸ ਅੱਗੇ ਟੁਰ ਪਵੇਗੀ। ਹੋਣਾ ਵੀ ਚਾਹੀਦਾ ਸੀ। ਵਿਰੋਧਾਂ ਦੀ ਗੱਲ ਉੱਤੇ ਦੁਨੀਆਂ ਵਿਚ ਚੰਗੇ ਖਾਸੇ ਫਲਸਫੇ ਬਣ ਚੁੱਕੇ ਨੇ। ਵੇਖੋ ਨਾ, ਸਿਆਹੀ ਤੇ ਰੁਸ਼ਨਾਈ ਚੰਗੇ ਖਾਸੇ ਲੜਦੇ ਭਿੜਦੇ ਲਫ਼ਜ਼ ਨੇ, ਨਹੀਂ? ਪਰ ਦੂਜਾ ਕਿਸੇ ਬਹਿਸ ਦੇ ਮੂਡ ਵਿਚ ਨਹੀਂ ਸੀ। ਉਹਨੇ ਇਹ ਕਹਿ ਕੇ ਗੱਲ ਚਾ ਮੁਕਾਈ। "ਲਫ਼ਜ਼ਾਂ ਦੇ ਹਜ਼ਾਰਾਂ ਵਿਰੋਧ ਦੁਨੀਆਂ ਵਿਚ ਤਸਲੀਮ (ਪ੍ਰਵਾਨ) ਕੀਤੇ ਜਾ ਚੁੱਕੇ ਨੇ।"

"ਹੂੰ! ਕਿਰਦਾਰਾਂ ਦੇ ਵਿਰੋਧ ਵੀ ਏਸ ਤਰ੍ਹਾਂ" ਮੈਂ ਬੁਰਕੀ ਤੋੜ ਕੇ ਉਹਦੇ ਹੱਥ ਫੜਾਈ। ਉਹਨੇ ਹੂੰਅ ਕਹਿ ਕੇ ਪਰ੍ਹਾਂ ਕਰ ਛੱਡੀ। ਮੈਂ ਵੀ ਬਰਫ਼ ਨੂੰ ਅੱਗ ਲਾਵਣ ਲਈ ਤੀਲੀਆਂ ਫੂਕਦਾ ਰਿਹਾ। ਵਿਰੋਧ ਹੀ ਸੋਚਾਂ ਦੀ ਬੁਨਿਆਦ ਏ। ਬਥੇਰੇ ਫਲਸਫੇ, ਫ਼ਿਲਾਸਫਰ ਏਸ ਬੁਨਿਆਦ ਉੱਤੇ ਅੱਜ ਵੀ ਖਲੋਤੇ ਨੇ। ਉਹੋ, ਪਰ ਹੁਣ ਹੋਰ ਭਗਤ ਕਬੀਰ ਨਹੀਂ ਜੰਮ ਸਕਦੇ। ਨਾ ਗੌਤਮ ਬੁੱਧ, ਨਾ ਗਾਂਧੀ, ਕਾਰਲ ਮਾਰਕਸ। ਮੈਂ ਉਹਦੀ ਗੱਲ ਲੰਮੀ ਕਰਨ ਲਈ ਜੋੜ ਲਿਆ।

ਮੈਂ ਏਧਰ ਆਪਣੇ ਪਾਸੇ ਦੀ ਗੱਲ ਕਰਦਾ ਹਾਂ। ਪੂਰਬ......ਤੀਸਰਾ ਜਗਤ? ਤਾਂ ਫੇਰ ਮਾਉਜ਼ੇਤੁੰਗ ਨੂੰ ਲੈ ਸਕਦੇ ਆਂ। ਉਹਨੇ ਰਤਾ ਕੁ ਸਿਰ ਹਲੂਣਿਆਂ। ਫੇਰ ਆਖਣ ਲੱਗਾ, "ਕੁਝ ਨਹੀਂ ਬਚਿਆ। ਇਹ ਦੁਨੀਆਂ ਦੇ ਵੱਡੇ ਤੇ ਪੁਰਾਣੇ ਜਿੰਨੇ ਵੀ ਸੀ, ਇਹ ਕਰਨ ਵਾਲੀਆਂ ਸਾਰੀਆਂ ਗੱਲਾਂ ਕਰਕੇ ਗਏ ਨੇ। ਗਏ ਵੀ ਕਿੱਥੇ? ਹੁਣ ਤਾਈਂ ਏਥੇ ਸਾਡੇ ਸਿਰ ਚੜ੍ਹੇ ਹੋਏ ਨੇ। ਬੰਦੇ ਦੀ ਸੋਚ ਵਿਚ, ਸ਼ੈਤਾਨ ਦੇ ਖਿਆਲ ਵਿਚ, ਜਿੱਥੇ ਕਿਧਰੇ ਸੁਣੋ ਇਹਨਾਂ ਦੀ ਗੱਲ ਹੁੰਦੀ ਰਹਿੰਦੀ ਏ। ਓਹੋ ਕੁਲੀਏ' ਫਾਰਮੂਲਾ ਸੋਚਾਂ ਦਫਾ ਕਰੋ।

ਇਹ ਤਾਂ ਤੇਰੀ ਆਪਣੀ ਚੋਣ ਏ। ਤੂੰ ਆਪਣੇ ਲਈ ਇਕੋ ਰੀਕਾਰਡ ਭਰ ਕੇ ਰੱਖ ਲਿਆ ਹੋਇਆ ਏ। ਉਹ ਕੁਝ ਸੁਣਦਾ ਰਹੇਂਗਾ ਤਾਂ ਨਵੀਂ ਗੱਲ ਕਿੱਥੋਂ ਪਤਾ ਲੱਗਣੀ ਏਂ। ਮੈਂ ਆਪਣੇ ਵੱਲੋਂ ਉਹਨੂੰ ਛੇੜਿਆ ਸੀ, ਪਰ ਉਹਨੇ ਮੇਰੀ ਗੱਲ ਜਿਵੇਂ ਚਿਮਟੇ ਨਾਲ ਫੜ ਕੇ ਪਰ੍ਹਾਂ ਝਟਕ ਦਿੱਤੀ। ਕਹਿਣ ਲੱਗਾ, "ਚਾਇਸ (Choice My Foot) ਏਥੇ ਹੈ ਕੀ? ਢੰਗ ਦਾ ਇਕ ਮੌਸਮ ਵੀ ਨਹੀਂ, ਖੁਸ਼ੀ ਦਾ ਇਕ ਲਫ਼ਜ਼ ਵੀ ਨਹੀਂ।" ਉਹਦੇ ਲਹਿਜੇ ਵਿਚ ਖ਼ਾਸਾ ਜਿਹਾ ਇਹਤਜਾਜ

ਮੈਨੂੰ ਚੰਗਾ ਲੱਗਾ। ਉਹ ਆਪਣੀ ਬੱਕਰੀ ਵਾਲੀ 'ਮੈਂ, ਮੈਂ' ਛੱਡ ਕੇ ਜਮਾਂ ਦੇ ਸਫ਼ੇ ਵਿਚ ਗੱਲ ਕਰ ਰਿਹਾ ਸੀ। ਕੁਝ ਕੁਝ ਉਖੜਿਆ, ਨਿਖੜਿਆ ਵੀ ਹੈ ਸੀ। ਨਹੀਂ ਤਾਂ Smug ਜਹੀ ਸ਼ਕਲ ਬਣਾ ਕੇ ਜਦੋਂ ਕਹਿੰਦਾ ਸੀ, ਉਹ ਵੀ ਉਰਦੂ ਵਿਚ, "ਮੈਂ ਜ਼ਿੰਦਗੀ ਸੇ ਬਿਲਕੁਲ ਮੁਤਮਈਅਨ (ਸੰਤੁਸ਼ਟ) ਹੂੰ, ਇਸ ਲੀਏ ਕਿ ਮੈਂ ਸਿਰਫ ਆਪਨੇ ਲੀਏ ਸੋਚਦਾ ਹੂੰ, ਔਰ ਆਪਨੀ ਆਖ਼ਰਤ ਕੇ ਲੀਏ।"

"ਬੱਕਰੀ ਵੀ ਕੁਝ ਇਸੀ ਤਰ੍ਹਾਂ ਸੋਚਤੀ ਹੈ, ਜੁਗਾਲੀ ਕਰਤੇ ਹੁਏ ਉਸ ਕਾ ਚਿਹਰਾ ਭੀ ਇਸੀ ਤਰ੍ਹਾਂ ਖਾਲੀ ਹੋਤਾ ਹੈ।"

ਉਹਨੂੰ ਸਾੜਨ ਵਾਸਤੇ ਮੈਂ ਨਹਿਲਾ ਤੇ ਦਹਿਲਾ ਮਾਰਦਾ ਤਾਂ ਉਹਨੂੰ ਸੱਚੀਂ-ਮੁੱਚੀਂ ਅੱਗ ਲੱਗ ਜਾਂਦੀ। ਉਹ ਮੇਰੀ ਤੇ ਮੇਰੇ ਵਰਗੀ ਸੋਚ ਵਾਲੇ ਸਾਰੇ ਲੋਕਾਂ ਲਈ ਇਜ਼ਤਮਈ ਬੇਇਜ਼ਤੀ ਕਰਦਾ, "ਤੁਸੀਂ ਸਾਰੇ ਸੁਰਖੇ ਦੁਨੀਆਂ ਦੇ ਮਾਮੇ ਲੱਗਦੇ ਓ। ਜੋ ਕੁਝ ਵੀ ਰੋਂਦੇ ਗਾਉਂਦੇ ਓ, ਤੁਹਾਡੀ ਆਪਣੀ ਫਰਸਟੇਸ਼ਨ ਤੋਂ ਵੱਖ ਕੁਝ ਵੀ ਨਹੀਂ। ਨਵੇਂ ਦੌਰ ਦੇ ਇਤਿਹਾਸਕਾਰ ਬਿਲਕੁਲ ਬੋਗਸ (ਜਾਹਲੀ)।" ਅਜੇਹੇ ਮੌਕੇ ਤੇ ਉਹਨੂੰ ਬਰੇਕ ਲਾਉਣਾ ਮੁਸ਼ਕਿਲ ਹੋ ਜਾਂਦਾ। ਮੈਨੂੰ ਉਹਦੀ ਬਕਵਾਸ ਤੋਂ ਬਦਬੂ ਆਉਂਦੀ। ਖੁਦ-ਗਰਜ਼ੀ ਤੇ ਜਹਾਲਤ ਦੀ ਰਲੀ-ਮਿਲੀ ਬਦਬੂ ਨਾਲ ਮੇਰਾ ਦਿਮਾਗ਼ ਖ਼ਰਾਬ ਹੋਣ ਲੱਗਦਾ। ਉੱਠ ਕੇ ਪਰ੍ਹਾਂ ਹੋ ਜਾਂਦਾ। ਉਹਨੂੰ ਵਿਖਾ ਕੇ, ਸਗੋਂ ਦੱਸ ਕੇ, ਮੈਂ ਆਪਣੇ ਨੱਕ ਤੇ ਰੁਮਾਲ ਲੈਂਦਾ। ਉਹਦੇ ਵਰਗੇ ਸਾਰੇ ਬਦੀਦਾਂ ਕੋਲੋਂ ਦੁਨੀਆਂ ਖ਼ਾਲੀ ਕਰਾਉਣ ਨੂੰ ਜੀ ਕਰਦਾ।

ਪਰ ਇਹ ਗੱਲਾਂ ਤਾਂ ਓਸ ਵੇਲੇ ਦੀਆਂ ਹਨ, ਜਦੋਂ ਜ਼ਿੰਦਗੀ ਦੇ ਮਾਹੌਲ ਵਿਚ ਹਰਿਆਲੀ ਵਾਫਰ ਹੁੰਦੀ ਸੀ। ਰਾਵੀ ਵਿਚ ਪਾਣੀ ਦੀ ਘਾਟ ਨਹੀਂ ਸੀ। ਸੱਧਰਾਂ ਨੱਚ-ਨੱਚ ਕੇ ਰੱਤੜੇ ਫੁੱਲਾਂ ਦੀ ਮੰਗ ਕਰਦੀਆਂ ਰਹਿੰਦੀਆਂ। ਅਸੀਂ ਕਿਤਾਬਾਂ ਪੜ੍ਹਦੇ, ਬਹਿਸਾਂ ਕਰਦੇ ਥੱਕਦੇ ਨਹੀਂ ਸਾਂ। ਹੁਣ ਕੀਹ ਹੈ? ਇਕ ਬੰਜਰ ਜੇਹਾ ਵਾਤਾਵਰਨ। ਸ਼ਹਿਰ ਦੇ ਸਾਰੇ ਮੌਸਮ ਛੁੱਟੀ ਕਰ ਗਏ। ਅਸੀਂ ਦੋਵੇਂ ਆਪਣੇ ਆਪਣੇ ਅੰਦਰ ਦੀ ਵੇਸਟ ਲੈਂਡ (Waste Land) ਉਜਾੜ ਕੋਲੋਂ ਡਰੇ ਹੋਏ, ਖੌਰੇ ਅੱਕੇ ਹੋਏ, ਕਿਤੇ ਪਾਣੀ, ਹਰਿਆਲੀ ਲੱਭਦੇ ਏਡੀ ਦੂਰ ਆ ਗਏ। ਹੋਰ ਅੱਗੇ ਜਾਣਾ ਵੀ ਕਿੱਥੇ? ਸ਼ਹਿਰ ਖੇਤਾਂ ਨੂੰ ਖਾ ਗਿਆ। ਬਦਸੂਰਤ ਜਹੀਆਂ ਮਿਡਲ ਕਲਾਸ ਕੋਠੀਆਂ, ਕੋਝੇ ਪਲਾਜ਼ੇ, ਪਾਣੀ ਤਾਂ ਬਸ ਨਾਲੀਆਂ ਵਿਚ ਈ ਰਹਿ ਗਿਆ ਏ। ਸਾਰੇ ਇਲਾਕੇ ਵਿਚ ਇਹ ਇਕੱਲਾ ਬੋਹੜ, ਜਿਹਦੀ ਛਾਵੇਂ ਅਸੀਂ ਦੋਵੇਂ ਪਨਾਹਗੀਰ ਹੋਏ ਬੈਠੇ ਸੀ। ਅਸੀਂ ਦੋਵੇਂ ਇਕ ਦੂਸਰੇ ਦੇ ਦੁਸ਼ਮਣ।

ਉਸੇ ਵੇਲੇ ਮੈਨੂੰ ਆਪਣੇ ਤੀਸਰੇ ਦਾ ਖਿਆਲ ਆਇਆ। ਉਹ ਮੇਰੇ ਵਰਗਾ ਨਹੀਂ ਸੀ, ਪਰ ਕਿਸੇ ਵੀ ਗੱਲ ਤੇ ਉਹਦੀ ਚੁੱਪ ਤੇ ਮੇਰੀ ਆਵਾਜ਼ ਦਾ ਇਕੋ ਮਤਲਬ ਨਿਕਲਦਾ ਸੀ, ਬੜੀ ਮੁਸ਼ਕਿਲ ਸੀ। ਅਸੀਂ ਦੋਵੇਂ ਰਹਿ ਗਏ ਆਂ। ਸਾਡਾ ਤੀਸਰਾ ਖੌਰੇ ਕੋਈ ਰਸਤਾ ਵੀ ਲੱਭ ਜਾਂਦਾ। ਉਹੋ ਜਾਣਦਾ ਮੀ। ਲਫ਼ਜ਼ਾਂ ਤੋਂ ਅੱਗੇ ਜਾ ਕੇ ਦੋਵੇਂ ਵੱਖ-ਵੱਖ ਰਾਹ ਤੇ ਟੁਰਦੇ ਇਕ ਥਾਂ ਤੇ ਕਿਵੇਂ ਆ ਬੈਠੇ। ਇਕ ਵਾਰ ਮੇਰਾ ਦਿਲ ਪਛਤਾਵਣ ਲੱਗ ਪਿਆ। ਉਹਦੀ ਕਦਰ ਨਾ ਜਾਣੀ। ਅਸੀਂ ਦੋਵੇਂ ਆਪਣੀ ਥਾਂ ਉਹਦੇ ਖਿਲਾਫ਼ ਬੋਲਦੇ ਸਾਂ। ਆਪਣੇ ਆਪਣੇ ਪਿਆਲੇ ਦੇ ਸ਼ਰਬਤ ਪੀ ਕੇ ਉਹਦੇ ਲਈ ਜ਼ਹਿਰ ਮਹੁਰਾ ਘੋਲਦੇ ਰਹਿੰਦੇ। ਫੇਰ ਜਦੋਂ ਉਹ ਛੱਡ ਕੇ ਚਲਾ ਗਿਆ ਤਾਂ ਰੋਣ ਵਾਲਾ ਮੂੰਹ ਵੀ ਬਣਾਇਆ। ਲੋਕਾਂ ਵੱਲ ਵੇਖ ਕੇ ਸਾਨੂੰ ਇੰਝ ਕਰਨਾ ਪਿਆ ਸੀ। ਲੋਕਾਂ ਦੇ

ਕਹਿਣ ਮੁਜਬ ਉਹ ਆਦਮ-ਜ਼ਾਦ ਸੀਗਾ। ਅਸੀਂ ਦੋਵੇਂ ਤਾਂ ਜ਼ਹਿਰ ਥੁੱਕਣ ਵਾਲੇ ਕੀੜੇ ਸਾਂ। ਕੀ ਸੱਚੀਂ-ਸੁੱਚੀਂ ਅਸੀਂ ਦੋਵੇਂ ਇਕ ਸੱਪ ਦੇ ਦੋ ਮੂੰਹ ਹਾਂ ? ਦੋ-ਮੂੰਹਾਂ ਸੱਪ ਖੌਰੇ ਕਿੱਥੇ ਕਿੱਥੇ ਫਿਰਦਾ ਪਿਆ ਏ। ਖ਼ਤਰਨਾਕ ! ਕੋਈ ਇਕ ਪਾਸਿਓਂ ਮਾਰੇ ਤਾਂ ਦੂਜੇ ਪਾਸਿਓਂ ਡੱਸ ਲੈਂਦਾ ਏ। ਖ਼ਤਰਨਾਕ ਖਿਆਲ ਮੇਰੇ ਅੰਦਰ ਸੱਪ ਵਾਂਗ ਫਿਰਨ ਲੱਗ ਪਿਆ। ਨਿਰਾ ਡਰ ਨਹੀਂ ਕੁਝ ਹੋਰ ਵੀ। ਕਿਸੇ ਜੁਰਮ ਦਾ ਕੰਡਾ, ਕਿਸੇ ਇਲਜ਼ਾਮ ਦੀ ਤਿੱਖੀ ਸੂਲ ਜੇਹੀ ਚੁਭੀ ਤਾਂ, ਸੀ ਕਰ ਕੇ ਉਹਦੇ ਵੱਲ ਵੇਖਿਆ। ਇਕ ਨਿਢਾਲ ਗੰਡੋਆ ਜਿਹਾ ਅੱਖਾਂ ਬੰਦ ਕਰੀ, ਮੂੰਹ ਲਟਕਾਈ ਪਿਆ ਹੋਇਆ ਸੀ। ਕਿੱਥੇ ਗਈਆਂ ਤੇਰੀਆਂ ਬੜ੍ਹਕਾਂ ? ਕੋਈ ਹੋਰ ਵੇਲਾ ਹੁੰਦਾ ਤਾਂ ਮੈਂ ਉੱਚੀ-ਉੱਚੀ ਹੱਸਦਾ। ਅੱਜ ਤਾਂ ਮੇਰੀਆਂ ਕਈ ਤਾਕਤਾਂ ਇਕੋ ਵਾਰੀ ਘਟ ਗਈਆਂ ਸੀ। ਵੇਲਾ ਮੈਨੂੰ ਜਲ ਦੇ ਗਿਆ। ਆਹੋ ਮੈਨੂੰ। ਦੂਜਾ ਤਾਂ ਵੇਲੇ ਨੂੰ ਮੰਨਦਾ ਹੀ ਨਹੀਂ। ਏਸੇ ਕਰ ਕੇ ਵੇਲੇ ਨੂੰ ਤੁਹਮਤ ਵੀ ਨਹੀਂ ਲਾਉਂਦਾ। ਧਰਮ ਦਾ ਠੁੰਮ੍ਹਣਾ ਲਾ ਕੇ ਬਚਦਾ ਕੋਈ ਵੀ ਨਹੀਂ।......

ਉਸੇ ਪਲ ਜਦੋਂ ਮੈਂ ਵੇਲੇ ਨੂੰ ਤੁਹਮਤ ਲਾ ਰਿਹਾ ਸਾਂ, ਦੂਜੇ ਨੇ ਅੱਖ ਖੋਲ੍ਹ ਕੇ ਮੇਰੇ ਵੱਲ ਵੇਖਿਆ। ਉਹਦੀ ਅੱਖ ਖਾਲੀ ਸੀ। ਫੇਰ ਉਹਨੇ ਇਕ ਗੱਲ ਕੀਤੀ—ਆਮ ਜੇਹੀ ਗੱਲ......

"ਕਹਿੰਦੇ ਨੇ ਐਥੇ ਇਕ ਦਰਿਆ ਹੋਂਦਾ ਸੀ। ਔਰਤ ਵਰਗਾ ਸੀ ਉਹ। ਮੇਰਾ ਮਤਲਬ ਏ ਉਹਦਾ ਨਾਂ ਔਰਤ ਵਰਗਾ ਸੀ।"

"ਕਿਤੇ ਰਾਵੀ ਦੀ ਗੱਲ ਤਾਂ ਨਹੀਂ ਕਰਦਾ।"

"ਹਾਂ ਰਾਵੀ ਨਾਂ ਸੀ।"

"ਰਾਵੀ ਦਰਿਆ ਤਾਂ ਸੁੱਕ ਗਿਆ ਹੋਇਆ ਏ। ਹੁਣ ਉਹਦੇ ਵਹਿਣ ਵਿਚ, ਰੇਤ ਉੱਡਦੀ ਏ। ਕੰਢੇ ਤੇ ਕਾਨੇ ਹੋਂਦੇ ਨੇ।" ਮੇਰਾ ਖਿਆਲ ਸੀ ਏਸ ਗੱਲ ਨਾਲ ਉਹਨੂੰ ਅਫ਼ਸੋਸ ਹੋਵੇਗਾ, ਪਰ ਨਹੀਂ, ਉਹਨੇ ਗੱਲ ਨੂੰ ਦੂਜੇ ਪਾਸੇ ਪਾ ਦਿੱਤਾ। ਆਖਣ ਲੱਗਾ।

"ਯਾਰ ! ਇਹ ਦਰਿਆਵਾਂ ਦੇ ਨਾਂ ਜ਼ਨਾਨੀਆਂ ਵਰਗੇ ਕਿਉਂ ਹੁੰਦੇ ਨੇ ?"

"ਕਿਉਂ ਜੇ ਜ਼ਨਾਨੀਆਂ ਈ ਦਰਿਆ ਹੁੰਦੀਆਂ ਨੇਂ', ਮੈਂ ਜਵਾਬ ਦਿੱਤਾ। ਕੋਈ ਹੋਰ ਵੇਲਾ ਹੁੰਦਾ ਤਾਂ ਉਹ ਏਸੇ ਗੱਲ ਤੇ ਮੇਰੀ ਗਰਦਨ ਨੱਪ ਲੈਂਦਾ। ਫਤਵਾ ਲਾਉਂਦਾ। ਕਿਆ ਗੈਰ-ਮੁਸਲਮਾਨਾਂ ਵਾਲਾ ਖਿਆਲ ਹੈ। ਪੱਛਮੀ-ਭਗਤ ਕਿਸੇ ਥਾਂ ਦਾ।" ਮੈਂ ਵੀ ਚੁੱਪ ਕਿੱਥੇ ਰਹਿੰਦਾ, ਆਪਣੀ ਹਲਕੀ ਭਾਰੀ ਦਲੀਲ ਲਾ ਕੇ ਉਹਨੂੰ ਲਾ-ਜਵਾਬ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ। ਆਪਣੀ ਗੱਲ ਤਾਂ ਜ਼ਰੂਰ ਕਹਿੰਦਾ, "ਭਾਈ ਮੀਆਂ ! ਏਥੇ ਦਰਿਆਵਾਂ ਦੇ ਨਾਂ ਤੇਰੇ ਕੋਲੋਂ ਪੁੱਛ ਕੇ ਨਹੀਂ, ਸਗੋਂ ਤੇਰੇ ਵੱਡੇ-ਵਡੇਰਿਆਂ ਦੇ ਪੈਦਾ ਹੋਣ ਤੋਂ ਬਹੁਤ ਪਹਿਲਾਂ ਰੱਖੇ ਗਏ ਸੀ। ਹਜ਼ਾਰਾਂ ਸਾਲ ਪਹਿਲਾਂ ਏਥੇ ਮਹਾਜਰ ਨਹੀਂ, ਮਾਲਕ ਰਹਿੰਦੇ ਸੀ। ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਸੀ। ਦਰਿਆਵਾਂ ਦੇ ਨਾਂ ਰੱਖਣਾ, ਧਰਤੀ ਵਾਲਿਆਂ ਦਾ ਕੰਮ ਹੁੰਦਾ। ਕਸਬੇ ਵਾਲਿਆਂ ਦਾ ਨਹੀਂ। ਇਹ ਤਾਂ ਬਦਲੇ ਨਹੀਂ ਜਾਂਦੇ ਹੁੰਦੇ, ਪਰ ਤੁਹਾਡਾ ਕੀ ਹੈ ? ਸਾਰੇ ਨਾਂ ਆਪਣੇ ਨਾਂ ਦੇ ਨਾਲ ਵਟਾਉਂਦੇ ਜਾਂਦੇ ਓ। (ਉਹ ਨਾਂ ਇਸਲਾਮ ਸ਼ਾਹ ਸੀ) ਮੈਂ ਉਹਨੂੰ ਚੋਟ ਕਰਨਾ ਚਾਹੁੰਦਾ ਸੀ। ਜਿਵੇਂ ਕਰਿਸ਼ਨ ਨਗਰ ਨੂੰ ਇਸਲਾਮ ਪੁਰਾ ਤੇ ਸਾਧੂ ਰਾਮ ਸਟਰੀਟ ਨੂੰ 'ਮੁਸਲਮ ਸਟਰੀਟ ਬਣਾ ਦਿੱਤਾ ਗਿਆ ਸੀ।

ਏਸੇ ਤਰ੍ਹਾਂ ਕਿਸੇ ਦਿਨ ਰਾਵੀ ਦਰਿਆ ਉੱਤੇ ਕਿਸੇ ਸ਼ਾਹ ਜੀ ਦਾ ਬੋਰਡ ਲੱਗ ਜਾਊ......।

ਪਰ ਮੈਂ ਉਹਨੂੰ ਕੀ ਕਹਿੰਦਾ ? ਉਹ ਤਾਂ ਅੱਧੀ ਗੱਲ ਸੁਣ ਕੇ ਈ ਚੁੱਪ ਵੱਟ ਗਿਆ ਸੀ। ਫੇਰ ਵੀ ਮੈਂ ਕੋਸ਼ਿਸ਼ ਕੀਤੀ ਉਹਦੀ ਚੁੱਪ ਦਾ ਤਾਲਾ ਤੋੜਨ ਦੀ। ਪੁੱਛਿਆ, "ਤੂੰ ਕੁਝ ਕਹਿ ਰਿਹਾ ਸੀ ਦਰਿਆ ਬਾਰੇ।"

"ਹਾਂ ਰਾਵੀ ਦਰਿਆ ਦੀ ਗੱਲ ਸੀ। ਪੰਜਾਂ ਵਿਚੋਂ ਤੀਜਾ ! ਵਿਚਕਾਰ ਦੀ ਉਂਗਲੀ ਵਰਗਾ (ਉਹਨੇ ਆਪਣਾ ਹੱਥ ਅੱਗੇ ਕੀਤਾ) ਦੋਹਵਾਂ ਪਾਸਿਆਂ ਤੋਂ ਜੁੜਿਆ ਹੋਇਆ। ਬਿਲਕੁਲ ਸੈਂਟਰਲ। ਦੋਵੇਂ ਪਾਸੇ ਦੁਆਬੇ ਬਣਾਉਂਦਾ ਏ। ਪੂਰਬ ਪੱਛਮ—ਪਰ ਹੁਣ ਕੀ ਬਣਾ ਸਕਦਾ। ਤੂੰ ਆਖਿਆ, ਉਹ ਸੁੱਕ ਗਿਆ। ਉਹਦੇ ਅੰਦਰ ਪਾਣੀ ਦੀਆਂ ਛੱਲਾਂ ਦੀ ਥਾਂ ਰੇਤੇ ਦੀਆਂ ਲਹਿਰਾਂ ਨੇ...... ਸਰਾਬ। ਹਾਂ ਏਸੇ ਤਰ੍ਹਾਂ ਦੀ ਵਾਪਰੀ ਏ। ਸਾਡੇ ਅੰਦਰੋਂ ਜੀਵਨ ਪਾਣੀ ਸੁੱਕ ਗਿਆ ਏ।" ਮੈਂ ਚਾਹੁੰਦਾ ਸਾਂ ਉਹ ਆਪਣੀ ਗੱਲ ਲੰਮੀ ਕਰੇ। ਉਹ ਆਪਣੇ ਮੂੰਹੋਂ ਕਹੇ, "ਸੱਚੀਂ ਅੜਿਆ। ਜੇ ਰਾਵੀ ਦਾ ਪਾਣੀ ਸੁੱਕ ਨਾ ਜਾਂਦਾ ਤਾਂ ਸਾਰੇ ਮੌਸਮ ਵਾਰੀ ਵਾਰੀ ਆਉਂਦੇ ਜਾਂਦੇ। ਗਰਮੀ, ਸਰਦੀ, ਬਸੰਤ, ਬਹਾਰ। ਹੁਣ ਕੀ ਏ (Waste-land) ਵੇਸਟ ਲੈਂਡ। ਕਿਤੇ ਏਸ ਤਰ੍ਹਾਂ ਨਾ ਹੁੰਦਾ ਤਾਂ ਅੱਜ ਅਸੀਂ ਮੌਸਮ ਦੀ ਗੱਲ ਕਰ ਸਕਦੇ ਸੀ। ਹੁਣ ਏਸ ਸੁੱਕੀ ਦੁਪਹਿਰੇ ਬੰਦਾ ਕੀ ਕਰੇ ?......

"ਆਹੋ ਕੀ ਕਰੇ, ਜਦੋਂ ਕਰਨ ਜੋਗਾ ਹੋਵੇ ਕੁਝ ਨਾ" ਉਹਨੇ ਹੁੰਗਾਰਾ ਭਰਿਆ।

ਤੈਨੂੰ ਯਾਦ ਏ, ਤੇਰੀ ਬਾਦਸ਼ਾਹੀ ਦਾ ਜ਼ਮਾਨਾ ਜਦੋਂ ਤੇਰੇ ਲਸ਼ਕਰੀ ਰਾਵੀ ਦੇ ਸੁਥਰੇ ਪਾਣੀਆਂ ਵਿਚ ਬਰੂਦ ਸੁੱਟ ਕੇ ਅੱਗ ਲਾਉਂਦੇ ਸੀ। ਤੇਰਾ ਵੀ ਕੁਝ ਹਿੱਸਾ ਤਾਂ ਜ਼ਰੂਰ ਏ। ਏਸ ਵੇਸਟ ਲੈਂਡ (Waste-land) ਦੀ ਤਾਮੀਰ (ਉਸਾਰੀ) ਵਿਚ। ਕੀ ਨਹੀਂ ? ਮਜ਼ਾਕ ਵਾਲੀ ਗੱਲ ਵੀ ਉਹਨੂੰ ਸਮਝ ਨਾ ਲੱਗੀ ਖੌਰੇ। ਆਪਣਾ ਮੂੰਹ ਨੀਵਾਂ ਕਰਕੇ ਟੀਰੀ ਜਿਹੀ ਅੱਖ ਨਾਲ ਇਕ ਵਾਰੀ ਫੇਰ ਅਸਮਾਨ ਵੱਲ ਵੇਖਣ ਦੀ ਕੋਸ਼ਿਸ਼ ਕੀਤੀ। ਕੇਡਾ ਮੁਸ਼ਕਿਲ ਕੰਮ ਏ। ਉੱਪਰ ਨੂੰ ਵ... ਬਗੈਰ ਅਸਮਾਨ ਵੱਲ ਵੇਖਣਾ। ਵੇਖਣ ਨੂੰ ਹੈ ਵੀ ਕੀ ? ਉੱਪਰ ਵੀ ਤਾਂ ਗਰਦ ਈ ਗਰਦ ਏ।

ਸ਼ੁਕਰ ਏ ਸ਼ੁਕਰ ਏ। ਨੇਚਰ (Nature) ਦੀ ਗੱਲ ਸੁਣ ਕੇ ਮੇਰੇ ਦਿਲ ਨੇ ਸ਼ੁਕਰ ਕੀਤਾ ਉਹ ਘੁੱਗੀ ਦੀ ਆਵਾਜ਼ ਸੀ। ਕਿਤੇ ਉਪਰਲੇ ਟਾਹਣ ਤੇ ਬੈਠੀ ਸਿਖਰ ਦੁਪਹਿਰੇ ਬੋਲੀ, ਯੂਸਫ ਖੂਹ ! ਯੂਸਫ ਖੂਹ ! ਮੇਰੇ ਦਿਲ ਨੂੰ ਹੌਲ ਜਿਹਾ ਪਿਆ, ਯੂਸਫ ਖੂਹ, ਯੂਸਫ ਖੂਹ।" ਘੁਗੀ ਦੀ ਆਵਾਜ਼ ਦਰਦ ਨਾਲ ਭਰੀ ਹੋਈ ਸੀ। ਪਾਗ਼ਲ ਪੰਛੀ। ਕਾਹਦੇ ਲਈ ? ਸਦੀਆਂ ਲੰਘੀਆਂ ਤੋਂ ਯੂਸਫ ਖੂਹ ਦਾ ਕਿੱਸਾ ਨਹੀਂ ਛੱਡਦੀ। ਤੇਰਾ ਆਪਣਾ ਗੀਤ......ਲੱਕ ਟੁਣੂ ਟੁਣੂ......ਟਾਹਲੀ ਮੇਰੇ ਬੱਚੜੇ......ਭੁੱਖੇ ਤਿਹਾਏ। ਲੱਕ ਟੁਣੂ ਟੁਣੂ। ਮੇਰਾ ਜੀ ਕੀਤਾ ਮੈਂ ਕਿਸੇ ਜੋਗੀ ਮਲੰਗ ਵਾਂਗ ਚਿਮਟਾ ਵਜਾ ਕੇ ਗਾਵਾਂ। ਗਾਈ ਜਾਵਾਂ, ਲੱਕ ਟੁਣੂ, ਲੱਕ ਟੁਣੂ......ਐਨੇ ਵਿਚ ਮੈਂ ਦੂਜੇ ਦੀ ਆਵਾਜ਼ ਸੁਣੀ, "ਇਹ ਘੁੱਗੀ ਦੁਪਹਿਰੇ ਬੋਲਦੀ ਏ।" ਹੁਣ ਪਤਾ ਨਹੀਂ ਉਹਨੇ ਮੈਨੂੰ ਪੁੱਛੀ ਸੀ ਜਾਂ ਦੱਸੀ। ਮੈਂ ਤਾਂ ਆਪ ਚਾਹੁੰਦਾ ਸੀ ਕੋਈ ਪੁੱਛੇ, "ਦੱਸ ਨੀ ਘੁੱਗੀਏ ਨਿਮਾਣੀਏ ਤੂੰ ਕਾਹਨੂੰ ਯੂਸਫ ਯੂਸਫ ਕਰਦੀ ਏਂ ? ਚੁੱਪ ਕਰ ਜਾ। ਹੁਣ ਮੇਰਾ ਦਿਲ ਡੋਲਦਾ ਏ। ਸਮਝ ਲੈ ਭੋਲੀਏ। ਇਨਸਾਨ ਦੀ ਸਿਆਸਤ ਵਿਚ ਇੰਝ ਹੁੰਦਾ ਰਹਿੰਦਾ ਏ। ਕਦੇ ਤਖਤ, ਕਦੇ ਤਖਤਾ। ਕਦੇ ਜ਼ਿੰਦਗੀ ਦੇ ਮਹਿਲ ਮੁਨਾਰੇ, ਕਦੇ ਮੌਤ ਦੇ ਖੂਹ—

"ਕੀ ਗੱਲ ਏ ਹੁਣ ਤੂੰ ਘੁੱਗੀਆਂ ਦੇ ਖ਼ਿਲਾਫ ਹੋ ਗਿਆ ਏਂ ?" ਉਹ ਹੌਲੀ ਜਹੀ ਬੋਲਿਆ।

ਏਨੇ ਵਿਚ ਮੇਰੇ ਦੂਸਰੇ ਨੇ ਕੁੱਤੇ ਵਰਗੀ ਆਵਾਜ਼ ਕੱਢ ਕੇ ਲੰਮੀ ਜਹੀ ਉਬਾਲੀ ਲਈ। ਫੇਰ ਦੂਸਰੀ ਤੀਸਰੀ ਵਾਰੀ ਇੰਝ ਕੀਤਾ। ਨੀਂਦਰ ਨਾਲ ਤੇਰਾ ਬੁਰਾ ਹਾਲ ਏ। ਜਾ ਸੌਂ ਜਾ ਕੇ। ਮੇਰੀ ਏਨੀ ਜਹੀ ਗੱਲ ਤੋਂ ਉਹ ਖਿਝ ਗਿਆ ਤੇ ਆਖਣ ਲੱਗਾ, "ਜੇ ਬੰਦੇ ਕੋਲ ਬਹੁਤੀ ਅਕਲ ਨਾ ਹੋਵੇ ਤਾਂ ਉਹਨੂੰ ਜ਼ਾਇਆ ਬਿਲਕੁਲ ਨਹੀਂ ਕਰਨੀ ਚਾਹੀਦੀ। ਕੀ ਮਤਲਬ ਏ ਤੇਰਾ?"

"ਮਤਲਬ ਸਿਰਫ ਏਨਾ ਏ ਪਈ ਉਬਾਸੀਆਂ ਦਾ ਨੀਂਦਰ ਨਾਲ ਵਾਸਤਾ ਕੋਈ ਨਹੀਂ ਹੁੰਦਾ। ਬੰਦਾ ਉਬਾਸੀ ਓਸ ਵੇਲੇ ਲੈਂਦਾ ਏ ਜਦੋਂ ਉਹਦੇ ਫੇਫੜੇ ਆਕਸੀਜਨ ਤੋਂ ਖਾਲੀ ਹੋਣ ਲੱਗਦੇ ਨੇ।"

ਅੱਛਾ! ਇਹ ਵੀ ਕਿਸੇ ਗ਼ੈਰ ਮੁਲਕੀ ਹਾਕਮ ਦੀ ਬਣਾਈ ਗੱਲ ਲੱਗਦੀ ਏ। ਮਤਲਬ, ਜਦੋਂ ਕਿਸੇ ਗ਼ੁਲਾਮ ਦੇ ਫੇਫੜਿਆਂ ਵਿਚ ਇਕ ਦਮ ਆਕਸੀਜਨ ਦਾ ਘਾਟਾ ਹੋ ਜਾਵੇ, ਉਹਨੂੰ ਨੀਂਦਰ ਆਉਣ ਲੱਗ ਪੈਂਦੀ ਏ। ਓਸ ਵੇਲੇ ਉਸ ਨੂੰ ਤਾਜ਼ਾ ਹਵਾ ਹਾਸਲ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ ਲੰਮਾ ਪੈ ਕੇ ਸੌਂ ਜਾਣਾ ਚਾਹੀਦਾ ਏ। ਮੇਰੀ ਗੱਲ ਸੁਣ ਕੇ ਦੂਜੇ ਨੇ ਮਾੜਾ ਜਿਹਾ ਸਿਰ ਹਲੂਣਿਆ। ਫੇਰ ਕਿਸੇ ਫਿਲਾਸਫਰ ਵਾਂਗ ਗਹਿਰੀ ਆਵਾਜ਼ ਵਿਚ ਬੋਲਿਆ, "ਇਹ ਵੀ ਇਕ ਸੱਚ ਏ, ਪਰ ਵੇਲਾ ਗੁਜ਼ਰ ਜਾਣ ਤੋਂ ਪਹਿਲਾਂ ਬੋਲਿਆ ਗਿਆ ਸੱਚ। ਦਿਨ-ਰਾਤ ਦੀ ਇਕਾਈ ਵਿਚ 24 ਘੰਟੇ ਹਾਕਮ ਦੇ। ਉਹ ਜ਼ੁਲਮ ਕਰਨ ਜਾਂ ਸਾਜ਼ਿਸ਼, ਪਰ ਜਦੋਂ 25ਵਾਂ ਘੰਟਾ ਸ਼ੁਰੂ ਹੋਵੇ ਤਾਂ ਗ਼ੁਲਾਮ ਆਪੇ ਨੀਂਦਰ-ਮੱਤਾ ਹੋ ਜਾਂਦਾ......।"

25ਵਾਂ ਘੰਟਾ! ਕਦੇ ਕਦੇ ਇਹ ਰੀਐਕਸ਼ਨਰੀ (ਪਿਛਾਖੜੀ) ਵੀ ਪਹੁੰਚੀ ਹੋਈ ਗੱਲ ਕਰ ਜਾਂਦੇ ਹਨ। ਮੈਂ ਸੋਚਿਆ, ਪਰ ਇਹ ਪੰਜੀਵਾਂ ਘੰਟਾ ਹੁੰਦਾ ਕੀ ਹੈ? ਜ਼ਿੰਦਗੀ ਦੇ ਦੂਜੇ ਸਿਰੇ ਤੇ ਖੜਾ ਇਕ ਪਲ।

ਜ਼ਿੰਦਗੀ ਦਾ ਦੂਜਾ ਸਿਰਾ।

ਜ਼ਿੰਦਗੀ ਦਾ ਦੂਜਾ ਸਿਰਾ ਉਹੋ ਹੁੰਦਾ ਏ ਜਿਥੇ ਆ ਕੇ ਆਦਮੀ ਆਪਣੀ ਤਮੰਨਾ ਹਾਰ ਜਾਂਦਾ ਏ। ਜਿੱਥੇ ਆ ਕੇ ਮਿੱਟੀ ਮੁੱਕ ਜਾਂਦੀ ਏ। ਪੈਰਾਂ ਹੇਠ ਰੇਤ ਈ ਰੇਤ ਰਹਿ ਜਾਂਦੀ ਏ। ਮੌਤ ਦਾ ਮੋਰਚਾ ਨਹੀਂ ਲੱਗਦਾ, ਕੋਈ ਨਕਸ਼-ਨਿਗਾਰ ਨਹੀਂ ਬਣ ਸਕਦਾ। ਏਸੇ ਕਰਕੇ ਮੈਂ ਕਹਿੰਦਾ ਵਾਂ ਸਾਨੂੰ ਲੰਮੀ ਨੀਂਦਰ ਸੌਣ ਵਾਸਤੇ ਕੋਈ ਪ੍ਰਬੰਧ ਕਰਨਾ ਚਾਹੀਦਾ ਏ।

ਪ੍ਰਬੰਧ?

ਆਹੋ, ਜਾਗ ਨੂੰ ਜਾਨੋਂ ਮਾਰ ਦੇਣ ਵਾਲੇ ਜੌਹਰ ਚਾਹੀਦੇ ਨੇ। ਮੈਂ ਉਹੋ ਲੱਭਣ ਐਥੇ ਤੋੜੀ ਆਇਆ ਸਾਂ।

ਜਾਗ ਨੂੰ ਮਾਰ ਦੇਣ ਵਾਲਾ ਜੌਹਰ? ਤੂੰ ਕਿਤੇ ਪਾਗਲ ਤਾਂ ਨਹੀਂ ਹੋ ਗਿਆ, ਐਡੀ ਖ਼ਤਰਨਾਕ ਗੱਲ।

"ਮੈਂ ਪਾਗਲ ਨਹੀਂ। ਕੋਈ ਗੱਲ ਏਸ ਘੜੀ ਖ਼ਤਰਨਾਕ ਨਹੀਂ ਰਹੀ। ਕਿਉਂ ਤੂੰ ਆਪ ਨਹੀਂ ਜਾਣਦਾ?"

ਨਹੀਂ ਮੈਂ ਆਪ ਕੁਝ ਨਹੀਂ ਜਾਣਦਾ।

ਆਪਣੇ ਆਪ ਨੂੰ ਨਹੀਂ ਜਾਣਦਾ ਤਾਂ ਤਾਰੀਖ ਦੀ ਕਵਿਤਾ ਪੜ੍ਹਕੇ ਵੇਖ, ਕਈਆਂ ਕੌਮਾਂ ਨੇ ਅਜੇਹੀ ਨੀਂਦਰ ਵਾਸਤੇ ਅਫੀਮ ਵਰਗੀ ਸ਼ੈ ਨੂੰ ਖੁਰਾਕ ਬਣਾਇਆ। ਅੱਜ ਹੀਰੋਇਨ ਵਰਗੀ ਸ਼ੈ ਦਾ ਇਸਤੇਮਾਲ ਏਸੇ ਕਰਕੇ ਹੋ ਰਿਹਾ ਏ! ਜਿੰਨਾ ਕੋਈ ਬੇਮਕਸਦ ਹੁੰਦਾ ਜਾਂਦਾ, ਉਨਾ ਈ ਨਸ਼ੇਬਾਜ਼। ਪਾਕਿਸਤਾਨ ਦੀ ਮਿਸਾਲ......

ਐਥੇ ਆ ਕੇ ਮੈਨੂੰ ਗੁੱਸਾ ਆ ਗਿਆ। ਪਾਕਿਸਤਾਨ ਦੀ ਗੱਲ ਨਹੀਂ ਕਰਨੀ। ਤੁਸੀਂ ਹਰ ਗੱਲ ਵਿਚ ਪਾਕਿਸਤਾਨ ਨੂੰ ਕਿਉਂ ਘਸੀਟ ਲੈਂਦੇ ਓ। ਇਹ ਸਾਰਾ ਖਿੱਤਾ ਕਿਹੜੇ ਕਿਹੜੇ ਦਰਦ ਵਿਚ ਤੜਪ ਰਿਹਾ ਏ। ਤੁਸੀਂ ਕੱਲੇ ਪਾਕਿਸਤਾਨ ਨੂੰ ਲੈ ਬਹਿੰਦੇ ਓ। ਮੈਂ ਨਹੀਂ ਸੁਣ ਸਕਦਾ ਪਾਕਿਸਤਾਨ ਦੇ ਵਿਰੁੱਧ......

ਤੇਰਾ ਕੀ ਖਿਆਲ ਏ ਮੈਂ ਪਾਕਿਸਤਾਨੀ ਨਹੀਂ...? ਤੂੰ? ਪਤਾ ਨਹੀਂ। ਏਸ ਗੱਲ ਤੇ ਉਹ ਲੋਹਾ-ਲਾਖਾ ਹੋ ਗਿਆ।

ਮੈਂ......ਮੈਂ ਏਸ ਮੁਲਕ ਲਈ ਹਿਜਰਤ ਕੀਤੀ। ਆਪਣਾ ਦੇਸ ਛੱਡਿਆ 'ਇਹ ਤਾਂ ਨਿਰਾ ਝੂਠ ਏ ਭਾਈ। ਤੂੰ ਕੁਝ ਨਹੀਂ ਛੱਡਿਆ। ਪਾਕਿਸਤਾਨ ਵਾਸਤੇ ਬਿਲਕੁਲ ਵੀ ਨਹੀਂ। ਭਾਰਾ ਪੱਥਰ ਉਹਦੇ ਵੱਲ ਨੂੰ ਰੇਹੜਿਆ ਤਾਂ ਰੋਣ ਹਾਕਾ ਹੋ ਗਿਆ......

"ਮੈਂ ਕੁਰਬਾਨੀ ਦਿੱਤੀ। ਮੈਂ ਹਿਜਰਤ ਕੀਤੀ। ਏਸ ਜ਼ਮੀਨ ਵਾਸਤੇ!

ਝੂਠ! ਤੇਰਾ ਕੋਈ ਦੇਸ਼ ਕਦੇ ਹੈਗਾ ਨਹੀਂ ਸੀ, ਜਿਹਨੂੰ ਤੂੰ ਛੱਡਕੇ ਆਉਂਦਾ। ਸ਼ੁਰੂ ਤੋਂ ਤੇਰਾ ਕਬੀਲਾ ਦੂਜਿਆਂ ਦੀ ਕੰਧ ਟੱਪਦਾ ਰਿਹਾ। ਕਦੇ ਯੂਰਪ ਵੱਲੋਂ, ਕਦੇ ਪੱਛਮ ਵੱਲੋਂ। ਬੜੀ ਬੜੀ ਹਿਸਟਰੀ ਬਣੀ ਹੋਈ ਏ, ਏਸ ਤਰ੍ਹਾਂ ਦੀ ਤੇ ਹੁਣ ਸੰਨ੍ਹ ਲਾਉਣ ਵਾਲਿਆਂ ਦੀ ਵੀ ਬਣ ਰਹੀ ਏ।"

"ਠੀਕ ਏ, ਮੇਰੀ ਹਿਸਟਰੀ ਤੇਰੇ ਨਾਲੋਂ ਵੱਖ ਏ। ਮੈਂ ਪੱਕਾ ਮੁਸਲਮਾਨ ਹਾਂ। ਤੂੰ......"

ਉਹ ਰਤਾ ਕੁ ਝੁਕਿਆ......ਹਾਂ ਹਾਂ ਕਹਿ ਦੇ। ਕਹਿ ਦੇ ਮੈਨੂੰ ਕਾਫ਼ਰ ਕਹਿਣਾ ਚਾਹੁੰਦਾ ਏ ਜਾਂ ਗੱਦਾਰ। ਸੋਸ਼ਲਿਸਟ। ਪੁਰਾਣਾ ਹਥਿਆਰ। ਮੈਨੂੰ ਕੋਹ ਸੁੱਟਣ ਲਈ। ਪਰ ਮੈਂ ਤੈਨੂੰ ਦੱਸਾਂ। ਮੈਂ, ਮੇਰੇ ਵਡਾਰੂ ਏਸੇ ਧਰਤੀ ਦੇ ਪੈਦਾ ਕੀਤੇ, ਪਾਲੇ ਸੀ......ਇਹ ਧਰਤੀ ਮੇਰਾ ਵਿਰਸਾ, ਮੇਰਾ ਦੇਸ਼ ਏ......

"ਵਿਰਸਾ? ਉਹ ਵੀ ਮੇਰਾ ਈ ਬਣਦਾ। ਮੇਰੇ ਵੱਡਿਆਂ ਨੇ ਇਹਨੂੰ ਫਤਹਿ ਕੀਤਾ ਸੀ।"

ਉਹਦੀ ਆਵਾਜ਼ ਉੱਚੀ ਹੋ ਜਾਂਦੀ ਏ। ਹੁਣ ਮੇਰੀ ਆਵਾਜ਼ ਵੀ ਤੇਜ਼ ਹੋ ਗਈ।......ਮੇਰੇ ਵਡਾਰੂਆਂ ਨੇ ਇਹ ਧਰਤੀ ਪੈਦਾ ਕੀਤੀ ਸੀ।'

"ਤੂੰ ਕੁਫ਼ਰ ਤੋਲਦਾ ਏਂ।
ਤੂੰ ਝੂਠ ਬੋਲਦਾ ਏਂ।"

ਦੋਹਾਂ ਦੀਆਂ ਆਵਾਜ਼ਾਂ ਨੇ ਤੱਤੜੀ ਦੁਪਹਿਰ ਦੇ ਤਣੇ ਹੋਏ ਤੰਬੂ ਨੂੰ ਲੰਗਾਰ ਪਾ ਦਿੱਤੀ। ਗੁੱਸੇ ਵਾਲਾ ਸ਼ੋਰ। ਹੈਰਾਨੀ ਦੀ ਗੱਲ ਏ। ਕੌਣ ਸੜਦਾ? ਅਸੀਂ ਦੋਵੇਂ? ਫੇਰ ਮੈਨੂੰ ਗੁੱਸਾ ਕਾਹਦੇ ਤੇ ਨਹੀਂ ਆਇਆ?

ਉਂਝ ਗੁੱਸਾ ਤਾਂ ਦੂਜੇ ਦੀਆਂ ਅੱਖਾਂ ਵਿਚ ਵੀ ਨਹੀਂ ਸੀ। ਫੋਕੇ ਫਾਇਰ? ਨੂਰਾ ਕੁਸ਼ਤੀ?

ਪਰ ਕਾਹਦੇ ਲਈ? ਪਿੜ ਖਾਲੀ ਵੇਖ ਕੇ ਮੇਰਾ ਦਿਲ ਇੱਕੋ ਵਾਰੀ ਖਾਲੀ ਹੋ ਗਿਆ। ਇੱਕੋ ਲੰਮੀ ਉਬਾਸੀ ਨੇ ਮੇਰਾ ਮੂੰਹ ਇੰਝ ਖੋਲ੍ਹ ਦਿੱਤਾ ਜਿਵੇਂ ਹਨੇਰੀ ਨਾਲ ਤਾਕੀ ਖੁੱਲ੍ਹ ਜਾਂਦੀ ਏ।

ਪਰ ਕਿਸੇ ਨੇ ਆਪਣਾ ਹੱਥ ਮੂੰਹ ਤੇ ਰੱਖ ਕੇ ਹੌਲੀ ਹੌਲੀ ਥੱਪ-ਥੱਪ ਕੀਤਾ। ਇੰਝ ਕਰਨ ਨਾਲ ਕੁਝ ਹਵਾ ਅੰਦਰ ਗਈ ਤਾਂ ਮੁੜ ਕੇ ਸਾਹ ਆ ਗਿਆ।

ਉਬਾਸੀ ਲੰਮੀ ਹੋ ਜਾਵੇ ਤਾਂ ਮੂੰਹ ਤੇ ਹੱਥ ਰੱਖ ਲਈਦਾ ਏ। ਨਹੀਂ ਤਾਂ ਸ਼ਕਲ ਵਿਗੜ ਜਾਂਦੀ ਏ। ਬੰਦਾ ਮਰ ਵੀ ਸਕਦਾ ਏ।'' ਇਹ ਗੱਲ ਉਹਨੇ ਕਹੀ, ਜੀਹਨੂੰ ਮੈਂ ਆਪਣਾ ਦੁਸ਼ਮਣ ਮੰਨਦਾ ਵਾਂ। ਪਹਿਲਾਂ ਵੀ ਕਿਸੇ ਨੇ ਆਖੀ ਸੀ ਅਜੇਹੀ ਗੱਲ......ਹਾਂ ਮੇਰੀ ਮੋਈ ਮਾਂ ਨੇ...ਮਾਂ! ਮੇਰਾ ਦਿਲ ਦਰਦ ਨਾਲ ਭਰ ਗਿਆ। ਮੇਰਾ ਜੀਵਨ ਦਾ ਇੱਕ ਖਰਾ ਸਿੱਕਾ। ਅੱਜ ਮੇਰੀ ਜੇਬ ਖਾਲੀ ਏ। ਮੇਰਾ ਦਿਲ ਡਰਦਾ ਏ। ਏਸ ਦਰਦ ਕੋਲੋਂ ਛੁਟਕਾਰਾ? ਕਿੰਨਾ ਚੰਗਾ ਹੁੰਦਾ ਜੇ ਮੈਨੂੰ ਵੀ ਨੀਂਦਰ ਆ ਜਾਂਦੀ। ਡੂੰਘੀ ਸਮੁੰਦਰ ਥੱਲੇ ਵਰਗੀ ਨੀਂਦਰ। ਕਿੰਨੇ ਦਿਨ ਹੋ ਗਏ ਸੁੱਖ ਦੀ ਨੀਂਦਰ ਸੁੱਤੇ। ਗਰਮੀ, ਮੱਛਰ, ਗਰੀਬੀ। ਜੇ ਕਿਤੇ ਮੇਰੇ ਕੋਲ ਏ.ਸੀ. ਲੱਗਾ ਬੈੱਡ-ਰੂਮ ਹੁੰਦਾ। ਬੂਹੇ ਏਅਰ-ਟਾਈਟ ਕਰਕੇ ਸੌਂਦਾ। ਪਤਾ ਈ ਨਾ ਲੱਗਦਾ ਬਾਹਰ ਕਿਹੜਾ ਘੰਟਾ ਚੱਲ ਰਿਹਾ ਸੀ। ਮੇਰੇ ਸਾਰੇ ਅਜ਼ਾਬ ਦੌਲਤ ਦੇ ਘਾਟੇ ਕਾਰਨ ਹਨ। ਦੌਲਤ! ਦੌਲਤ!

ਹੁਣ ਪਤਾ ਨਹੀਂ ਕਿਸ ਤਰ੍ਹਾਂ ਮੇਰੇ ਦੂਜੇ ਨੇ ਏਸ ਖਿਆਲ ਨੂੰ ਪੜ੍ਹ ਲਿਆ। ਕਹਿਣ ਲੱਗਾ, "ਤੇਰੀ ਹਾਲਤ ਵੀ ਮੇਰੀ ਵਰਗੀ ਏ। ਏਸ ਵੇਲੇ 'ਪੁੜੀ' ਹੁੰਦੀ ਨਾ। ਸਹੁੰ ਰੱਬ ਦੀ ਪਾਨ ਵਿਚ ਰੱਖ ਕੇ ਚੱਬ ਜਾਂਦੇ। ਨਹੀਂ ਤਾਂ ਪੈਪਸੀ ਦੀ ਬੋਤਲ ਵਿਚ ਪਾਕੇ ਘੁੱਟ-ਘੁੱਟ ਪੀਂਦੇ। ਅਰਸ਼ਾਂ ਦੀ ਸੈਰ!"

ਬੜੀਆਂ ਲੰਮੀਆਂ ਗੱਲਾਂ ਕਰਦਾ ਏਂ। ਪੈਪਸੀ ਅਮੀਰਾਂ ਦਾ ਚੋਚਲਾ। ਮੈਂ ਕਹਿੰਦਾ, ਲਿਆ ਕਿਤੋਂ ਚੁਟਕੀ ਜੀਭ ਦੇ ਰੱਖ ਕੇ ਚੱਟ ਜਾਈਏ। ਬਸ ਇਹ ਦੁਨੀਆਂ ਭੁੱਲ ਜਾਓਗੇ।" ਮੇਰੀ ਗੱਲ ਸੁਣ ਕੇ ਉਹ ਹੱਸਿਆ, ਆਖਣ ਲੱਗਾ "ਪੁਰਾਣਾ ਸੋਸ਼ਲਿਸਟ, ਹੀਰੋਇਨ ਦੀ ਵਰਤੋਂ ਵਿਚ ਵੀ ਅਮੀਰ ਗਰੀਬ ਦਾ ਫਰਕ ਕੱਢ ਲਿਆਇਆ। ਏਸ ਵੇਲੇ ਸਾਰੇ ਫਰਕ ਭੁੱਲ ਕੇ ਸਾਨੂੰ ਰਲ ਕੇ ਕੰਮ ਕਰਨਾ ਚਾਹੀਦਾ ਏ।"

ਕਿਹੜਾ ਕੰਮ? ਮੈਂ ਪੁੱਛਿਆ।

"ਰਲ ਕੇ ਕੋਸ਼ਿਸ਼ ਕਰੀਏ ਤਾਂ ਮਿਲ ਸਕਦੀ ਏ।"

"ਕੌਣ ਮਿਲ ਸਕਦੀ ਏ, ਜਮਹੂਰੀਅਤ ਕਿ ਨੀਲ ਕੰਵਲ?"

"ਪਾਗਲ ਹੋ ਗਿਆ ਏਂ। ਮੈਂ ਤਾਂ ਆਪਣੀ ਚਿੱਟੀ ਪਰੀ ਦੀ ਗੱਲ ਕਰ ਰਿਹਾ ਵਾਂ। ਆਪਣੇ ਦਰਦ ਵਾਸਤੇ ਉਪਾ।"

"ਮੈਂ ਤੇਰੇ ਨਾਲ ਆਂ" ਮੈਂ ਆਖਿਆ।

ਮੈਨੂੰ ਲੱਗਿਆ ਜਿਵੇਂ ਸਾਡੇ ਵਿਰੋਧ ਏਥੇ ਆ ਕੇ ਮੁੱਕ ਗਏ ਹੋਣ। ਹੁਣ ਇੱਕ ਬਾਇੱਜ਼ਤ ਨੀਂਦਰ ਸਾਡੀ ਲੋੜ ਸੀ। ਇੱਜ਼ਤ ਵਾਲੀ ਮੌਤ ਵਾਸਤੇ ਲੜਨਾ ਸਾਡੇ ਵੱਸ ਦੀ ਗੱਲ ਨਹੀਂ ਸੀ ਰਹੀ। ਜ਼ਿੰਦਗੀ ਵਾਸਤੇ ਤਾਂ ਬਿਲਕੁਲ ਹੀ ਨਹੀਂ। ਚਿੱਟਾ ਜਾਂ ਬਰਾਊਨ ਪਾਊਡਰ ਤਲੀ ਤੇ ਰੱਖ ਕੇ ਚੱਟ ਜਾਣਾ। ਚੱਟਦੇ ਰਹਿਣਾ। ਆਸਾਨ ਮਕਸਦ ਦਾ ਛੋਟਾ ਰਸਤਾ (Short cut) ਅਮੀਰ ਵਾਸਤੇ ਦੌਲਤ, ਗ਼ਰੀਬ ਵਾਸਤੇ ਦਵਾਈ। ਹੀਰੋਇਨ ਹੁਰੇ, ਹਿੱਪ ਹਿੱਪ ਹੁਰੇ! ਅਸੀਂ ਦੋਵੇਂ ਬੈਠੇ ਬੈਠੇ ਨੱਚੇ। ਫੇਰ ਉਹ ਉੱਠ ਖਲੋਤਾ, "ਚੱਲ ਚੱਲੀਏ" ਖੁਸ਼ੀ ਨਾਲ ਉਹਨੇ ਮੇਰਾ ਹੱਥ ਫੜਕੇ ਮੈਨੂੰ ਖੜਾ ਕੀਤਾ। ਪਰ ਜਾਣਾ ਕਿੱਥੇ ਏ? ਮੈਂ ਪੁੱਛਦਾ ਹੋਇਆ ਨਾਲ ਤੁਰ ਪਿਆ। "ਅਫ਼ਗ਼ਾਨ ਛੱਲੀ

ਵਾਲੇ ਕੋਲੋਂ ਜ਼ਰੂਰਤ ਦੀ ਸ਼ੈ ਮਿਲ ਸਕਦੀ ਏ। ਉਂਝ ਤਾਂ ਕਾਲਜ ਦੇ ਨੇੜੇ ਹੋਰ ਵੀ ਕਈ ਟਿਕਾਣੇ ਹੈਨ। ਇਹ ਸਟੂਡੈਂਟ ਲੋਗ ਮਜ਼ੇ ਵਿਚ ਰਹਿੰਦੇ ਨੇ। ਦਰਵਾਜ਼ੇ ਉੱਤੇ ਸਭ ਕੁਝ ਮਿਲ ਜਾਂਦਾ ਏਸੇ ਤਰ੍ਹਾਂ ਘਰੋਂ ਪੈਸੇ ਮਿਲ ਜਾਂਦੇ ਨੇ। ਬਾਪ ਦੀ ਨਾਜਾਇਜ਼ ਕਮਾਈ।"

"ਖ਼ੈਰ ਤੂੰ ਵੀ ਮਾੜਾਂ ਨਹੀਂ ਲਗਦਾ। ਤੈਨੂੰ ਵੀ ਪੈਸੇ ਮਿਲ ਜਾਂਦੇ ਨੇ। ਆਪਣੀ ਜ਼ਨਾਨੀ ਦੀ ਨਾਜਾਇਜ਼ ਕਮਾਈ। ਨਹੀਂ?" ਉਹਨੂੰ ਅੱਗ ਲੱਗ ਗਈ।

"ਚੁੱਪ ਕਰ ਜਾ ਬਦਮਾਸ਼ ਕਮੀਨੇ? ਮੈਂ ਤੈਨੂੰ ਮਾਰ ਛੱਡਣਾ ਏਂ। ਤੂੰ ਮੇਰੀ ਇੱਜ਼ਤ ਤੇ ਹਮਲਾ ਕੀਤਾ।" ਤੇਰੀ ਭੈਣ ਜੁ ਗਈ ਹੋਈ ਏ ਕੁਵੈਤ ਵਾਲਿਆਂ ਦੀ ਨਰਸਿੰਗ ਕਰਨ। ਸੋਨੇ ਦੇ ਸਿੱਕੇ ਕਮਾ ਕੇ ਭੇਜਦੀ ਹੈ ਕਿ ਨਹੀਂ। ਕੌਣ ਵਰਤਦਾ ਓਸ ਦੌਲਤ ਨੂੰ? ਤੂੰ......ਤੂੰ।"

ਸੱਪ ਹਾਲੀ ਵੀ ਸੁੱਤਾ ਨਹੀਂ। ਮੈਂ ਸੋਚਿਆ। ਇਹਨੂੰ ਮਾਰ ਦੇਣ ਵਾਸਤੇ ਮੈਨੂੰ ਕੁਲਾਸ਼ਨੀਕੋਵ ਚਾਹੀਦੀ ਹੈ। ਮੇਰੀ Loud thinking ਉਹਨੇ ਸੁਣ ਲਈ। ਕਹਿਣ ਲੱਗਾ, "ਤੈਨੂੰ ਕਲਾਸ਼ਕੋਵ ਚਾਹੀਦੀ ਏ? ਮਿਲ ਸਕਦੀ ਏ। ਏਥੇ ਸਭ ਕੁਝ ਮਿਲ ਜਾਂਦਾ। ਬੱਸ ਇੱਕ ਇੱਜ਼ਤ ਦੀ ਜ਼ਿੰਦਗੀ ਨਹੀਂ" ਫਿਰ ਉਹ ਫੱਕੜ ਜੇਹਾ ਹਾਸਾ ਵੀ ਹੱਸਿਆ। ਛੇਕੜ ਠੰਢੀ ਬਰਫ਼ ਆਵਾਜ਼ ਵਿਚ ਆਖਣ ਲੱਗਾ, "ਸੁਣ ਵੇ ਭਰਾਵਾ। ਜਦੋਂ **facts** ਦੀ ਗੱਲ ਹੋਵੇ ਤਾਂ ਜਜ਼ਬਾਤੀ ਹੋ ਕੇ ਗੁਜ਼ਾਰਾ ਨਹੀਂ ਚੱਲਦਾ। ਸਾਰੀ ਦੁਨੀਆ ਜਾਣਦੀ ਏ। ਅਮੀਰਾਤ ਦੇ ਅਰਬਾਂ ਦਾ ਨਰਸਿੰਗ ਅਮਰੀਕਨ ਕੁੜੀਆਂ ਕਰਦੀਆਂ ਨੇ। ਸਾਡੀਆਂ ਕੁੜੀਆਂ ਤਾਂ ਪੈਡ ਵਾਂਗ ਇਸਤੇਮਾਲ ਹੁੰਦੀਆਂ। ਗੰਦ ਜਜ਼ਬ ਕਰਨ ਵਾਲੇ ਪੈਡ ਵਾਂਗ। ਹਿਰਖ ਦੀ ਗੱਲ ਏ। ਚਾਰ ਪੈਸਿਆਂ ਦੀ ਖਾਤਰ......" ਉਹ ਰੋਣ ਲੱਗ ਪਿਆ......। ਅੱਥਰੂ ਭਿੱਜੀ ਆਵਾਜ਼ ਵਿਚ ਬੋਲਦਾ ਵੀ ਰਿਹਾ। "ਇਹ ਕੁੜੀਆਂ, ਸਾਡੀਆਂ ਧੀਆਂ ਭੈਣਾਂ! ਅਸੀਂ ਕੀ ਕੀਤਾ ਇਹਨਾਂ ਵਾਸਤੇ!" ਧਾਹਾਂ ਮਾਰ ਕੇ ਰੋਂਦੇ ਹੋਏ ਓਸ ਆਦਮੀ ਨੂੰ ਮੈਂ ਰਤਾ ਕੁ ਪਰਚਾਇਆ। ਗੱਲ ਸੁਣ ਤੂੰ ਹੁਣੇ ਕਿਹਾ ਸੀ ਕਲਾਸ਼ਨੀਕੋਵ ਮਿਲ ਜਾਂਦੀ ਏ। ਕਾਲਜ ਗੇਟ ਤੋਂ, ਕਿਸ ਤਰ੍ਹਾਂ?

"ਗੱਲ ਨੂੰ ਸਮਝਿਆ ਕਰ ਯਾਰ। ਗੇਟ ਤੋਂ ਨਹੀਂ, ਅੰਦਰੋਂ ਮਿਲਦੀ ਏ। ਸਟੂਡੈਂਟ ਲੋਕ ਆਪਣੇ ਕਮਰੇ ਵਿਚ ਰੱਖਦੇ ਨੇ। ਕਰਾਏ ਉੱਤੇ ਵੀ ਚਲਾਉਂਦੇ ਨੇ। ਪਰ ਆਪਣੀ ਮਨ-ਮਰਜ਼ੀ ਨਾਲ। **mis-use** ਬਿਲਕੁਲ ਨਹੀਂ ਕਰਨ ਦਿੰਦੇ।"

"ਪਰ ਉਹ ਆਪ ਕੀ ਕਰਦੇ ਨੇ, **use** ਜਾਂ **misuse**?"

"ਉਹ ਲੋਕੀਂ ਆਪਣੀ ਸਿਆਸਤ ਦੇ ਸੱਚੇ ਨੇ। ਆਪਣਾ ਸ਼ਿਕਾਰ ਮਾਰ ਕੇ ਖਾਂਦੇ ਨੇ।"

"ਹੱਛਾ! ਮੇਰਾ ਖਿਆਲ ਸੀ ਇਹ ਪਾਗ਼ਲ ਮੁੰਡੇ ਐਵੇਂ ਇੱਕ ਦੂਜੇ ਨੂੰ ਮਾਰੀ ਜਾਂਦੇ ਨੇ। ਪੁੱਛਦੇ ਹੀ ਨਹੀਂ।"

"ਤੁਸੀਂ ਆਪਣਾ ਦੁਸ਼ਮਣ ਕਦੇ ਪਛਾਣਿਆ?" ਉਹਦੇ ਏਸ ਸਵਾਲ ਉੱਤੇ ਆਕੇ ਲੜਾਈ ਛਿੜ ਸਕਦੀ ਸੀ। ਪਰ ਸਾਹਮਣੇ ਕਾਲਜ ਗੇਟ ਦਿਸ ਪਿਆ। ਕੋਈ ਅਜਬ ਜਿਹਾ ਹਾਲ ਸੀ ਉਥੇ।

ਸੜਕ ਉੱਤੇ ਕਈ ਤਰ੍ਹਾਂ ਦਾ ਮਲਬਾ ਖਿਲਰਿਆ ਪਿਆ ਸੀ। ਜੁੱਤੀਆਂ, ਚੱਪਲਾਂ, ਫਟੀਆਂ ਕਿਤਾਬਾਂ, ਕਾਗਜ਼, ਪਿੰਨਸਲਾਂ, ਗੱਤੇ, ਘੜੀਆਂ ਦੇ ਸਟਰੈਪ, ਗੇਟ ਨੂੰ ਜ਼ੰਜੀਰ ਚੜ੍ਹੀ ਹੋਈ ਸੀ। ਚੌਕੀਦਾਰ ਅੰਦਰ ਬੈਠਾ ਕਿਸੇ ਕੈਦੀ ਵਾਂਗ ਸੀਖਾਂ ਵਿਚੋਂ ਬਾਹਰ ਵੇਖ ਰਿਹਾ ਸੀ। ਗੇਟੋਂ ਬਾਹਰ ਇਕ ਜ਼ਨਾਨੀ, ਅੱਧਖੜ ਜੇਹੀ, ਨਸਵਾਰੀ ਚਾਦਰ ਲਵੇਟੀ ਖੜ੍ਹੀ ਅੰਦਰ ਚੌਕੀਦਾਰ ਕੋਲੋਂ ਕੁਝ

ਪੁੱਛ ਰਹੀ ਸੀ। ਉਹ ਆਪਣੇ ਪੁੱਤਰ ਬਾਰੇ ਪੁੱਛ ਰਹੀ ਸੀ, ਜੋ ਸਵੇਰੇ ਇਮਤਿਹਾਨ ਦੇਣ ਆਇਆ ਸੀ। ਚੌਕੀਦਾਰ ਹੌਲੀ-ਹੌਲੀ ਕਹਿ ਰਿਹਾ ਸੀ। "ਕੁਝ ਪਤਾ ਨਹੀਂ ਬੀਬੀ ਐਸ ਵੇਲੇ ਕੌਣ ਕਿੱਥੇ ਹੋਵੇਗਾ। ਬੜਾ ਭਾਰਾ ਲਾਠੀਚਾਰਜ ਹੋਇਆ ਸੀ। ਗੋਲੀ ਵੀ ਚੱਲੀ। ਅੱਧੇ ਮੁੰਡੇ ਤਾਂ ਜੇਲ੍ਹ ਵਿਚ ਹੋਣਗੇ। ਬਥੇਰੇ ਬਹੁਤ ਬਚ ਕੇ ਨਿਕਲ ਵੀ ਗਏ। ਕੁਝ ਜ਼ਖ਼ਮੀ ਹਸਪਤਾਲ ਵਿਚ ਹੋਣਗੇ। ਵਿਚੋਂ ਕੁਝ ਤਾਂ ਜਾਨੋਂ ਵੀ ਗਏ। ਚੌਕੀਦਾਰ ਚੁੱਪ ਹੋ ਗਿਆ। ਜ਼ਨਾਨੀ ਨੇ ਤੜਫ ਕੇ ਅਖੀਰੀ ਗੱਲ ਫੜ ਲਈ। "ਕੁਝ ਮੁੰਡੇ ਜਾਨੋਂ ਵੀ ਗਏ।" ਹਾਏ ਰੱਬਾ।" ਹੁਣ ਅਸੀਂ ਦੋਵੇਂ ਵੀ ਪੁੱਛਣ ਲੱਗ ਪਏ ਕੀ ਕੀ ਹੋਇਆ? ਕਿੰਝ ਹੋਇਆ? ਕਦੋਂ ਹੋਇਆ? ਚੌਕੀਦਾਰ ਨੇ ਹੌਲੀ-ਹੌਲੀ ਦੱਸਿਆ, "ਹੋਣਾ ਕੀ ਸੀ। ਪੁਲਸ ਨੇ ਆਪਣਾ ਬਦਲਾ ਲੈ ਲਿਆ ਜਾਂ ਉਪਰ ਦਾ ਹੁਕਮ ਪੂਰਾ ਕੀਤਾ।"

'ਬਦਲਾ ਲਿਆ ਏ ਪੁਲਸ ਨੇ?

"ਜੀ ਸਾਹਿਬ।" ਚੌਕੀਦਾਰ ਆਖਣ ਲੱਗਾ। "ਕੁਝ ਦਿਨ ਪਹਿਲਾਂ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਉੱਤੇ ਮੁਜ਼ਾਹਰਾ ਕੀਤਾ। ਪੁਲਸ ਨੇ ਗ੍ਰਿਫਤਾਰੀ ਕਰਨੀ ਚਾਹੀ ਤਾਂ ਮੁੰਡਿਆਂ ਵਲੋਂ ਪੱਥਰ-ਇੱਟਾਂ ਆਏ। ਵੱਡੇ ਹਾਕਮ ਦੇ ਖਿਲਾਫ਼ ਨਾਹਰੇ ਵੀ ਲੱਗੇ। ਬੱਸ ਏਸ ਪਿੱਛੋਂ ਪੁਲਸ ਨੂੰ ਖੁੱਲੀ ਛੁੱਟੀ। "Crush ਕਰ ਦਿਓ।" ਮੌਕਾ ਵੀ ਕਿਹੜਾ? ਮੁੰਡੇ ਸਾਰੇ ਇਮਤਿਹਾਨ ਵਿਚ ਬੈਠੇ ਹੋਏ ਸੀ। ਹਥਿਆਰਬੰਦ ਪੁਲਸ ਦੀਆਂ ਗੱਡੀਆਂ ਭਰ ਕੇ ਆਈਆਂ ਤੇ ਸਿੱਧੀਆਂ ਅੰਦਰ ਵੜ ਗਈਆਂ। ਬੜਾ ਹਨੇਰ ਹੋਇਆ। ਸਮਝੋ ਤਾਤਾਰ ਦਾ ਲਸ਼ਕਰ ਆਇਆ।" ਚੌਕੀਦਾਰ ਬੋਲਦਾ ਗਿਆ। ਔਰਤ ਧਾੜ-ਧਾੜ ਰੋਂਦੀ ਰਹੀ। ਫੇਰ ਜਦੋਂ ਪਤਾ ਲੱਗਾ ਪਈ ਜ਼ਖ਼ਮੀ ਹੋਏ ਪੜਿਆਰਾਂ ਨੂੰ ਵੀ ਟਰੱਕ ਤੇ ਪਾ ਕੇ ਕਿਧਰੇ ਲੈ ਗਏ ਨੇ ਤਾਂ ਮੇਰੇ ਦਿਲ ਨੂੰ ਕਾਬਾ ਜਿਹਾ ਲੱਗ ਗਿਆ। ਮੈਨੂੰ ਪਤਾ ਸੀ ਇਹ ਪੁਲਸ ਵਾਲੇ ਸ਼ਹਿਰ ਤੋਂ ਦੂਰ ਲਿਜਾ ਕੇ ਕੀ ਕੁਝ ਕਰਨਗੇ। ਫੇਰ ਪਿੱਛੋਂ ਇਹ ਮੁੰਡੇ ਕਿੰਨੀ ਕੁ ਨਫਰਤ ਆਪਣੇ ਦਿਲਾਂ ਵਿਚ ਪਾਲਣਗੇ। ਹੁਣ ਪਤਾ ਨਹੀਂ ਉਸ ਵਿਚਾਰੀ ਮਾਂ ਦਾ ਪੁੱਤਰ ਕਿੱਥੇ ਹੈ? ਜ਼ਖ਼ਮੀਆਂ ਵਿਚ ਕਿ ਹਵਾਲਾਤੀਆਂਵਿਚ ਜਾਂ ਫਿਰ ਮੁਰਦੇ ਖਾਨੇ। ਉਹ ਆਪ ਏਥੇ ਖਲੋਤੀ ਧਾਹਾਂ ਮਾਰ ਰਹੀ ਸੀ। ਵਾ-ਵੇਲਾ, ਵਾ-ਵੇਲਾ। ਟਾਹਲੀਓਂ ਡਿੱਗੇ ਬੱਚੜੇ! ਘਰਾਂ ਤੋਂ ਪੜ੍ਹਨ ਆਉਂਦੇ ਨੇ! ਵਿਚੋਂ ਕਿੰਨੇ ਹੋਸਟਲਾਂ ਵਿਚ ਰਹਿੰਦੇ ਨੇ ਪਰਦੇਸੀ। ਰੱਬਾ! ਗ਼ਾਰਤ ਕਰ ਦੇ ਏਸ ਪੁਲਸ ਨੂੰ।" ਮਾਂ ਕੁਰਲਾਈ...

ਐਨੇ ਵਿਚ ਚਾਰ ਪੰਜ ਪੁਲਸ ਵਾਲੇ ਲੋਹੇ ਦੇ ਟੋਪ ਚੜ੍ਹਾਈ ਖੌਰੇ ਕਿੱਥੋਂ ਨਿਕਲ ਪਏ। 'ਹਟ ਜਾਓ, ਹਰਾਮ ਦਿਓ ਤੁਖ਼ਮੋ। ਦਫ਼ਾ ਹੋ ਜਾਓ ਏਥੋਂ।" ਉਹਨਾਂ ਸਾਨੂੰ ਧੱਕੇ ਮਾਰੇ। ਫੇਰ ਉਸ ਕੁਰਲਾਉਂਦੀ ਜ਼ਨਾਨੀ ਵੱਲ ਵੇਖਿਆ "ਮਾਈ ਤੂੰ ਏਥੇ ਮਜ੍ਹਮਾ ਲਾਈ ਖਲੋਤੀ ਏ।"

"ਜਲੂਸ ਲੈ ਕੇ ਆਈ ਹੋਣੀ ਏ" ਦੂਜਾ ਬੋਲਿਆ "ਆਹੋ" ਤੀਜਾ ਆਖਣ ਲੱਗਾ। "ਪਾਕਿਸਤਾਨ ਦੀਆਂ ਜ਼ਨਾਨੀਆਂ (ਮਾਂ ਦੀ ਗਾਲ੍ਹ ਕੱਢ ਕੇ) ਜਲੂਸ ਕੱਢਣ ਵਿਚ ਬੜੀਆਂ ਤੇਜ਼ ਹਨ।" ਫੇਰ ਉਹ ਉੱਚੀ ਹੱਸੇ ਵੀ।

ਸਿਪਾਹੀ ਗੰਦਾ ਹਾਸਾ ਹੱਸਦੇ ਰਹੇ। ਜ਼ਨਾਨੀ ਕੁਰਲਾਉਂਦੀ ਰਹੀ। "ਮੇਰਾ ਪੁੱਤਰ! ਮੇਰਾ ਬਚੜਾ! ਲੋਕੋ ਵੇ ਮੈਂ ਕੀ ਕਰਾਂ? ਕਿੱਥੋਂ ਲੱਭ ਕੇ ਲਿਆਵਾਂ!!" "ਟਾਹਲੀ ਮੇਰੇ ਬੱਚੜੇ ਲੱਕ ਟੁਣੂ ਟੁਣੂ......

'ਘੁੱਗੀ ਦਾ ਗੀਤ ਕਿਤੋਂ ਦੂਰੋਂ ਸੁਣਿਆਂ। ਗੇਟ ਬੰਦ ਹੋ ਗਿਆ। ਬੇ-ਬਸ ਮਾਂ ਨੂੰ ਜਿਵੇਂ ਲਾਂਬੂ ਲੱਗ ਗਏ। ਪੱਲਾ ਓੜ ਕੇ ਉਹਨੇ ਉਪਰ ਕਿਤੇ ਅਸਮਾਨ ਵੱਲ ਵੇਖਿਆ, "ਤੂੰ ਕਿੱਥੇ ਏ ਰੱਬਾ! ਗਰਕ ਜਾਓ ਵੇ ਤੁਸੀਂ ਦੁਨੀਆਂ ਵਾਲਿਓ। ਵੇ ਬੰਦੂਕਾਂ ਵਾਲਿਓ! ਕੱਖ ਨਾ ਰਵ੍ਹੇ ਵੇ ਅੱਤ ਚੁੱਕਣ ਵਾਲਿਓ।"

ਗੇਟ ਦੀ ਜ਼ੰਜੀਰ ਖੋਲ੍ਹ ਇਕ ਪੁਲਸ ਅਫਸਰ ਬਾਹਰ ਨਿਕਲਿਆ। ਫੇਰ ਦੂਜਾ। ਕੋਈ ਗਾਲ੍ਹ ਕੱਢ ਕੇ ਉਹਨੇ ਬੇਇਜ਼ਤ ਕਰਨ ਵਾਲੀ ਅੱਖ ਨਾਲ ਔਰਤ ਨੂੰ ਵੇਖਿਆ। ਫੇਰ ਆਪਣੇ ਸਿਪਾਹੀਆਂ ਉੱਤੇ ਗਰਜਿਆ, "ਹਟਾਓ ਏਥੋਂ ਆਪਣੀ ਬੇਬੇ ਨੂੰ। ਹਵਾਲਾਤ ਲੈ ਜਾਓ। ਲੱਗੀ ਸੀ ਲਾ-ਐਂਡ-ਆਰਡਰ ਦਾ ਮਸਲਾ ਖੜਾ ਕਰਨ" ਅਫਸਰ ਦੀ ਗਰਜ ਸੁਣ ਕੇ ਅੰਦਰੋਂ ਬਹੁਤ ਸਾਰੇ ਵਰਦੀਆਂ ਟੋਪੀਆਂ ਵਾਲੇ ਨਿਕਲ ਪਏ। ਲਗਦਾ ਸੀ ਜਿਵੇਂ ਕਾਲਜ ਦੇ ਅੰਦਰ ਪੁਲਸ ਨੇ ਛਾਉਣੀ ਪਾਈ ਹੋਈ ਹੋਵੇ। ਸਾਰਿਆਂ ਦੇ ਹੱਥ ਕਾਲੀਆਂ ਲਾਠੀਆਂ ਸੀ। ਏਸ ਤਰ੍ਹਾਂ ਦਾ ਹਾਲ ਵੇਖ ਕੇ ਅਸੀਂ ਦੋਵੇਂ ਪਿਛਲੀ ਗਲੀ ਵਿਚ ਖਿਸਕ ਗਏ।' ਫੇਰ ਪਿੱਛੇ ਮੁੜ ਕੇ ਵੇਖੇ ਬਿਨਾਂ ਤਿੱਖੀ ਟੋਰੇ ਟੁਰਦੇ ਬਾਹਰ ਨਿਕਲ ਗਏ। ਡਰ ਲਗਦਾ ਸੀ ਹੁਣੇ ਕੋਈ ਲਾਠੀ ਆ ਕੇ ਸਿਰ ਪਾੜ ਦੇਵੇ ਯਾ ਮੋਢਾ ਤੋੜੇਗੀ। ਪੁਲਸ ਦੀ ਲਾਠੀ! ਸਾਰੀ ਉਮਰ ਦਰਦ ਨਹੀਂ ਜਾਂਦਾ ਮੈਨੂੰ ਆਪਣਾ ਵੇਲਾ ਯਾਦ ਆ ਗਿਆ, ਜਦੋਂ ਪੁਲਸ ਦੀਆਂ ਲਾਠੀਆਂ ਖਾਧੀਆਂ ਸਨ ਤਾਲਬ-ਇਲਮੀਂ ਦਾ ਜ਼ਮਾਨਾਂ। ਅਸੀਂ ਆਪ ਬਥੇਰਾ ਹੱਲਾ-ਗੁੱਲਾ ਕਰਦੇ ਰਹਿੰਦੇ ਸਾਂ। ਉਹ ਕਾਲੀ ਮੁੱਛ ਦਾ ਜ਼ਮਾਨਾ ਸੀ। ਨਵਾਬ ਆਫ਼ ਕਾਲਾ ਬਾਗ਼ ਦੀ ਗਵਰਨਰੀ ਦਾ ਜ਼ਮਾਨਾ। ਲੋਕੀਂ ਓਸ ਦੌਰ ਨੂੰ ਕਾਲੀ ਮੁੱਛ ਤੇ ਕਾਲੀ ਵਰਦੀ ਦਾ ਜ਼ਮਾਨਾ ਕਹਿੰਦੇ ਸੀ। ਓਸ ਵੇਲੇ ਜਸਟਿਸ ਕਿਆਨੀ ਆਪਣੀਆਂ ਲਿਖਤਾਂ Not the whole truth ਲਿਖ ਰਹੇ ਸੀ। ਉਹਨਾਂ ਭਾਣੇ ਉਹ ਕਾਲੇ ਸੰਢੇ ਦਾ ਜ਼ਮਾਨਾ ਸੀ। ਪਰ ਓਸ ਵੇਲੇ ਪੁਲਸ ਫੋਰਸ ਐਨੀ Forceful ਵੀ ਨਹੀਂ ਸੀ, ਜਿੰਨੀ ਅੱਜ ਏ। ਓਸ ਵੇਲੇ ਨਾਹਰੇ ਵੀ ਕੁਝ ਹੋਰ ਤਰ੍ਹਾਂ ਦੇ ਸੀ। ਸਾਮਰਾਜ ਹੁੰਦਾ ਸੀ, ਪਰ ਐਡਾ ਪੁਰਾਣਾ ਵੀ ਨਹੀਂ। ਤਾਲਬ-ਇਲਮ ਮੁਜ਼ਾਹਰੇ ਕਰਦੇ। ਕਈ ਵਾਰੀ ਗਵਰਨਰ ਹਾਊਸ ਦੇ ਸਾਹਮਣੇ ਪੁਲਸ ਦੀਆਂ ਕੰਧਾਂ ਤੋੜ ਕੇ ਅੰਦਰ ਜਾ ਵੜ੍ਹਦੇ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਏ ਜਦੋਂ ਗੌਰਮਿੰਟ ਕਾਲਜ ਦਾ ਪ੍ਰਿੰਸੀਪਲ ਕੱਢਿਆ ਗਿਆ ਸੀ। ਤਾਲਬ-ਇਲਮਾਂ ਦੀ ਤਾਕਤ, ਲਾਠੀ ਗੋਲੀ ਸਭ ਕੁਝ ਸਹਿ ਗਈ। ਫੇਰ ਜਦੋਂ ਗਵਨਰ ਕਾਲਾ ਬਾਗ਼ ਨੂੰ ਪਤਾ ਲੱਗਾ ਤਾਂ ਉਹ ਕਾਲੇ ਜਿੰਨ ਵਾਂਗੂੰ ਬਾਹਰ ਨਿਕਲ ਕੇ ਪੁਲਸ ਅੱਗੇ ਖਲੋ ਗਿਆ। ਬੰਦ ਕਰੋ। ਇਕੋ ਵਾਰੀ ਪੁਲਸ ਦੀਆ ਬੰਦੂਕਾਂ ਨੀਵੀਆਂ ਹੋ ਗਈਆਂ। ਇਕੋ ਵਾਰੀ ਸਾਡਾ ਨਾਹਰਾ ਬਦਲ ਗਿਆ। "ਪੁਲਸ ਸਟੇਟ ਮੁਰਦਾਬਾਦ! ਇਕ ਵਾਰੀ ਕਾਲਾ ਬਾਗ਼ ਦੀ ਮੁੱਛ ਡਾਊਨ ਹੋ ਗਈ। ਪਰ ਅੱਜ? ਵੇਲਾ ਆਪੇ ਕਾਲਾ ਸ਼ਾਹ ਹੋ ਚੁੱਕਾ।

"ਕੌਣ ਸਿਆਹੀ ਘੋਲ ਰਹਾ ਹੈ ਵਕਤ ਕੇ ਬਹਿਤੇ ਦਰਿਆ ਮੇਂ..." ਗੱਲ ਸੁਣਦਾ ਉਹ ਹੌਲੀ-ਹੌਲੀ ਗਾਉਣ ਲੱਗ ਪਿਆ। ਫੇਰ ਜਦੋਂ ਕਾਲਜ ਕੰਪਾਊਂਡ ਤੋਂ ਚੋਖੀ ਦੂਰ ਨਿਕਲ ਆਏ ਤਾਂ ਕੰਡ ਸਿੱਧੀ ਕਰਨ ਨੂੰ ਇਕ ਥਾਂ ਕੰਧ ਨਾਲ ਲੱਗ ਕੇ ਖਲੋ ਗਏ। ਮੈਂ ਸੋਚਣ ਲੱਗ ਪਿਆ। ਉਹ ਵੀ ਸੋਚਣ ਲੱਗ ਪਿਆ। ਤਾਲਬ-ਇਲਮ ਤੇ ਪੁਲਸ ਦੀ ਲੜਾਈ ਬੜੀ ਲੰਮੀ ਹੋ ਗਈ ਹੋਈ ਏ। ਕਾਲਜ ਤਾਂ ਥਾਣਾ ਬਣ ਗਿਆ ਹੋਇਆ ਏ। ਅਫਸੋਸ! ਕਦੇ ਉਹ

ਮੇਰਾ ਵੀ ਕਾਲਜ ਹੁੰਦਾ ਸੀ। ਅੱਜ ਉਹਦਾ ਜੋ ਹਾਲ ਵੇਖਿਆ, ਜਿਵੇਂ ਯਹੂਦੀ ਲਸ਼ਕਰ ਨੇ ਯੋਰੋਸ਼ਲਮ ਫਤਿਹ ਕਰ ਲਿਆ ਹੋਵੇ। ਹੁਣ ਉਥੇ ਛਾਉਣੀ ਬੈਠੀਏ ਤੇ ਕਿਤਾਬਾਂ ਦੇ ਵਰਕੇ ਉੱਡਦੇ ਫਿਰ ਰਹੇ ਨੇ। ਗੇਟ ਅੱਗੇ ਲਹੂ ਦਾ ਛੱਪੜ "ਯੋਰੋਸ਼ਲਮ।" ਯੋਰੋਸ਼ਲਮ। ਮੈਨੂੰ ਆਪਣੀ ਨਜ਼ਮ ਯਾਦ ਆਉਣ ਲੱਗ ਪਈ। ਫੇਰ ਉਹ ਨਜ਼ਮ ਚੇਤੇ ਆਈ ਜੋ ਢਾਕਾ-ਫਾਲ (ਹਾਰ) ਤੇ ਲਿਖੀ ਸੀ। "ਢਾਕਾ, ਮੇਰੇ ਗਵਾਚੇ ਸ਼ਹਿਰ, ਤੂੰ ਜੀਵੇਂ ਜੁਗ-ਜੁਗ।" ਅਜਬ ਤਰ੍ਹਾਂ ਦੇ ਲੋਕੀ ਆਂ ਅਸੀਂ। ਕੋਈ ਸ਼ੈ ਖੁਸ ਜਾਵੇ ਤਾਂ ਬਹੁਤੀ ਸਾਡੀ ਹੋ ਜਾਂਦੀ ਏ। ਕਾਲਜ ਨੂੰ ਈ ਲੈ ਲਵੋ। ਅੱਜ ਮੈਨੂੰ ਬਹੁਤਾ ਈ ਆਪਣਾ ਲੱਗ ਰਿਹਾ ਏ। ਅੱਜ ਜਦੋਂ ਉਹ ਉੱਜੜ ਗਿਆ। ਸਾਰੀ ਬਿਲਡਿੰਗ ਸੋਗ ਦੀ ਚਾਦਰ ਲਪੇਟੀ ਖੜੀ ਏ। ਤਾਲਿਬ ਇਲਮਾਂ ਦੀਆਂ ਕਿਤਾਬਾਂ, ਕਲਮਾਂ, ਜੁੱਤੀਆਂ ਸੜਕ ਉੱਤੇ ਖਿੱਲਰੀਆਂ ਪਈਆਂ ਨੇ। ਬਾਹਰ ਇਕ ਮਾਂ ਤਰਲੇ ਹਾੜੇ ਕਰ ਰਹੀ ਏ। ਸਾਬਰ ਸੂਤੀਲਾ! ਯਹੂਦੀ ਲਸ਼ਕਰ! ਪੰਜਾਬ ਪੁਲਿਸ ਬਰਦੀਆਂ, ਬੰਦੂਕਾਂ! ਅਮਨ ਦੀ ਫ਼ਾਖਤਾ (ਘੁੱਗੀ) ਤਲਵਾਰ ਦੀ ਧਾਰ ਉੱਤੇ ਬੈਠੀ ਏ!

"ਕੀ ਖਿਆਲ ਏ ਤੇਰਾ?" ਇਸ ਤਰ੍ਹਾਂ ਕਿਉਂ ਹੋਇਆ? ਦੂਸਰੇ ਨੇ ਮੇਰਾ ਮੋਢਾ ਹਲੂਣਿਆਂ, ਦਿਲ ਤਾਂ ਮੇਰਾ ਵੀ ਕਰਦਾ ਏ ਕਿ ਸਾਰੀ ਗੱਲ ਦਾ ਪਤਾ ਲੱਗੇ, ਚੌਕੀਦਾਰ ਕਹਿੰਦਾ ਏ, ਪੁਲਿਸ ਨੇ ਆਪਣਾ ਬਦਲਾ ਲੈ ਲਿਆ ਏ, ਪਰ ਹੁਕਮ ਕਿੱਧਰੋਂ ਆਇਆ? ਕਿਸ ਦਿੱਤਾ, ਕਾਹਤੋਂ? ਕਿਹੜੀ ਗੱਲ ਦਾ ਬਦਲਾ?

ਸੁਣੀ-ਸੁਣਾਈ ਸੱਚ ਲਗਦੀ ਏ। ਕਹਿੰਦੇ ਨੇ ਕੰਧ ਲਿਖਤ ਦੀ ਗੱਲ ਏ, ਕਈ ਦਿਨਾਂ ਤੋਂ ਸ਼ਹਿਰ ਦੀਆਂ ਕੰਧਾਂ ਉੱਤੇ ਲਿਖਿਆ 'ਸਾਮਰਾਜ ਮੁਰਦਾਬਾਦ' ਮਿਟਾਇਆ ਜਾ ਰਿਹਾ ਸੀ। ਸਰਕਾਰੀ ਕਰਿੰਦੇ ਚੂਨੇ ਦਾ ਘੋਲ ਬਾਲਟੀਆਂ ਵਿਚ ਭਰਕੇ ਇਹ ਕੰਮ ਕਰ ਰਹੇ ਸੀ। ਪਰ ਉਨ੍ਹਾਂ ਦੇ ਕੀਤੇ ਕਰਾਏ ਤੇ ਪਾਣੀ ਫੇਰਨ ਵਾਲੇ ਬਹੁਤੇ ਇਸੇ ਕਾਲਜ ਦੇ ਮੁੰਡੇ ਸਨ। ਸਰਕਾਰ ਇਸ ਕਾਲੇ ਨਾਹਰੇ ਤੇ ਸਫੈਦੀ ਫੇਰਦੀ ਰਹਿੰਦੀ ਏ ਪਰ ਤਾਲਿਬ-ਇਲਮ ਮੁੜ ਕਾਲਖ ਮਲ ਦਿੰਦੇ ਨੇ। ਅਸੀਂ ਚੇਤੇ ਕਰਦੇ ਸੋਚਦੇ ਰਹੇ। ਫਿਰ ਉਹ ਬੋਲਿਆ, "ਮੇਰਾ ਖਿਆਲ ਏ ਮੈਂ ਕਹਿਣਾ ਚਾਹੁੰਨਾ ਵਾਂ, ਤਾਲਿਬ-ਇਲਮ ਇਸ ਮੂਜੀ ਨੂੰ ਨਾ ਛੇੜਨ।"

ਤੇਰਾ ਮਤਲਬ ਏ ਇਸ ਮੂਜ਼ੀ ਨੂੰ accomodate ਕਰ ਲਿਆ ਕਰਨ?

"ਪੁਲਿਸ ਤਾਂ ਇਹੋ ਚਾਹੁੰਦੀ ਏ"।

ਪੁਲਿਸ ਪੁਰਾਣੀ ਏ, ਤਾਲਿਬ ਇਲਮ ਨਵੇਂ ਨੇ, ਸਾਮਰਾਜ ਵੀ ਨਵਾਂ ਏ "ਪੁਰਾਣਾ ਸਾਮਰਾਜ ਭੁੱਲ ਗਿਆ?"

"ਮਗਰ ਹਮਾਰੇ ਵਕਤੋਂ ਮੇ ਕਾਲਜੋਂ ਤਕ ਕਬ ਆਤੀ ਥੀ ਪੋਲੀਸ"?

(ਉਰਦੂ ਦੇ ਜੁਮਲੇ ਬੋਲਣਾਂ ਉਸਦੀ ਆਦਤ ਸੀ)

ਪਰ ਸਾਡੇ ਵੱਡਕੇ British ਸਾਮਰਾਜ ਦੇ ਖ਼ਿਲਾਫ ਲੜੇ ਸੀ। ਇਕ ਖੁੱਲ੍ਹੀ ਜੰਗ ਸੀ ਉਹ ਹੁਣ ਅਮਰੀਕੀ ਸਾਮਰਾਜ ਦੇ ਖਿਲਾਫ ਵੀ ਇਕ ਜੰਗ ਹੈ ਪਰ ਹੈ ਗੁਪਤ।

"ਆਹੋ ਜੀ, ਸਾਡੀ ਤਾਂ ਤਵਾਰੀਖ ਵਿਚ ਦੋ ਹੀ ਜ਼ਮਾਨੇ ਆਏ। ਇਕ ਪੁਰਾਣਾ ਸਾਮਰਾਜ, ਇਕ ਨਵਾਂ।"

ਵਿਚਕਾਰ?

ਵਿਚਕਾਰ ਇਕ ਵਿੱਥ......ਤੇਰਾ ਤੇ ਮੇਰਾ ਜ਼ਮਾਨਾਂ, ਕੋਈ ਕੰਮ ਨਾ ਕੀਤਾ। ਬੱਸ ਪ੍ਰਿੰਸੀਪਲਾਂ ਨਾਲ ਹੀ ਲੜਦੇ ਰਹੇ। ਦੋਹਾਂ ਨਸਲਾਂ ਵਿਚਕਾਰ ਸਾਡੀ ਹਸਤੀ ਕੀ ਏ? ਅਸੀਂ ਕੌਣ ਹੋ?

ਉਹੋ ਵਿਚਕਾਰ ਵਾਲੇ......ਦਰਮਿਆਨੀ ਕਿਸਮ......ਹੀ ਹੋ......ਹਾਲੇ ਮਜ਼ਾਕ ਦਾ ਵੇਲਾ ਨਹੀਂ ਆ/ਰਤਾ ਕੁ ਬਹਿ ਜਾਈਏ, ਨਹੀਂ ਅੱਗੇ ਚੱਲਦੇ ਹਾਂ, ਪਿੱਪਲ ਦੀ ਛਾਵੇਂ। ਸ਼ੁਕਰ ਏ ਦਰੱਖਤ ਆਪਣੀ ਛਾਂ ਦਾ ਟੈਕਸ ਨਹੀਂ ਵਸੂਲਦੇ।

"ਚੰਗਾ ਤੂੰ ਕਹਿ ਰਿਹਾ ਸੀ, ਦੋ ਨਸਲਾਂ ਵਿਚਕਾਰ ਕੋਈ ਤੀਸਰੀ ਸ਼ੈਅ......।"

ਮੇਰਾ ਮਤਲਬ ਹੋਰ ਏ, ਉਹ ਬੁੱਧੀ ਦੀ ਵਿੱਥ ਸੀ, ਇਸ ਤਰ੍ਹਾਂ ਹੁੰਦਾ, ਜ਼ਮਾਨਿਆਂ ਵਿਚਕਾਰ ਵਿੱਥ ਪੈ ਜਾਂਦੀ। ਸੁੱਤੇ ਜਾਗੇ ਦਾ ਫਰਕ ਸਮਝ, ਇਹੋ ਸਾਡਾ ਘਾਟਾ ਵੀ ਏ।

'ਘਾਟਾ ਕਾਹਦਾ?

"ਉਸ ਵੇਲੇ ਤਾਲਿਬ ਇਲਮ ਨੂੰ ਦਾਖਲਾ ਮਿਲਦਾ ਸੀ। ਸਕਾਲਰਸ਼ਿਪ ਬਥੇਰੀ। 'ਗੁੱਡ-ਵਿੱਲ' "good will" ਦੀ ਡਿਗਰੀ ਅਮਰੀਕਾ ਦਿੰਦਾ ਸੀ। ਲਾਠੀ ਗੋਲੀ ਵੀ ਨਰਮ ਜਿਹੀ ਚੱਲਦੀ ਸੀ। ਹੁਣ ਵੇਖ ਲੈ ਕੀ ਏ? ਪੁਲਿਸ ਕਾਲਜਾਂ ਵਿਚ, ਤਾਲਿਬ ਇਲਮ ਠਾਣਿਆਂ ਵਿਚ....."

"ਗੱਲ ਸੁਣ ਭਰਾਵਾ! ਤੂੰ ਸਦਾ ਤੋਂ ਅੱਧੀ ਗੱਲ ਸੋਚਦਾ ਏਂ, ਤਾਰੀਖ ਦਾ ਇਲਮ ਘੱਟ ਹੋਵੇ ਤਾਂ ਇਸੇ ਤਰ੍ਹਾਂ ਹੁੰਦਾ ਏ।" ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। 'ਤੂੰ ਕਹਿੰਦਾ ਏਂ ਸਾਡੇ ਵੇਲਿਆਂ ਵਿਚ ਨਰਮ ਗੋਲੀ ਚੱਲਦੀ ਸੀ। ਤੈਨੂੰ ਪਤਾ ਨਹੀਂ ਉਸ ਵੇਲੇ ਸਖਤ ਗੋਲੀ ਢਾਕਾ ਸ਼ਹਿਰ ਚਲਦੀ ਸੀ। ਪਹਿਲਾਂ ਬੰਗਾਲ, ਫਿਰ ਪੰਜਾਬ ਸਦਾ ਇਸੇ ਤਰ੍ਹਾਂ ਹੁੰਦਾ ਰਿਹਾ......।"

"ਇਸ ਦੀ ਵਜ੍ਹਾ" ਉਸ ਨੇ ਸਵਾਲ ਕੀਤਾ। ਪਰ ਮੈਂ ਜਵਾਬ ਦੇਣ ਦੀ ਬਜਾਏ ਸੋਚੀ ਪੈ ਗਿਆ, ਕਿੰਨਾਂ ਫਰਕ ਪੈ ਗਿਆ ਏ। ਪੰਦਰਾਂ ਵਰ੍ਹੇ, ਪਹਿਲਾਂ ਢਾਕੇ ਦੀ ਗੱਲ ਤੇ ਅਸੀਂ ਦੋਵੇਂ ਘੁਲ ਪੈਂਦੇ ਸਾਂ। ਸਾਡੇ ਵਿਰੋਧ ਲਾਹੌਰ ਢਾਕੇ ਦੇ ਵਿਚਕਾਰ ਦੇ ਮੀਲਾਂ ਕੋਲੋਂ ਵੀ ਲੰਮੇ ਸੀ। ਅੱਜ ਕਿੱਡੇ ਅਰਾਮ ਨਾਲ ਪੁੱਛ ਰਿਹਾ ਉਹੋ ਇਕ ਗੱਲ। ਜਿਸ ਤੇ ਮੁੱਕਾ ਵਿਖਾਉਂਦਾ, ਮੈਨੂੰ 'ਲਾਲ' ਹੋਣ ਦਾ ਉਲਾਮਾ ਇੰਝ ਦੇਂਦਾਂ ਜਿਵੇਂ ਮੈਂ ਕੋਈ ਅਪਰਾਧੀ ਵਰਗ ਦਾ ਬੰਦਾਂ ਹੋਵਾਂ/ਅੱਜ ਅਸੀਂ ਦੋਵੇਂ ਆਪਣੀ-ਆਪਣੀ ਥਾਂ ਤੋਂ ਖਿਸਕੇ ਹੋਏ ਵਾਂ। ਫੇਰ ਵੀ ਹਕੀਕਤ ਅਟੱਲ ਏ। ਅੱਜ ਉਸ ਦੇ ਭੋਲੇ ਜਿਹੇ ਸਵਾਲ ਉੱਤੇ ਮੈਨੂੰ ਲੱਗਾ ਇਸ ਕੱਚੀ ਸੂਝ ਵਾਲੀ ਕੌਮ ਨੂੰ ਰੋਟੀ ਤੋਂ ਵੀ ਵੱਧ ਇਤਿਹਾਸ ਦੀ ਲੋੜ ਏ। ਪਰ ਇਤਿਹਾਸ਼ ਦਾ ਸੱਚ ਸੁਣ ਕੇ ਇਹ ਬੋਲਣ ਵਾਲੇ ਦੀ ਜ਼ੁਬਾਨ ਵੀ ਕੱਪ ਲੈਂਦੇ ਨੇ। ਵਹਿਸ਼ੀ ਤਾਕਤ! ਖ਼ੈਰ ਅੱਜ ਤਾਂ ਉਸੇ ਨੇ ਗੱਲ ਛੋਹੀ ਸੀ। ਸੋ ਮੈਂ ਉਸ ਨੂੰ ਸਮਝਾਉਂਦਾ ਰਿਹਾ, ਉਹ ਸਬਰ ਨਾਲ ਸੁਣਦਾ ਵੀ ਰਿਹਾ। ਕਿਸ ਤਰ੍ਹਾਂ 'British' ਸਾਮਰਾਜ ਨੇ ਹਿੰਦੋਸਤਾਨ ਤੇ ਕਾਠੀ ਪਾ ਕੇ ਬੰਗਾਲ ਤੇ ਪੰਜਾਬ ਨੂੰ ਵੱਖਰਾ-ਵੱਖਰਾ ਵਰਤਿਆ। ਇਕ ਪਾਸੇ ਕਾਲ ਪਵਾਇਆ। ਦੂਸਰੇ ਪਾਸੇ ਵਾਧੂ ਆਬਾਦੀ ਵਾਸਤੇ ਨਹਿਰਾਂ ਦੇ ਜਾਲ ਵਿਛਾਏ। ਇਕ ਪਾਸੇ ਜੁਲਾਹੇ ਦੇ ਅੰਗੂਠੇ ਵੱਢ ਕੇ ਦੇਸੀ ਟੈਕਸਟਾਈਲ ਇੰਡਸਟਰੀ ਮੁਕਾਈ, ਦੂਜੇ ਪਾਸੇ ਕਿਸਾਨ ਦਾ ਪੁੱਤਰ ਫੌਜੀ ਬਣਾ ਕੇ ਜੰਗ ਦੀ ਅੱਗ ਵਿਚ ਸੁੱਟਿਆ।

"ਬੰਗਾਲੀ ਸਦਾ ਤੋਂ ਕਾਲੇ ਕਮਜ਼ੋਰ ਤੇ ਠਿੱਗਣੇ ਸੀ ਨਾਂ। ਕਣਕ ਵੰਨੇ ਤੇ ਉੱਚੇ ਲੰਮੇ" ਗੱਲ ਮਸ਼ਹੂਰ ਏ।

ਬੱਚਿਆਂ ਵਾਲੀ ਗੱਲ! ਬੰਗਾਲੀ, ਪੰਜਾਬੀ, ਕਿਰਦਾਰ ਦੀਆਂ ਦੋ ਹੱਦਾਂ। ਇਕ ਦੀ ਬਗਾਵਤ ਕਦੇ ਨਾ ਮੁੱਕੀ। ਦੂਜੇ ਦੀ ਵਫ਼ਾਦਾਰੀ ਆਪਣੇ ਆਪ ਨੂੰ ਲੈ ਡੁੱਬੀ।

"ਫੇਰ ਅੱਗੇ ਪਾਕਿਸਤਾਨ ਬਣ ਗਿਆ ਤਾਂ ਕੀ ਹੋਇਆ? ਸਕੂਲੀ ਮੁੰਡੇ ਦਾ ਸਵਾਲ।

ਆਹੋ! ਪਾਕਿਸਤਾਨ ਬਣਦੇ ਸਾਰ ਨਵਾਂ ਸਾਮਰਾਜ ਆ ਗਿਆ। ਬੰਗਾਲ ਵਿਚ ਉਹਨੂੰ ਕਿਸੇ ਨਾ ਮੰਨਿਆ। ਕੌਣ ਮੰਨਦਾ? ਫਿਊਡਲ ਤੁਰਮ-ਖਾਨੀ ਤਾਂ ਉਥੇ ਹੈ ਨਹੀਂ ਸੀ। ਪੰਜਾਬ ਵਿਚ ਕਾਲਾ ਬਾਗ ਹੈ ਸੀ।

ਅੱਗੋਂ ਫੀਲਡ ਮਾਰਸ਼ਲ ਤੇ ਗੁਲਾਮ ਮੁਹੰਮਦ ਪੈਦਾ ਹੋ ਗਏ...ਪਰ ਅੱਜ ਜਦੋਂ ਪੰਜਾਬ ਸੋਝੀ ਵਾਲਾ ਹੋ ਗਿਆ ਏ, ਏਥੇ ਵੀ ਗੋਲੀ ਸਿੱਧੀ ਜਵਾਨ ਸੀਨੇ ਤੇ ਲਗਦੀ ਏ। ਸਾਮਰਾਜ ਨੂੰ ਪੰਜਾਬ ਵਿਚ ਵਿਦਿਆਰਥੀ ਨਹੀਂ, ਫੌਜੀ ਚਾਹੀਦਾ ਏ, ਆਪਣੇ ਦੋਸਤਾਂ ਦੀ ਰਖਵਾਲੀ ਲਈ।

"ਸਾਮਰਾਜ ਦੇ ਦੋਸਤ? ਇਕ ਤਾਂ ਇਜ਼ਰਾਈਲ ਹੋਇਆ। ਕੀ ਸਾਡੀ ਫੌਜ ਅਜ਼ਰਾਈਲ ਦੀ ਰਾਖੀ ਕਰਦੀ ਏ? ਤੂੰ ਤਾਂ ਸੱਚੀ-ਮੁੱਚੀ ਸਮਝਦਾਰੀ ਦੀ ਗੱਲ ਕਰ ਛੱਡੀ।"

ਮੇਰੀ ਏਸ ਗੱਲ ਤੋਂ ਉਹ ਰਤਾ ਕੁ ਖੁਸ਼ ਤਾਂ ਹੋਇਆ ਪਰ ਹਠ-ਧਰਮੀ ਕਰਦਾ ਹੋਇਆ ਆਖਣ ਲੱਗਾ, "ਮੈਂ ਤਾਂ ਸਦਾ ਈ ਠੀਕ ਰਾਹ ਤੇ ਰਿਹਾ ਵਾਂ। ਯਾਦ ਨਹੀਂ ਮੈਂ ਫਾਤਿਮਾ ਜਿਨਾਹ ਵੱਲ ਹੋ ਕੇ ਫੀਲਡ ਮਾਰਸ਼ਲ ਦੇ ਖਿਲਾਫ਼ ਲੜਿਆ ਸਾਂ ਤੇ ਜੇਲ੍ਹ ਵੀ ਕੱਟੀ ਸੀ।" ਹਾਂ ਹਾਂ! ਮੈਂ ਉਸ ਦੌਰ ਨੂੰ ਖੁਸ਼ੀ ਨਾਲ ਯਾਦ ਕੀਤਾ। ਉਸ ਵੇਲੇ ਪੰਜਾਬ ਇਕੱਠੇ ਸੀ ਤੇ ਰਾਈਟ, ਲੈਫਟ ਦੇ ਸਾਰੇ ਸੂਝਵਾਨ ਵੀ। ਫੇਰ ਹੋਇਆ ਕਿ ਕੱਠੇ ਹੋ ਕੇ ਵੀ ਅਸੀਂ ਫੀਲਡ ਮਾਰਸ਼ਲ ਕੋਲੋਂ ਹਾਰ ਗਏ। ਅਸੀਂ ਸਾਰੇ......ਲਾਹੌਰ ਢਾਕਾ, ਕਰਾਚੀ ਰਾਈਟ, ਲੈਫਟ, ਸੈਂਟਰ ਤੇ ਜਿਨਾਂਹ ਦੀ ਭੈਣ ਅਸੀਂ ਸਾਰੇ ਹਾਰ ਗਏ। ਮਾਰਸ਼ਲ ਤਾਕਤ ਜਿੱਤ ਗਈ। ਚਲੋ ਹਾਰ ਗਏ ਤਾਂ ਕੀ ਹੋਇਆ। ਤਾਰੀਖ ਤਾਂ ਬਣੀ।

"ਪਰ ਹਾਰੇ ਕਿਉਂ?" ਉਹਨੇ ਆਪਣੇ ਸਿਰ ਨੂੰ ਇੰਝ ਝਟਕਾ ਦਿੱਤਾ, ਜਿਵੇਂ ਕੋਈ ਬਾਲ ਆਪਣਾ ਖਿਡੌਣਾ ਖੋਹ ਘੱਤਣ ਤੇ ਕਰਦਾ ਏ। ਅਸੀਂ ਹਾਰੇ ਕਿਉਂ? ਸਿੱਧੀ ਗੱਲ ਏ-ਪੋਲਿੰਗ ਪੁਲਸ ਦੇ ਹੱਥ ਵਿਚ ਸੀ। ਅਫਸਰਸ਼ਾਹੀ ਨੂੰ ਇਕ ਮਰਦ ਚਾਹੀਦਾ ਸੀ ਪੂਰਾ ਸੂਰਾ।

"ਚੱਲ ਚੰਗਾ ਹੋਇਆ ਇਕ ਵਾਰੀ ਰਾਈਟ ਲੈਫਟ ਇਕੱਠਾ ਤਾਂ ਹੋਇਆ ਉਹ ਵੀ good cause ਲਈ! ਨਹੀਂ?

ਇਕ ਵਾਰੀ· ਕਿਉਂ? ਦੂਜੀ ਵਾਰੀ ਵੀ ਅਸੀਂ ਇਕੱਠੇ ਹੋਏ ਸੀ। ਭੁੱਟੋ ਦੇ ਖਿਲਾਫ ਸੁਰਖੇ (ਲਾਲ) ਸਬਜੇ (ਹਰੇ) ਸਭ ਇਕੱਠੇ ਸੀ। ਹਾਂ ਇਕੱਠੇ ਹੋਏ ਵਿਛੜ ਜਾਣ ਲਈ। ਰਾਹੀ ਮਿਲਤੇ ਹੈਂ, ਬਿਛੜ ਜਾਨੇ ਕੋ......ਉਹ ਗਾਉਣ ਲੱਗ ਪਿਆ। ਰਾਹੀਂ ਮਿਲਦੇ ਨੇ ਬੁਰੇ Cause ਲਈ ਵੀ' ਮੈਂ ਆਖਿਆ।

ਛੱਡ ਪਰ੍ਹਾਂ ਕਾਜ਼ (Cause) ਦੀ ਗੱਲ ਜਿੱਤਿਆ ਕੌਣ? ਦੂਜੀ ਵਾਰੀ ਵੀ ਸਾਮਰਾਜ ਜਿੱਤ ਗਿਆ। ਨਹੀਂ? ਹਾਂ, ਪਰ ਦੂਜੀ ਵਾਰੀ ਕੋਈ ਤਾਰੀਖ ਨਹੀਂ ਬਣੀ। ਬੱਸ ਕਾਲੇ ਦਾਗ਼ ਲੱਗੇ ਤੇਰੇ ਮੂੰਹ ਤੇ। ਕਿੱਡੀ ਕਾਲਖ਼ ਘੋਲ ਦਿੱਤੀ ਅਸਾਂ ਵੇਲੇ ਦੇ ਵਗਦੇ ਦਰਿਆ ਵਿਚ। ਕਾਲਾ ਦਰਿਆ ਠਹਿਰ ਗਿਆ। ਫੇਰ ਉਸੇ ਸਿਆਹੀ ਨਾਲ ਲਿਖਿਆ ਗਿਆ ਇਤਿਹਾਸ ਦਾ ਇਕ ਟੋਟਾ।.....
"ਇਕ ਵੇਲਾ ਆਇਆ ਪਾਕਿਸਤਾਨ ਲੈਫਟ ਦੀ, ਰਾਈਟ ਦੀ, ਮੁੱਲਾਂ ਵੀ, ਲਿਬਰਲ ਵੀ, ਲੋਕਾਂ ਦੇ ਖਿਲਾਫ਼ ਇਕੱਠੇ ਹੋਏ। ਸਾਜ਼ਸ਼ੀ! ਸੱਭੋ ਘੋੜੇ ਬਣ ਕੇ ਗੱਡੀ ਅੱਗੇ ਲੱਗ ਗਏ। ਏਸ ਗੱਲ ਦੀ ਤਾਈਦ ਵਿਚ ਉਹਨੇ ਸਿਰ ਵੀ ਹਿਲਾਇਆ। ਕਹਿਣ ਲੱਗਾ, "ਵੁਹੀ ਵਕਤ ਤੋਂ ਥਾ ਜਬ ਹਮ ਸਭ ਅਕਲ ਕੇ ਸਰਮਾਏ ਮੇਂ Bankrupt (ਦੀਵਾਲੀਆ) ਤਸਲੀਮ ਹੂਏ ਥੇ" ਆਹੋ-ਰਾਈਟ ਤੇ ਲੈਫਟ ਦੀ ਸਿਆਸਤ ਰਾਹੀਂ ਉਸੇ ਦਿਨ ਤੋਂ ਖੱਜਲ ਹੋਈ।

ਸੱਚੀ ਗੱਲ ਏ ਸਾਡੀ ਦੋਹਾਂ ਦੀ ਸਿਆਸਤ ਖੱਜਲ-ਖੁਵਾਰ ਹੋ ਚੁੱਕੀ, ਪਰ ਉਹਨੇ ਮੇਰੀ ਮੁਖਾਲਫ਼ਤ ਤੀਕਰ ਛੱਡ ਦਿੱਤੀ? ਹੁਣ ਵੀ ਮੈਂ ਉਹਦਾ ਦੁਸ਼ਮਣ ਨਹੀਂ ਰਿਹਾ। ਮਤਲਬ ਕੀ ਹੋਇਆ? ਇਕ ਦੂਜੇ ਨਾਲ ਫਸਾਦ ਕਰਨਾ ਈ ਸਾਡਾ ਮਕਸਦ ਸੀ? ਹੋਰ ਕੁਝ ਵੀ ਨਹੀਂ। ਤਾਹੀਓਂ ਸਾਰੇ ਖੂਨ-ਖਰਾਬੇ ਮੇਰੀਆਂ ਅੱਖਾਂ ਅੱਗੇ ਫਿਰ ਗਏ। ਉਹ ਕੜੀ ਵਰਗੇ ਜਵਾਨ ਜੋ ਏਸ ਚੱਕਰ ਵਿਚ ਮਾਰ ਗਏ।...

ਕੀ ਸੋਚ ਰਿਹਾ ਏਂ? ਉਹਨੇ ਮੇਰੇ ਮੋਢੇ ਤੇ ਹੱਥ ਰੱਖਿਆ ਪਿਛਲੀਆਂ ਗੱਲਾਂ, ਬੀਤੇ ਦਿਨ ਕਦੇ ਭੁੱਲ ਨਹੀਂ ਸਕਦੇ। "ਯਾਦ ਮਾਜ਼ੀ ਆਜ਼ਾਬ ਹੈ ਯਾ ਰੱਬ" ਗਾਲਿਬ ਸੱਚ ਈ ਕਹਿੰਦਾ ਸੀ।

"ਛੱਡ ਪੁਰਾਣੀਆਂ ਗੱਲਾਂ। ਹੁਣ ਵੇਖ ਕੀ ਕੁਝ ਹੋ ਰਿਹਾ ਏ। ਜਵਾਨਾਂ ਦਾ ਕਤਲ, ਜ਼ਨਾਨੀਆਂ ਦਾ ਬਲਾਤਕਾਰ. ਬੱਚਿਆਂ ਦੀਆਂ ਲਾਸ਼ਾਂ, ਹਥੌੜੇ ਗਰੁੱਪ, ਕਿਤੇ ਕੁਹਾੜੇ ਗਰੁੱਪ। ਕਿਹੋ ਜਹੇ ਹਾਲਾਤ ਹੋਏ ਨੇ। ਤਬਦੀਲੀ ਦਾ ਰਸਤਾ ਡੱਕ ਕੇ ਏਸੇ ਤਰ੍ਹਾਂ ਹੋਣਾ ਸੀ। ਤੁਸੀਂ ਚਲਾਓ ਆਪਣੇ ਸੁਧਾਰਨ ਪ੍ਰੋਗਰਾਮ. ਇਨਕਲਾਬ ਤਾਂ ਗੈਰ-ਇਸਲਾਮੀ ਹੋਇਆ ਨਾਂ, ਪਰ ਉਹਨੇ ਮੇਰਾ ਗੁੱਸਾ ਵੇਖਿਆ ਨਾ-ਗੱਲ ਦੀ ਕੁੜੱਤਣ ਚੱਖੀ। ਬੜੇ ਆਰਾਮ ਨਾਲ ਰਹਿਣ ਲੱਗਾ, "ਮੇਰੇ ਖਿਆਲ ਵਿਚ ਮੁੰਡਿਆਂ ਦੇ ਕਾਲਜ ਬੰਦ ਕਰ ਦੇਣੇ ਚਾਹੀਦੇ ਨੇ।"

ਕੀ? ਕੀ ਆਖਿਆ ਤੂੰ? ਕਾਲਜ ਬੰਦ ਕਰਾਉਣ ਤੋਂ ਪਹਿਲਾ ਅੱਡੇ ਬਦ ਕਰਾਓ। ਥਾਣੇ ਬੰਦ ਕਰਾਓ। ਸਰਹੱਦਾਂ ਸੀਲ ਕਰਾਓ!! ਮੈਨੂੰ ਗੁੱਸਾ ਚੜ੍ਹ ਗਿਆ। ਉਹ ਵੀ ਗੁੱਸੇ ਨਾਲ ਈ ਬੋਲਿਆ, "ਮੈਂ......ਮੈਂ ਬੰਦ ਕਰਾਵਾਂ ਅੱਡੇ ਥਾਣੇ? ਤੇਰੀ ਖੋਪੜੀ ਖ਼ਰਾਬ ਏ। ਏਸੇ ਤਰ੍ਹਾਂ ਰਵੇਗੀ। ਮੈਂ ਕਾਲਜ ਬੰਦ ਕਰਾਉਣ ਦੀ ਗੱਲ ਕਰਦਾਂ ਮੁੰਡਿਆਂ ਨੂੰ ਬਚਾਉਣ ਲਈ। ਤੂੰ ਥਾਣੇ ਬੰਦ ਕਰਾਉਣਾ ਕਿਸ ਨੂੰ ਬਚਾਉਣ ਲਈ?"

ਐਨੇ ਡੂੰਘੇ ਵਿਰੋਧ ਲੈ ਕੇ ਅਸੀਂ ਇਕੱਠੇ ਚੱਲ ਸਕਦੇ ਹਾਂ? ਦੋ ਕਦਮ ਵੀ ਨਹੀਂ, ਪਰ ਉਸ ਵੇਲੇ ਅਸੀਂ ਚੱਲ ਕਦੋਂ ਰਹੇ ਸਾਂ। ਅਸੀਂ ਤਾਂ ਬੈਠੇ ਸੀ। ਉਸੇ ਥਾਂ। ਉਸੇ ਬੋਹੜ ਦੇ ਭਾਰੇ ਤਣੇ ਨਾਲ ਢੋਅ ਲਾਕੇ "ਜਿਹ ਤੋਂ ਵੁਹੀ ਜਗ੍ਹਾ ਹੈ, ਗੁਜ਼ਰੇ ਥੇ ਹਮ ਜਹਾਂ ਸੇ।" ਦੂਰ ਕਿਤੇ ਰੀਕਾਰਡ ਵੱਜ ਰਿਹਾ ਸੀ। ਵਰ੍ਹਿਆਂ ਪੁਰਾਣਾ ਗੀਤ ਮੈਨੂੰ ਕਿਤੇ ਦੂਰ ਉਡਾ ਕੇ ਲੈ ਗਿਆ। ਉਸੇ ਸਾਲ ਮੈਂ ਆਪਣੀ ਪਹਿਲੀ ਤੇ ਅਖੀਰਲੀ ਮੁਹੱਬਤ ਕੀਤੀ ਸੀ। ਫੇਰ ਜਦੋਂ ਉਹ ਮੁਹੱਬਤ ਬਰਬਾਦ

ਹੋ ਗਈ। ਯਾਦ ਨਹੀਂ ਉਸ ਸਾਲ ਕਿਹੜਾ ਗੀਤ ਬਣਿਆ ਸੀ ? ਜੀਵਨ ਤੇ ਇਕ ਝਾਤੀ ਪਾਵਾਂ ਤਾਂ ਕੀ ਹੈ...ਮੁਹੱਬਤ, ਜੰਗ, ਸਿਆਸਤ, ਜਦੋ-ਜਹਿਦ, ਟੁੱਟੀਆਂ ਭੱਜੀਆਂ ਆਸਾਂ। ਅਸਲ ਵਿਚ ਹਾਰ ਹੀ ਹਾਰ ਏ। ਮੈਂ ਗੋਡਿਆਂ ਵਿਚ ਸਿਰ ਦੇ ਕੇ ਸੋਚੀਂ ਪੈ ਗਿਆ।...ਯਿਹ ਤੋ ਵੁਹੀ ਜਗ੍ਹਾ ਹੈ...ਪੁਰਾਣਾ ਗੀਤ ਤੇ ਦਰੱਖਤ ਦੀ ਠੰਢੀ ਛਾਂ। ਕੁਝ ਲੋਕੀਂ ਏਸ ਤਰ੍ਹਾਂ ਵੀ ਜ਼ਿੰਦਗੀ ਗੁਜ਼ਾਰ ਲੈਂਦੇ ਨੇ। ਪਰ ਮੈਂ ਤਾਂ ਕਿਥੋਂ ਦੂਰੋਂ ਮੁੜ ਕੇ ਆਇਆ ਵਾਂ। ਸਦੀਆਂ ਗਵਾ ਕੇ। ਕਿਸੇ ਬੇ ਪਛਾਣ ਦੁਨੀਆਂ ਦਾ ਇਕ ਬੇ ਪਛਾਣ ਜਿਹਾ ਮੁਸਾਫ਼ਰ। ਏਸ ਡੂੰਘੀ ਸ਼ਾਮ ਨੂੰ ਕਿਥੇ ਜਾਵੇਂਗਾ ? ਕਿਥੇ-ਕਿਥੇ ਮੇਰਾ ਆਪਣਾ ਆਪ ਗਵਾਚ ਗਿਆ ਏ। **sense of loss,** ਅੰਦਰ ਖਾਲੀ, ਬਾਹਰ ਖਾਲੀ......

"ਬੜੀ ਗਲਤੀ ਹੋਈ ਯਾਰ" ਮੈਂ ਦੂਸਰੇ ਦੀ ਆਵਾਜ਼ ਸੁਣੀ। ਉਹ ਕਹਿ ਰਿਹਾ ਸੀ "ਜੇ ਉਸ ਪਾਨ ਵਾਲੇ ਨੂੰ ਟਰਾਈ (Try) ਕੀਤਾ ਹੁੰਦਾ ਤਾ ਉਸੇ ਕੋਲੋਂ ਕੰਮ ਬਣ ਜਾਂਦਾ। ਨਾਹੱਕ ਕਾਲਜ ਤੋੜੀ ਗਏ। ਦਿਲ ਖ਼ਰਾਬ ਕਰਨ।"

ਕਾਲਜ ! ਮੇਰੇ ਦਿਲ ਨੂੰ ਹੌਲ ਪੈ ਗਿਆ। ਕਿਸ ਤਰ੍ਹਾਂ ਭੁੱਲ ਜਾਵਾਂ ਉਸ ਮਾਂ ਨੂੰ। ਹੋਰ ਖੌਰੇ ਕਿੰਨੀਆਂ ਮਾਵਾਂ ਦੁਖੀਆਂ ਹੋਈਆਂ ਨੇ।

"ਹਾਂ ਯਾਰ।" ਉਹ ਮੇਰੇ ਨਾਲ ਸਹਿਮਤ ਸੀ। ਤਾਹੀਉਂ ਉਹਨੂੰ ਇਕ ਲੰਮੀ ਉਬਾਸੀ ਆਈ। ਨਾਲ ਹੀ ਮੈਨੂੰ ਵੀ।

"ਹੱਦ ਹੋ ਗਈ" ਉਹ ਕਹਿਣ ਲੱਗਾ। ਇਕ ਚੁੱਟਕੀ ਪਾਊਡਰ ਚਾਹੀਦਾ ਸੀ ਗ਼ਮ ਗ਼ਲਤ ਕਰਨ ਲਈ। ਬੇ ਖ਼ਬਰੀ ਦੀ ਨੀਂਦਰ ਵਾਸਤੇ। ਇਕ ਉਹ ਨੇ ਸੇਰਾਂ ਪੰਨਸੇਰੀਆਂ ਦੇ ਹਿਸਾਬ ਬਾਹਰ ਭੇਜਦੇ ਨੇ, ਖ਼ੂਬਸੂਰਤ ਕੁੜੀਆਂ ਦੇ ਮੋਢਿਆਂ ਤੇ ਲਟਕਦੇ ਬੈਗਾਂ ਵਿਚ ਪਾ ਕੇ, ਜੈਕਟਾਂ ਵਿਚ ਸੰਵਾ ਕੇ। ਕਰੋੜਾਂ ਦੀ ਕਮਾਈ। ਸਭ ਪੈਸੇ ਦੀ ਖੇਡ ਏ।"

ਨਿਰੀ ਪੈਸੇ ਦੀ ਨਹੀਂ, ਵੱਡੇ ਪੈਸੇ ਦੀ ਖੇਡ। ਮੈਂ ਉਹਨੂੰ ਲੁਕਮਾ ਦਿਤਾ। ਵੱਡਾ ਪੈਸਾ ? ਹਾਂ ਹਾਂ ਛੋਟੇ ਆਦਮੀ ਵਾਂਗ ਛੋਟਾ ਪੈਸਾ ਵੀ ਤਾਂ ਫੇਲ੍ਹ ਹੋ ਗਿਆ ਏ। ਵੱਡਾ ਪੈਸਾ ਚੱਲਦਾ ਏ। ਵੱਡਾ ਹਾਥੀ, ਵੱਡਾ ਮੁਲਕ, ਵੱਡਾ ਆਦਮੀ ਸੱਭੇ ਰਲ ਕੇ ਚੱਲਦੇ ਨੇ Super Monoply, Super **power.**

"ਵੱਡਾ ਮੁਲਕ, ਚਿੱਟਾ ਹਾਥੀ ਤਾਂ ਸੁਣੇ ਸੀ, ਪਰ ਇਹ ਵੱਡਾ ਪੈਸਾ ? ਕਿਸੇ ਬੱਚੇ ਵਾਂਗ ਉਹਨੇ ਸਵਾਲ ਚੁੱਕਿਆ, ਤਾਂ ਮੈਨੂੰ ਸਮਝਾਉਣਾ ਈ ਪਿਆ। ਭਾਈ ਵੱਡਾ ਪੈਸਾ, ਡਾਲਰ, ਪਾਊਂਡ ਮਾਰਕ, ਯੈਨ ਵਰਗੇ ਸਿੱਕੇ ਨੇ, ਸਾਡਾ ਟਕਾ ਤਾਂ ਰੱਦੀ ਕਾਗਜ਼ ਏ, ਮਾੜੇ ਜਹੇ ਵਾ ਵਰੋਲੇ ਨਾਲ ਉੱਡ ਜਾਂਦਾ। ਫੇਰ ਉਹੀ ਵਾ-ਵਰੋਲਾ ਸਾਰੀ Economy (ਆਰਥਕਤਾ) ਨੂੰ ਚੱਕਰ ਵਿਚ ਪਾ ਛੱਡਦਾ ਏ, ਅਸਲੀ ਗੱਲ ਇਹੋ ਈ ਏ। ਕੰਧ ਲਿਖਤ ਦੀ ਗੱਲ ਨਹੀਂ।

"ਕੰਧ ਲਿਖਤ ਵੀ ਠੀਕ ਏ, ਸਾਮਰਾਜ ਮੁਰਦਾਬਾਦ।" ਉਹਨੇ ਨਾਹਰਾ ਮਾਰਿਆ। ਪਰ ਮੈਂ ਉਹਦੇ ਮੂੰਹ ਤੇ ਹੱਥ ਰੱਖ ਦਿੱਤਾ। ਸਾਹਮਣੇ ਖੜੇ ਨੇ ਸਾਮਰਾਜ ਦੇ ਸਿਪਾਹੀ। ਗੋਲੀ ਮਾਰ ਦੇਣਗੇ।

"ਨਾ ਨਾ। ਸਾਡੇ ਵਰਗਿਆਂ ਤੇ ਉਹਨਾਂ ਗੋਲੀ ਕਾਹਨੂੰ ਜ਼ਾਇਆ ਕਰਨੀ। ਗੋਲੀਆਂ ਵਾਸਤੇ ਜਵਾਨ ਜੋ ਨੇ ਕਾਲਜਾਂ ਅੰਦਰ ਬਥੇਰੇ।" ਤਾਰੀਖੀ ਦੁਨੀਆਂ......ਚੁੱਪ ਕਰ ਜਾ ਯਾਰ। ਮੈਂ ਉਹਨੂੰ ਡੱਕਿਆ, ਏਸ ਵੇਲੇ ਮੈਨੂੰ ਆਪਣਾ ਦੂਦੂ ਯਾਦ ਆ ਰਿਹਾ ਏ, ਮੇਰਾ ਬੱਚਾ ਸਕੂਲ ਦੇ ਅਖੀਰਲੇ ਸਾਲ ਵਿਚ ਏ, ਕੱਲ ਨੂੰ ਉਸ ਵੀ ਕਾਲਜ ਵਿਚ ਦਾਖਲ ਹੋਣਾ ਏ। ਕੀ ਹੋਵੇਗਾ......ਉਹ ਵੀ ਕਤਲ......ਮੇਰਾ ਗਲ ਘੁਟਿਆ ਗਿਆ। ਅੱਖਾਂ ਕੌੜੇ ਜ਼ਹਿਰ ਪਾਣੀ ਨਾਲ ਭਰ ਗਈਆਂ। ਇਕ ਵਾਰੀ ਕਾਲਜ ਗੇਟ ਤੇ ਨਿਗਾਹ ਮਾਰੀ। ਹੁਣ ਪੁਲਸ ਉਥੇ ਨਹੀਂ ਸੀ। ਪਰ ਮਾਂ ਉਥੇ ਈ ਖਲੋਤੀ ਸੀ। ਕਿਥੇ ਹੋਵੇਗਾ ਉਹਦਾ ਪੁੱਤਰ ? ਕਿਸੇ ਹਸਪਤਾਲ ਵਿਚ ? ਹਵਾਲਾਤ ਵਿਚ ? ਜਾਂ ਕਿਸੇ ਤੀਸਰੀ ਜਗ੍ਹਾ। ਚੌਕੀਦਾਰ ਦੀ ਗੱਲ, ਲਾਵਾਰਸ ਲਾਸ਼ਾਂ। ਮਾਂ ਦਾ ਜ਼ਿੱਦੀ ਸਵਾਲ। "ਕਿਉਂ ਉਥੇ ਕਿੰਝ ਚਲਾ ਗਿਆ ?" ਮਾਂ ਦੇ ਸਵਾਲ ਦਾ ਜਵਾਬ ਪੁਲਸ ਦੀ ਗਾਲ੍ਹ ਏ। ਸ਼ਾਇਰ ਨੇ ਠੀਕ ਈ ਕਿਹਾ ਸੀ।

"ਅਫਸੋਸ ਕਿ ਫ਼ਰਊਨ ਕੋ ਕਾਲਜ ਕੀ ਨਾ ਸੂਝੀ।" ਪੁਰਾਣੇ ਸ਼ਾਇਰ ਅੱਜ ਦੀਆਂ ਗੱਲਾਂ ਕਿਸ ਤਰ੍ਹਾਂ ਬੁੱਝ ਲੈਂਦੇ ਸੀ ? ਮੇਰੇ ਵਰਗੇ ਨੂੰ ਤਾਂ ਅੱਜ ਦੀ ਖ਼ਬਰ ਵੀ ਅਖ਼ਬਾਰ ਪੜ੍ਹ ਕੇ ਪਤਾ ਲੱਗਦੀ ਏ।

ਪਰ ਅਖ਼ਬਾਰ ਦੇ ਲਫ਼ਜ਼ਾਂ ਵਿਚ ਇਹ ਸਭੋ ਕੁਝ......ਉਜੜੇ ਕਾਲਜ, ਪੁਲਸ ਦੇ ਲਸ਼ਕਰ, ਮੁਰਦਾਖ਼ਾਨੇ ਵਿਚ ਜਵਾਨ ਲਾਸ਼ਾਂ ਕਿਸ ਤਰਾਂ ਸਮਾ ਸਕਦੇ ਨੇ ?

ਹੁਣ ਮੇਰੇ ਜ਼ਿਹਨ ਵਿਚ ਇਕ ਸਾਲ ਪੁਰਾਣੀ ਰੀਲ ਚਲ ਪਈ। ਕਈ ਜਵਾਨ ਖ਼ੂਬਸੂਰਤ ਚਿਹਰੇ, ਕਈ ਜਵਾਨ ਨਾਂ......ਵਿੱਕੀ, ਸਲੀਮ, ਨਾਸਰ, ਬਰਕਤ, ਸ਼ਾਹ ਨਵਾਜ਼, ਕੜੀ ਵਰਗੇ ਜਵਾਨ, ਉਹ ਦਿਹਾੜਾ ਜਦੋਂ ਉਹ ਜੰਮੇ ਸੀ। ਉਹ ਦਿਹਾੜਾ ਜਦੋਂ ਉਹ ਕਾਲਜ ਗਏ। ਕਾਲਜ ਜਿਥੇ ਪੁਲਸ ਦੇ ਮੋਰਚੇ ਨੇ, ਹੀਰੋਇਨ ਮਿਲਦੀ ਏ।......ਪੁੱਤ ਹੱਟਾਂ ਤੇ ਨਹੀਂ ਵਿਕਦੇ......ਉਹ ਦਿਹਾੜਾ ਜਦ ਵਿੱਕੀ ਦੀ ਲਹੂ ਭਿੱਜੀ ਲਾਸ਼ ਕਰਾਚੀਉਂ ਆਈ ਸੀ......ਕੇਡਾ ਦਲੇਰ ਗਭਰੂ ਸੀ। ਪੁਲਸ ਨਾਲ ਤਾਂ ਰੋਜ਼ ਈ ਮੈਚ ਪੈਂਦਾ। ਪਰ ਖ਼ੈਰ ਅੱਧੇ ਗੋਲ ਮੈਂ ਕੱਲਾ ਈ ਕਰ ਲੈਂਦਾ ਵਾਂ! ਉਹਦਾ ਕਰਾਚੀ ਵਾਲਾ ਦੋਸਤ ਮੰਨ ਗਿਆ। ਪੰਜਾਬ ਵਿਚ ਅਜੇਹੇ ਜਵਾਨ ਜੰਮਦੇ ਨੇ। ਐਦਕਾਂ ਲਾਹੌਰ ਤੇ ਹਮਲਾ ਹੋਇਆ ਤਾਂ ਫੌਜ ਨੂੰ ਤਕਲੀਫ਼ ਨਹੀਂ ਦੇਣੀ, ਮੈਂ ਤੇ ਵਿਕੀ ਕੰਡ ਨਾਲ ਕੰਡ ਲਾ ਕੇ ਡੱਕ ਲਵਾਂਗੇ ਸਾਰੇ ਭਾਰਤੀਆਂ ਸ਼ਾਰਤੀਆਂ ਨੂੰ। ਉਹ ਬਹਾਦਰ ਵਿਕੀ ਆਪਣੀ ਪੁਲਸ ਨੇ ਮਾਰ ਸੁੱਟਿਆ। ਜੱਗਾ ਵੱਢਿਆ ਤਾਂ ਨੌ ਮਣ ਰੇਤ ਭਿੱਜ ਗਈ......

ਮੈਂ ਠੰਢਾ ਸੀਤ ਸਾਹ ਲਿਆ ਤਾਂ ਦੂਜੇ ਨੇ ਮੇਰੀ, ਬਾਂਹ ਹਲੂਣ ਕੇ ਪੁੱਛਿਆ, "ਕੀ ਗੱਲ ਏ, ਕਿਹੜੀਆਂ ਸੋਚਾਂ ਵਿਚ ? ਕੁਝ ਨਹੀਂ ਅੜਿਆ। ਉਹੋ ਜਵਾਨਾਂ ਦੇ ਦੁੱਖ। ਅੱਜ ਮੈਨੂੰ ਵਿੱਕੀ ਬੜਾ ਯਾਦ ਰਿਹਾ।

ਵਿੱਕੀ ਬੜਾ ਤੇਜ਼ ਮੁੰਡਾ ਸੀ। ਉਹਨੇ ਤਾਂ ਮਰਨਾ ਈ ਸੀ। ਪਰ ਅੱਲਾ ਦਿੱਤਾ ਕਿੱਡਾ ਮਸਕੀਨ ਤੇ ਮਿਹਨਤੀ। ਉੱਕਾ ਈ ਸਾਧੂ ਜਿਹਾ। ਸਿਆਸਤ ਕੋਲੋਂ ਵੱਖ ਰਹਿਣ ਵਾਲਾ, ਪਰ ਉਹਦੀ ਲਾਸ਼, ਸਟੂਡੈਂਟਸ ਦੇ ਦੋ ਗਰੁੱਪ ਲੜੇ ਸੀ। ਅਖੀਰ ਪੁਲਸ ਜਿੱਤ ਗਈ। ਕਈ ਲਾਸ਼ਾਂ ਹੋਰ ਡਿੱਗ ਪਈਆਂ। ਹਨੇਰ ਏ ਹਨੇਰ, ਕੋਈ ਪੁੱਛਣ ਵਾਲਾ ਨਹੀਂ।

"ਕੌਣ ਪੁੱਛੇ ? ਕਾਨੂੰਨ ਤਾਂ ਸਾਰੇ ਮੁਅੱਤਲ ਹੋ ਚੁੱਕੇ ਤੇ ਜੁਰਮ ਇਕ ਅਜੇਹਾ ਨਜ਼ਰੀਆ-ਜ਼ਰੂਰਤ ਹੈ, ਜਿਸ ਨੂੰ ਸਹਿਰ ਦੇ ਜ਼ਮੀਰ ਨੇ ਪ੍ਰਵਾਨ ਕਰ ਲਿਆ ਹੋਇਆ ਏ ।"

ਇਸ ਗੱਲ ਨੂੰ ਸੁਣ ਕੇ ਮੈਂ ਚੰਗੀ ਤਰ੍ਹਾਂ ਅੱਖਾਂ ਖੋਲ੍ਹ ਕੇ ਉਹਦੇ ਮੂੰਹ ਵੱਲ ਵੇਖਿਆ, ਪਰ ਉਹ ਆਪਣੇ ਧਿਆਨ ਬੋਲਦਾ ਗਿਆ । "ਮੈਂ ਕਹਿੰਦਾ ਵਾਂ ਸ਼ਹਿਰ ਦੇ ਲੋਕੋਂ ? ਆਪਣੇ ਬੱਚਿਆਂ ਦੀ ਰਖਵਾਲੀ ਕਿਉਂ ਨਹੀਂ ਕਰਦੇ । ਲਗਦਾ ਸਾਰੇ ਈ ਮਰ ਗਏ ਹੋਏ ਨੇ ।"

ਨਹੀਂ, ਅਜੇ ਨਹੀਂ । ਅੱਧੇ ਜੀਉਂਦੇ, ਅੱਧੇ ਮਰੇ । ਤੂੰ ਮੈਂ ਤੇ ਹੋਰ ਸਾਰੇ । ਸੋਚ ਅਸੀਂ ਦੋਵੇਂ ਕਿੱਥੋਂ ਤੁਰੇ ਸਾਂ, ਕਿੱਥੇ ਅਪੜੇ । ਜ਼ਿੰਦਗੀ ਲੱਭਦੇ ਲੱਭਦੇ ਹੀਰੋਇਨ ਲੱਭਣ ਲੱਗ ਪਏ । ਸ਼ਹਿਰ ਨੂੰ ਪਤਾ ਈ ਨਾ ਲੱਗਾ, ਕਦੋਂ ਉਹ ਦੋ ਸੋਚਣ ਵਾਲੇ ਨੀਂਦਰ-ਮੱਤੇ ਹੋ ਗਏ । ਇਕ ਦੂਜੇ ਨਾਲ ਗੱਲਾਂ ਕਰਦੇ ਹੋਏ ਅਸਾਂ ਇਕ ਤੀਸਰੀ ਆਵਾਜ਼ ਸੁਣੀ । "ਪਤਾ ਏ, ਸਭ ਪਤਾ ਏ । ਵੇਲੇ ਨੂੰ ਹਰ ਗੱਲ ਦਾ ਪਤਾ ਰਹਿੰਦਾ ਏ । ਸ਼ਹਿਰ ਦਾ, ਸ਼ਹਿਰ ਵਾਲਿਆਂ ਦਾ......"

ਸਾਡੇ ਕੰਨ ਖੜੇ ਹੋ ਗਏ । ਕੌਣ ਬੋਲਿਆ ? ਕਿਸ ਦੀ ਆਵਾਜ਼ ਸੀ ? ਦਰੱਖ਼ਤ ਉੱਤੇ ਕੋਈ ਮੈਨਾ ਸੀ ਖੌਰੇ......ਕੋਈ ਆਵਾਰਾ ਕਾਂ ਹੋਣਾ ਏ । ਕੋਈ ਰਾਹੀ ਆਪਣੇ ਆਪ ਨਾਲ ਗੱਲ ਕਰਦਾ ਲੰਘ ਗਿਆ......ਮਜ਼ਾਕ ਦੀ ਗੱਲ ਨਹੀਂ । ਕੋਈ ਬੋਲਿਆ ਜ਼ਰੂਰ ਸੀ । ਕੋਈ ਤੀਸਰਾ......ਹੈਲੋ ......ਝੱਲਾ......ਨਸ਼ਾ ਵੀ ਤੇ ਟੁੱਟ ਰਿਹਾ ਏ । ਹੀਰੋਇਨ ਦੀ ਪੁੜੀ ਖੋਲ੍ਹ ਕੇ ਅਸੀਂ ਅੱਧੀ ਅੱਧੀ ਫੱਕ ਲਈ । "ਹੁਣ ਤੂੰ ਉਸੇ ਤਰ੍ਹਾਂ ਕਰ ਜਿਵੇਂ ਸ਼ਾਇਰ ਨੇ ਆਖਿਆ, "ਆਪਣੇ ਬੇ-ਖਵਾਬ ਕਵਾੜੋਂ ਕੋ ਮਕਫ਼ਲ ਕਰੋ । ਅਬ ਯਹਾਂ ਕੋਈ ਨਹੀਂ ਆਏਗਾ ।" ਆਹੋ, ਕੋਈ ਨਹੀਂ । ਕਾਂ ਵੀ ਨਹੀਂ, ਚਿੜੀ ਵੀ ਨਹੀਂ......

"ਪਰ ਉਹ ਤੀਸਰਾ ?"

ਉਹਦੀ ਫਿਕਰ ਨਹੀਂ । ਉਹ ਤਾਂ ਕਦੋਂ ਦਾ ਫਾਂਸੀ ਝੂਲ ਗਿਆ । ਸ਼ਾਮ ਪੈ ਗਈ । ਅੱਗੋਂ ਹਨੇਰਾ ਈ ਹਨੇਰਾ ਏ, ਸੌਂ ਜਾ । ਅੱਖਾਂ ਬੰਦ ਕਰ ਲੈ । ਉਸੇ ਤਰ੍ਹਾਂ ਜਿਵੇਂ ਉਹਨਾਂ ਆਪਣੀਆਂ ਏਅਰ ਕੰਡੀਸ਼ਨ ਖ਼ਾਬ-ਗਾਹਾਂ ਦੇ ਬੂਹੇ ਭੇੜ ਲਏ ਨੇ । ਹੁਣ ਸਾਨੂੰ ਕੋਈ ਨਹੀਂ ਵੇਖਦਾ । ਕੋਈ ਵੀ ਨਹੀਂ । ਅਸੀਂ ਇਕ ਦੂਜੇ ਨੂੰ ਲੋਰੀ ਦੇ ਰਹੇ ਸੀ ਕਿ ਉਹੋ ਆਵਾਜ਼ ਫੇਰ ਆਈ । "ਤੁਹਾਨੂੰ ਵੇਖ ਰਹੇ ਨੇ । ਵਕਤ ਦੇ ਫਰਿਸ਼ਤੇ ਤੁਹਾਡੀਆਂ ਬੰਦ ਅੱਖਾਂ ਵਿਚ ਦੀ ਵੇਖ ਸਕਦੇ ਨੇ । ਉਹਨਾਂ ਲਿਖ ਦਿਤਾ । ਵਕਤ ਦੇ ਕਾਤਬੀਨ ਲਿਖੀ ਜਾ ਰਹੇ ਨੇ ਤੁਹਾਡੀ ਤਵਾਰੀਖ ਦੇ ਵਰਕੇ । ਅੱਜ ਤਾਂ ਉਹਨਾਂ ਤੁਹਾਡੀ ਤਕਦੀਰ ਵੀ ਲਿਖ ਛੱਡੀ । ਹੁਣ ਬੜੀ ਛੇਤੀ ਤੁਸੀਂ ਦੋਵੇਂ ਲਾਵਾਰਸ ਲਾਸ਼ਾਂ ਵਿਚ ਰਲ ਜਾਉਗੇ । ਤੁਹਾਡੀ ਪਛਾਣ ਭੁੱਲ ਜਾਵੇਗੀ......

ਪਰ ਕਿਉਂ, ਕਿਉਂ ? ਅਸੀਂ ਦੋਵੇਂ ਤਰੱਬਕ ਕੇ ਬੋਲੇ । ਅਸਾਂ ਕੀਤਾ ਕੀ ਏ ?

ਤੁਸੀਂ ਵੀ ਸ਼ਹਿਰ ਦੇ ਜੁਰਮ ਵਿਚ ਸ਼ਰੀਕ ਰਹੇ ਹੋ । ਅਸੀਂ ? ਨਹੀਂ, ਅਸੀਂ ਤਾਂ ਬੱਸ ਸੁੱਤੇ ਪਏ ਆਂ । ਸੁੱਤੇ......ਏ......ਫੇਰ ਅਸੀਂ ਸੱਚੀ ਮੁੱਚੀ ਸੌਂ ਗਏ ।

ਪਤਾ ਨਹੀਂ ਕਿਸ ਵੇਲੇ ਕੌਣ ਸਾਨੂੰ ਆਪੋ ਆਪਣੇ ਘਰ ਛੱਡ ਆਇਆ । ਪਤਾ ਨਹੀਂ ਮੇਰੀ ਜ਼ਨਾਨੀ ਨੇ ਮੈਨੂੰ ਨਸ਼ੇ ਦੀ ਹਾਲਤ ਵਿਚ ਵੇਖ ਕੇ ਕਿੰਨੀ ਕੁ ਬਕਵਾਸ ਕੀਤੀ । ਮੇਰੇ ਪੁੱਤਰ ਨੂੰ ਕਿੰਝ

ਲੱਗਾ ? ਮੈਨੂੰ ਤਾਂ ਇਹ ਵੀ ਪਤਾ ਨਹੀਂ ਮੇਰੀ ਹਾਲਤ ਕੀ ਸੀ ਪਰ ਅਗਲੀ ਸਵੇਰ ਅਖਬਾਰ ਵਿਚ ਕੁਝ ਛਪਿਆ ਸੀ । ਇਕ ਤਸਵੀਰ ਕਾਲਜ ਦੀ ਲੱਗੀ ਹੋਈ ਸੀ, ਥੱਲੇ ਲਿਖਿਆ ਸੀ, "ਦਰਸਗਾਹ (ਵਿਦਿਆਲਾ) ਲੁੱਟ ਘੱਤੀ, ਅਖਬਾਰ ਦੇ ਪਿਛਲੇ ਪਾਸੇ ਇਕ ਹੋਰ ਤਸਵੀਰ ਲੱਗੀ ਹੋਈ ਸੀ । ਮੈਂ ਤੇ ਮੇਰਾ ਦੂਜਾ ਨਸ਼ੇ ਦੀ ਹਾਲਤ ਵਿਚ ਮੂੰਹ ਖੁੱਲ੍ਹੇ, ਸ਼ਕਲਾਂ ਵਿਗੜੀਆਂ ਤਿਗੜੀਆਂ । ਥੱਲੇ ਕੈਪਸ਼ਨ ਸੀ, "ਵੇਲੇ ਦੇ ਦੋ ਯਤੀਮ ।"

ਮੈਂ ਅੰਦਾਜ਼ਾ ਲਾ ਸਕਦਾ ਵਾਂ ਇਹ ਕਿਸ ਤਰ੍ਹਾਂ ਹੋਇਆ ਹੋਣਾ ਏ । ਉਸ ਵੇਲੇ ਜਦੋਂ ਅਸੀਂ ਦੋਵੇਂ ਦੁੱਖ ਦੀ ਨੀਂਦਰ ਵਿਚ ਡੁੱਬੇ ਹੋਏ ਸਾਂ, ਅਖ਼ਬਾਰ ਦਾ ਰੀਪੋਰਟਰ ਉਥੋਂ ਦੀ ਲੰਘਿਆ ਹੋਣਾ ਏ । ਜ਼ਾਹਿਰ ਏ ਕਾਲਜ ਵਿਚ ਪੁਲਸ ਐਕਸ਼ਨ ਤੇ ਜ਼ਖ਼ਮੀ ਸਟੂਡੈਂਟਸ ਦੀਆਂ ਤਸਵੀਰਾਂ ਲੈਣ ਲਈ ਕੈਮਰਾ ਨਾਲ ਹੋਵੇਗਾ । ਉਥੋਂ ਉਹ ਲੇਟ ਹੋ ਗਿਆ ਸੀ । ਪਰ ਬੋਹੜ ਥੱਲੇ ਪਏ ਹੋਏ ਦੋ ਜ਼ਖ਼ਮੀ ਕਿਰਦਾਰਾਂ ਦੀਆਂ ਤਸਵੀਰਾਂ ਲਾਹਣ ਵਾਸਤੇ ਉਹ ਲੇਟ ਨਹੀਂ ਸੀ । ਕੋਈ ਬਦਮਾਸ਼ ਜਿਹਾ ਲਗਦਾ ਏ, ਕਿਉਂ ਜੋ ਸਾਨੂੰ ਪਛਾਣ ਕੇ ਵੀ ਉਸ ਸਾਡੇ ਨਾਂ ਨਹੀਂ ਲਿਖੇ । ਸਾਡੀ ਹਿਸਟਰੀ ਬਰੀਫ (Brief) ਕਰ ਦਿੱਤੀ । ਲਿਖਿਆ ਸੀ, "ਇਕ ਮਸ਼ਹੂਰ ਇਨਕਲਾਬੀ, ਦੂਜਾ ਮਹਿਰੂਫ ਇਸਲਾਮੀ, ਪਹਿਲਾਂ ਠੁੱਕ ਕੇ ਸਿਆਸਤ ਕਰਦੇ ਆਪਸ ਵਿਚ ਟਾਕਰੇ ਕਰਦੇ ਹੁੰਦੇ ਸੀ । ਹੁਣ ਦੋਵੇਂ ਨਸ਼ਾ ਕਰਦੇ ਨੇ ਤੇ ਆਪਸੀ ਸਲੂਕ ਨਾਲ ਰਹਿੰਦੇ ਨੇ ।"

ਉਂਝ ਅਜੇਹੀਆਂ ਗੱਲਾਂ ਦੀ ਫਿਕਰ ਮੈਨੂੰ ਬਿਲਕੁਲ ਨਹੀਂ । ਪਤਾ ਏ ਅਖ਼ਬਾਰਾਂ ਵਾਲੇ ਕਿੜੇ ਕੁ ਬਲੈਕ-ਮੇਲਰ ਨੇ, ਪਰ ਇਕ ਗੱਲ ਫਿਕਰ ਵਾਲੀ ਜ਼ਰੂਰ ਹੋਈ ਏ । ਉਸ ਦਿਨ ਜਦੋਂ ਮੈਂ ਤੇ ਮੇਰਾ ਦੂਸਰਾ ਬੋਹੜ ਨਾਲ ਟੇਕ ਲਾਈ ਦੁੱਖ ਸੁੱਖ ਸਾਂਝੇ ਕਰ ਰਹੇ ਸਾਂ, ਉੱਤੋਂ ਬੋਲਿਆ ਕੌਣ ਸੀ ? ਉਹ ਤੀਸਰਾ ਕੌਣ ਸੀ ? ਜੇ ਉਹੋ ਸੀ, ਜੀਹਨੂੰ ਬਹੁਤਾ ਬੋਲਣ ਦੀ ਆਦਤ ਸੀ ਤਾਂ ਫੇਰ ਫੱਟੇ ਲਗਣ ਵਾਲਾ ਕੌਣ ਸੀ ? ਕੋਈ ਬੇ ਗੁਨਾਹ ? ਸ਼ਹਿਰ ਦਾ ਇਕ ਹੋਰ ਗੁਨਾਹ ? ਅਖੀਰ ਵੇਲੇ ਉਹਨੇ ਆਖਿਆ ਕੀ ਸੀ ? ਯਾਦ ਨਹੀਂ ਆਉਂਦਾ । ਭੁਲਦਾ ਵੀ ਨਹੀਂ । ਕੁਝ ਵੇਲੇ ਦੇ ਹਿਸਾਬ ਦੀ ਗੱਲ ਸੀ ਖੌਰੇ ? ਮੇਰੇ ਅੰਦਰ ਇਕ ਛਿਲਤਰ ਨਹੀਂ ਚੁੱਭਦੀ ਏ । ਆਪਣੇ ਹੱਥ ਆਪਣੀ ਛਿਲਤਰ ਕੋਈ ਕੱਢ ਵੀ ਤੇ ਨਹੀਂ ਸਕਦਾ......ਮੇਰੀ ਹਾਲਤ ਠੀਕ ਨਹੀਂ ।

ਪਰ ਮੈਂ ਸੁਣਿਆ ਏ, ਮੇਰੇ ਦੂਸਰੇ ਦੀ ਹਾਲਤ ਹੋਰ ਵੀ ਖ਼ਰਾਬ ਏ । ਉਹ ਘਰੋਂ ਬਾਹਰ ਨਹੀਂ ਨਿਕਲਦਾ । ਨੀਂਦਰ ਕੋਲੋਂ ਉਹਨੂੰ ਭੈਅ ਆਉਂਦਾ ਏ, ਕਹਿੰਦਾ ਅੱਖਾਂ ਵਿਚ ਕੁੱਕਰੇ ਹੋ ਗਏ ਨੇ, ਹੁਣ ਦੁਖਦੀਆਂ ਅੱਖਾਂ ਵਿਚ ਨਾ ਨੀਂਦਰ ਆਉਂਦੀ ਏ, ਨਾ ਅੱਥਰੂ । ਜੇ ਕਿਤੇ ਅੱਥਰੂ ਆ ਜਾਵਣ ਤਾਂ ਦਰਦ ਵਾਲਾ ਅਜ਼ਾਬ ਬਣ ਜਾਂਦੇ ਨੇ । ਹੁਣ ਅਸੀਂ ਦੋਵੇਂ ਰਲ ਕੇ ਵੀ ਇਕ ਦੂਜੇ ਦਾ ਦਰਦ ਵੰਡਾ ਨਹੀਂ ਸਕਦੇ । ਕਿਉਂ ਜੋ ਇਕ ਨਵਾਂ ਵਿਰੋਧ ਸਾਡੇ ਵਿਚਕਾਰ ਆਣ ਖਲੋਤਾ ਏ । ਉਹ ਕਹਿੰਦਾ ਏ ਉਸ ਘੜੀ ਸਾਨੂੰ ਸੌਣਾ ਨਹੀਂ ਸੀ ਚਾਹੀਦਾ । ਉਹ ਪੰਚੀਵੇਂ ਘੰਟੇ ਦਾ ਅਮਲ ਸੀ । ਇਹ ਸੌਣ ਦਾ ਅਜ਼ਾਬ (ਦੁੱਖ) ਏ, ਜੋ ਅਸੀਂ ਭੁਗਤ ਰਹੇ ਹਾਂ । ਮੈਂ ਕਹਿੰਦਾ ਵਾਂ ਉਸ ਘੜੀ ਸਾਨੂੰ ਜਾਗਣਾ ਨਹੀਂ ਸੀ ਚਾਹੀਦਾ । ਇਹ ਅਜ਼ਾਬ ਜਾਗਣ ਦਾ ਏ ਜੋ ਅਸੀਂ ਭੁਗਤ ਰਹੇ ਹਾਂ ।

(ਲਿਪੀਅੰਤਰ : ਹਰਭਜਨ ਸਿੰਘ ਹੁੰਦਲ) ਵਰ੍ਹੇ ਵਾਰ 'ਸਾਹਿਤ' 1996 ਚੋਂ)

ਤੌਲੀਏ/ਸੁਖਿੰਦਰ

ਜਿਸਮ, ਜੇਕਰ
ਮਹਿਜ਼ ਤੌਲੀਏ ਹੀ ਹੁੰਦੇ
ਤਾਂ ਗੱਲ ਕੁਝ ਹੋਰ ਹੋਣੀ ਸੀ

ਪਰ, ਇਹ ਤਾਂ
ਦਿਲ, ਦਿਮਾਗ, ਇਛਾਵਾਂ, ਉਮੰਗਾਂ
ਅਹਿਸਾਸਾਂ, ਭਾਵਨਾਵਾਂ ਦਾ ਘਰ ਹਨ

ਆਸ਼ਾਵਾਂ, ਨਿਰਾਸ਼ਾਵਾਂ, ਤਲਖ਼ੀਆਂ, ਬੇਚੈਨੀਆਂ
ਖੁਸ਼ੀਆਂ, ਗਮੀਆਂ ਦਾ ਟਿਕਾਣਾ ਹਨ

ਜਦ ਗਰਮ ਹਵਾਵਾਂ ਚੱਲਣ
ਤਾਂ ਇਨ੍ਹਾਂ ਵਿਚ ਤਪਸ਼ ਉਠਦੀ
ਠੰਢੀਆਂ ਸੀਤ ਹਵਾਵਾਂ 'ਚ
ਇਹ ਬਰਫ ਦੀ ਸਿੱਲ ਵਾਂਗੂੰ ਜੰਮ ਜਾਂਦੇ

ਕਿਤੇ ਕੋਈ ਪੰਛੀ
ਕੂ ਕੂ ਕਰੇ
ਤਾਂ ਇਨ੍ਹਾਂ ਵਿਚ
ਸੂਰਜਮੁਖੀਆਂ ਦੇ ਨਕਸ਼ ਜਾਗ ਉਠਣ

ਕਿਤੇ ਕੋਈ ਪਾਇਲ ਦੀ ਝਨਕਾਰ
ਹਵਾ ਵਿਚ ਥਰਥਰਾਂਦੀ
ਤਾਂ ਇਨ੍ਹਾਂ ਦੇ ਕਣ ਕਣ ਵਿਚ
ਬਿਜਲੀ ਦੀ ਰੌਅ ਦੌੜਦੀ

ਜਿਸਮ, ਜੇਕਰ
ਮਹਿਜ਼ ਤੌਲੀਏ ਹੀ ਹੁੰਦੇ
ਤਾਂ ਗੱਲ ਕੁਝ ਹੋਰ ਹੋਣੀ ਸੀ

ਪਰ ਇਹ ਤਾਂ
ਦਿਲ, ਦਿਮਾਗ, ਇਛਾਵਾਂ, ਉਮੰਗਾਂ
ਅਹਿਸਾਸਾਂ, ਭਾਵਨਾਵਾਂ ਦਾ ਘਰ ਹਨ

(ਮਾਲਟਨ, ਕੈਨੇਡਾ 30 ਅਕਤੂਬਰ, 1996)

ਮੇਰੇ ਪਿੰਡ ਦੇ ਲੋਕ/ਗੁਰਨਾਮ ਢਿੱਲੋਂ

ਮੇਰੇ ਪਿੰਡ ਦੇ ਲੋਕ ਬੜੇ ਹੀ ਚੰਗੇ
ਸ਼ਹਿਦ ਦੀਆਂ ਮੱਖੀਆਂ ਦੇ ਵਾਂਗੂੰ
ਕਿਰਸਾਂ ਕਰਦੇ
ਟੁੱਟ ਟੁੱਟ ਮਰਦੇ
ਪਰ ਨਾ ਜਾਣਨ
  ਸ਼ਹਿਦ ਕਿਧਰ ਤੁਰ ਜਾਵੇ
  ਕਿਹੜਾ ਖਾਵੇ ?
ਮੇਰੇ ਪਿੰਡ ਦੇ ਲੋਕ ਬੜੇ ਹੀ ਚੰਗੇ
ਸੰਘੀਉਂ ਫੜਦੇ
ਨਿੱਤ ਹੀ ਲੜਦੇ
ਪਰ ਨਾ ਸੋਚਣ
  ਕੌਣ ਲੜਾਵੇ
  ਫੁੱਟਾਂ ਪਾਵੇ ?
ਮੇਰੇ ਪਿੰਡ ਦੇ ਲੋਕ ਬੜੇ ਹੀ ਚੰਗੇ
ਕਰ ਉਗਰਾਹੀ
ਘਾਲ ਕਮਾਈ
ਪਰ ਨਾ ਪਰਖਣ
  ਕਿਸ ਨੇ ਸੇਵਾ ਲਾਈ
  ਕਰ ਚਤਰਾਈ ?
ਮੇਰੇ ਪਿੰਡ ਦੇ ਲੋਕ ਬੜੇ ਹੀ ਚੰਗੇ
ਠਾਠ ਨਵਾਬੀ
ਰਹਿਣ ਸ਼ਰਾਬੀ
ਪਰ ਨਾ ਸੋਚਣ
  ਕਿਉਂ ਨੇ ਪੀਂਦੇ
  ਕਿਸ ਲਈ ਜੀਂਦੇ ?
ਮੇਰੇ ਪਿੰਡ ਦੇ ਲੋਕ ਬੜੇ ਹੀ ਚੰਗੇ ।
ਠਾਣੇ ਜਾਂਦੇ
ਦੇਰ ਨਾ ਲਾਂਦੇ
ਪਰ ਨਾ ਸਮਝਣ
  ਕੌਣ ਇਹ ਤੀਲ੍ਹੀ ਲਾਵੇ
  ਚਿਖਾ ਜਲਾਵੇ ।
  ਕੌਣ ਬੁਝਾਵੇ ?

(ਪੋਰਟਸ ਮਾਊਥ, ਯੂ.ਕੇ.)

ਮਿੱਤਰ-ਕਵੀ ਮਿਗੁਇਲ ਹਰਨੈਂਡੇਜ਼ ਦੇ ਨਾਂ !
(ਜੋ ਸਪੇਨ ਦੀਆਂ ਜੇਲ੍ਹਾਂ ਵਿਚ ਕਤਲ ਕੀਤਾ ਗਿਆ)

—ਪਾਬਲੋ ਨੇਰੂਦਾ

ਤੂੰ ਪੂਰਬ ਤੋਂ ਸਿੱਧਾ ਮੇਰੇ ਕੋਲ ਆਇਆ ਸੀ
ਹੇ ਆਜੜੀ !
ਤੂੰ ਮੇਰੇ ਲਈ ਖੇਤਾਂ ਦੀ ਨਿਰਛਲਤਾ
ਲੈ ਕੇ ਆਇਆ ਸੀ
ਪੁਰਾਤਨ ਲਿਖਤਾਂ ਦੀ ਸਿਆਣਪ
'ਫਰੇ ਲੂਇਸ' (ਸਪੇਨੀ ਕਵੀ) ਦੀ ਖ਼ੁਸ਼ਬੂ
ਸੰਤਰਿਆਂ ਦੇ ਫੁੱਲਾਂ ਦੀ ਸੁਗੰਧ
ਪਹਾੜਾਂ ਵਿਚ ਬਲਦੀਆਂ ਪਾਥੀਆਂ ਦੀ ਗੰਧ
ਤੇ ਤੇਰੇ ਕੱਜਣ ਹੇਠ
ਜਵੀ ਦੇ ਦਾਣਿਆਂ ਦੀ ਕਿਰਮਚੀ ਰੰਗਤ ਸੀ
ਤੇ ਸ਼ਹਿਦ
ਜਿਹੜਾ ਤੇਰੀਆਂ ਅੱਖਾਂ ਨਾਲ
ਧਰਤੀ ਨੂੰ ਮਿਣਦਾ ਸੀ

ਤੂੰ ਆਪਣੇ ਗਲੇ ਵਿਚ ਬੁਲਬੁਲ ਵੀ
ਲੈ ਕੇ ਆਇਆ ਸੀ
ਸੰਤਰੇ ਰੰਗੀ ਬੁਲਬੁਲ
ਸਦੀਵੀ ਗੀਤ ਦੀ ਮਾਲਾ
ਪੱਤਿਆਂ ਦੀਆਂ ਧਾਰੀਆਂ ਵਰਗੀ ਸ਼ਕਤੀ
ਆਹ ! ਨੌਜਵਾਨ !
ਫਿਰ ਰੌਸ਼ਨੀ ਵਿਚ ਬਾਰੂਦ ਆ ਧਮਕਿਆ
ਤੇ ਤੂੰ
ਬੁਲਬੁਲ ਤੇ ਬੰਦੂਕ ਨਾਲ
ਸੂਰਜ ਤੇ ਚੰਨ ਦੇ ਹੇਠਾਂ ਤੁਰਦਾ-ਤੁਰਦਾ
ਜੰਗ ਤੀਕ ਪਹੁੰਚ ਗਿਆ
ਤੇ ਤੂੰ ਜਾਣਦਾ ਏਂ, ਮੇਰੇ ਪੁੱਤਰਾ !
ਮੈਂ ਕੀ ਕਰ ਸਕਦਾ ਸੀ ?

ਤੈਨੂੰ ਪਤਾ ਹੈ, ਮੇਰੇ ਲਈ
ਸਾਰੀ ਕਵਿਤਾ ਵਿਚ
ਤੂੰ ਇਕ ਨੀਲਾ ਚਿਰਾਗ ਸੀ
ਅੱਜ ਮੈਂ ਤੇਰੀ ਆਵਾਜ਼ ਸੁਣਨ ਲਈ
ਆਪਣਾ ਚਿਹਰਾ ਧਰਤੀ ਨੇੜੇ ਕਰਦਾ ਹਾਂ

ਲਹੂ, ਸੰਗੀਤ ਤੇ ਸ਼ਹਿਦ ਦੇ ਛੱਤੇ
ਨੂੰ ਸੁਣਨ ਲਈ,
ਮੈਂ ਕਦੇ ਤੇਰੇ ਜਿੰਨਾ ਰੌਸ਼ਨ ਮਨੁੱਖ
ਨਹੀਂ ਵੇਖਿਆ
ਨਾ ਏਨੀਆਂ ਸਖਤ ਜੜ੍ਹਾਂ
ਨਾ ਯੋਧੇ ਦੇ ਹੱਥ
ਮੈਂ ਏਨਾ ਜੀਊਂਦਾ ਦਿਲ ਨਹੀਂ ਵੇਖਿਆ
ਜਿੰਨਾ ਤੇਰਾ
ਆਪਣੇ ਕਿਰਮਚੀ ਝੰਡੇ ਦੇ ਰੰਗ ਵਰਗਾ
ਸਦੀਵੀ ਜਵਾਨੀ,
ਲੰਘ ਗਈਆਂ ਸਦੀਆਂ ਦਾ
ਆਜ਼ਾਦ ਵਿਦਰੋਹੀ ਮਨੁੱਖ
ਬਹਾਰ ਤੇ ਕਣਕ ਦੇ ਬੀਜਾਂ ਦਾ ਭਰਿਆ—ਭੁ ਕੰਨਾ
ਸੁਭਾਵਕ ਧਾਤ ਵਰਗਾ ਕਾਲਾ
ਆਪਣੇ ਸ਼ਸਤਰ ਨੂੰ ਚੁੱਕਣ ਦਾ ਉਡੀਕਵਾਨ

ਤੇਰੇ ਮਰਨ ਬਾਅਦ
ਮੈਂ ਇਕੱਲਾ ਨਹੀਂ ਰਿਹਾ
ਮੈਂ ਉਹਨਾਂ ਚੋਂ ਹਾਂ
ਜਿਹੜੇ ਤੈਨੂੰ ਢੂੰਡਦੇ ਨੇ
ਮੈਂ ਉਹਨਾਂ ਚੋਂ ਹਾਂ
ਜਿਹੜੇ ਇਕ ਦਿਨ ਆਉਣਗੇ
ਤੇਰਾ ਬਦਲਾ ਲੈਣ ਲਈ
ਉਹਨਾਂ ਵਿਚ ਤੂੰ ਮੇਰੇ
ਪੈਰ-ਚਾਪਾਂ ਦੀ ਪਛਾਣ ਕਰ ਲਏਂਗਾ
ਜਦੋਂ ਉਹ ਸਪੇਨ ਦੀ ਛਾਤੀ ਤੇ ਚੜ੍ਹ
'ਕੇਨ' ਨੂੰ ਕੁਚਲ ਦੇਣਗੇ

ਤਾ ਕਿ ਸਾਡੇ ਦਫ਼ਨ ਕੀਤੇ ਚਿਹਰੇ
ਵਾਪਸ ਮੁੜ ਆਉਣ ।
ਜੀਹਨਾਂ ਤੈਨੂੰ ਕਤਲ ਕੀਤਾ ਸੀ
ਉਹਨਾਂ ਨੂੰ ਖ਼ਬਰ ਹੋਣੀ ਚਾਹੀਦੀ ਹੈ
ਕਿ ਅਸੀਂ ਤੇਰੇ ਖ਼ੂਨ ਦਾ ਬਦਲਾ ਚੁਕਵਾਂਗੇ
ਉਹਨਾਂ ਨੂੰ ਪਤਾ ਹੋਣਾ ਚਾਹੀਦਾ
ਜੀਹਨਾਂ ਤੈਨੂੰ ਤਸੀਹੇ ਦਿੱਤੇ ਸੀ
ਕਿ ਇਕ ਦਿਨ ਉਹਨਾਂ ਦਾ ਮੇਰੇ ਨਾਲ ਵਾਹ ਪਵੇਗਾ

ਉਹਨਾਂ ਸਰਾਪੇ ਕਾਤਲਾਂ ਨੂੰ ਖ਼ਬਰ
ਹੋਣੀ ਚਾਹੀਦੀ ਏ
ਜਿਹੜੇ ਆਪਣੀਆਂ ਪੁਸਤਕਾਂ 'ਚ
ਤੇਰਾ ਨਾਂ ਸ਼ਾਮਲ ਕਰਦੇ ਨੇ
'ਤਾਮਾਸੱਸ' ਤੇ 'ਗੇਰਾਰਦੋਸ' ਵਰਗੇ
ਗੱਦਾਰ ਕਵੀ,
ਕਲੰਕੀ ਕਾਤਲਾਂ ਦੇ ਜੋਟੀਦਾਰ
ਕਿ ਤੇਰੀ ਸ਼ਹੀਦੀ ਭੁਲਾਈ ਨਹੀਂ ਜਾ ਸਕਦੀ
ਕਿ ਤੇਰੀ ਮੌਤ,
ਉਹਨਾਂ ਦੀ ਕਾਇਰਤਾ ਦੇ ਪੂਰੇ ਚੰਨ ਤੋਂ
ਪਰੇ ਰਹੇਗੀ
ਬੋਦੇ ਸਿਹਰਿਆਂ ਵਿਚ ਲਪੇਟੇ ਇਹ ਲੋਕ
ਜਿਹਨਾਂ ਅਮਰੀਕੀ ਧਰਤੀ ਤੇ
ਤੈਨੂੰ ਭੋਰਾ ਕੁ ਥਾਂ ਦੇਣ ਤੋਂ ਇਨਕਾਰ ਕੀਤਾ
ਤੂੰ ਆਪਣੇ ਲਹੂ-ਲਿੱਬੜੇ ਤਾਜ ਦੀ ਚਮਕ
ਮੇਰੇ ਤੇ ਛੱਡ ਦੇ
ਘਿਰਨਾ ਭਰੀ ਗੁੰਮਨਾਮੀ ਵਿਚ
ਕਿਉਂਕਿ ਤੇਰੀ ਗ਼ੈਰ-ਹਾਜ਼ਰੀ ਰਾਹੀਂ
ਉਹ ਮੈਨੂੰ ਅਪਾਹਜ ਬਣਾਉਣਾ ਚਾਹੁੰਦੇ ਸੀ

ਮੇਗੁਇਲ !
'ਓਸੂਨਾ' ਦੀ ਜੇਲ੍ਹ ਤੋਂ ਦੂਰ
ਜ਼ੁਲਮ ਤੋਂ ਪਰ੍ਹੇ
ਮਾਓਜ਼ੇ-ਤੁੰਗ,
ਤੇਰੀ ਹਾਰੀ ਹੋਈ ਕਵਿਤਾ ਨੂੰ

ਹਮਲੇ ਲਈ ਤਿਆਰ ਕਰਦਾ
ਜਿੱਤ ਵੱਲ ਵਧਦਾ ਹੈ
ਤੇ 'ਪਰਾਗ'
ਉਸਾਰੀ ਵਿਚ ਰੁੱਝਿਆ
ਉਸ ਸ਼ਹਿਦ ਦੇ ਛੱਤੇ ਦੀ ਸਿਰਜਣਾ
ਕਰ ਰਿਹਾ ਹੈ,
ਜਿਸ ਦੇ ਤੂੰ ਗੀਤ ਗਾਉਂਦਾ ਹੁੰਦਾ ਸੀ
ਤੇ ਹਰਿਆ-ਭਰਿਆ 'ਹੰਗਰੀ' ਦੇਸ਼
ਆਪਣੇ ਅੰਨ-ਭੰਡਾਰਾਂ ਦੀ ਸਫ਼ਾਈ ਕਰਦਾ
ਨੀਂਦ ਚੋਂ ਜਾਗਿਆ
ਦਰਿਆ ਦੇ ਕੰਢੇ ਕੰਢੇ ਨਾਚ ਕਰਦਾ ਹੈ
ਤੇ 'ਵਾਰਸਾ' ਦੀ ਵਸਤਰ-ਹੀਣ ਜਲਪਰੀ,
ਆਪਣੀ ਪਾਰਦਰਸ਼ੀ ਤਲਵਾਰ ਉਠਾਈ
ਉਸਾਰੀ ਵਿਚ ਜੁੱਟੀ ਹੋਈ ਹੈ ।

ਤੇ ਉਸ ਤੋਂ ਅੱਗੇ
ਮਹਾਨ ਧਰਤੀ ਫੈਲਦੀ ਚਲੀ ਜਾਂਦੀ ਹੈ
ਧਰਤੀ, ਜਿਸ ਦੀ ਤੇਰੇ ਗੀਤ ਨੇ ਯਾਤਰਾ ਕੀਤੀ ਸੀ
ਤੇ ਉਹ ਫ਼ੌਲਾਦ,
ਜਿਸ ਤੇਰੀ ਰਖਵਾਲੀ ਕੀਤੀ ਸੀ
ਸੁਰੱਖਿਅਤ ਹੈ
ਸਾਥੀ ਸਟਾਲਿਨ ਤੇ ਉਸ ਦੇ ਪੁੱਤਰਾਂ ਦੀ
ਦ੍ਰਿੜ੍ਹਤ ਸਦਕਾ
ਤੇ ਰੌਸ਼ਨੀ ਤੇਰੇ ਮਜ਼ਾਰ ਵੱਲ ਫੈਲ ਰਹੀ ਹੈ ।
'ਸਪੇਨ ਦੇ ਮੀਗੁਏਲ'
ਤਬਾਹ ਹੋਈ ਧਰਤੀ ਦੇ ਸਿਤਾਰੇ,
ਮੈਂ ਤੈਨੂੰ ਭੁੱਲ ਨਹੀਂ ਗਿਆ
ਮੇਰੇ ਪੁੱਤਰਾ !
ਮੈਂ ਤੈਨੂੰ ਭੁਲਾਇਆ ਨਹੀਂ
ਸਗੋਂ ਮੈਂ ਤੇਰੀ ਮੌਤ ਤੋਂ ਜ਼ਿੰਦਗੀ ਜੀਣੀ ਸਿੱਖੀ ਹੈ
ਮੇਰੀਆਂ ਅੱਖਾਂ ਦੁੱਖ ਨਾਲ ਭਰਨ ਲੱਗੀਆਂ ਹਨ,
ਪਰ ਜਦੋਂ ਮੈਨੂੰ ਆਪਣੇ ਅੱਥਰੂ ਨਹੀਂ,
ਅਜਿਤ ਸ਼ਸ਼ਤਰਾਂ ਦਾ ਪਤਾ ਲੱਗਾ
ਉਹਨਾਂ ਸ਼ਸ਼ਤਰਾਂ ਨੂੰ ਉਡੀਕੀਂ
ਤੇ ਮੈਨੂੰ ਵੀ !

(ਅਨੁਵਾਦ : ਹ.ਸ.ਸ.)

ਲੇਖ

ਮਨੁੱਖੀ ਰਿਸ਼ਤਿਆਂ ਦਾ ਦੁਖਾਂਤ/ਪਿਆਰਾ ਸਿੰਘ ਸਹਿਰਾਈ

ਵੀਹ ਕੁ ਵਰ੍ਹੇ ਪਹਿਲਾਂ ਦੀ ਗੱਲ ਏ, ਮੇਰੇ ਇਕ ਮਿੱਤਰ ਸਰਦਾਰ ਇੰਦਰ ਸਿੰਘ, ਮੈਨੇਜਿੰਗ ਡਾਇਰੈਕਟਰ, ਪ੍ਰੈਸਟੋ ਲਾਈਟ ਕੰਪਨੀ, ਲਿਮਟਿਡ, ਮੈਨੂੰ ਮਿਲਣ ਆਏ ਤਾਂ ਪੂੰਜੀਵਾਦੀ ਸਭਿਅਤਾ ਦੀ ਅਵਨਤੀ ਬਾਰੇ ਚਰਚਾ ਚਲਦੀ ਰਹੀ। ਉਹ ਸਭਿਅਤਾ ਬਾਰੇ ਮੇਰੇ ਨਾਲੋਂ ਕਿਤੇ ਵੱਧ ਨੁਕਤਾਚੀਨ ਸਨ।

ਗੱਲਾਂ ਗੱਲਾਂ ਵਿਚ ਉਨ੍ਹਾਂ ਨੇ ਦੱਸਿਆ ਕਿ ਪਿਛੇ ਜਿਹੇ ਉਹ ਇਸ ਉੱਘੀ ਕੰਪਨੀ ਦੇ ਕਾਰਜ ਦੇ ਸਿਲਸਲੇ ਵਿਚ ਅਮਰੀਕਾ ਗਏ ਹੋਏ ਸਨ ਤਾਂ ਉਥੇ ਇਹ ਮਾਂ-ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਨਾਲ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਜਾ ਰਹੇ ਸਨ ਤਾਂ ਰਸਤੇ ਵਿਚ ਇਕ ਥਾਂ ਉਸਨੇ ਵੱਡੀ ਸੜਕ ਛੱਡਕੇ ਇਕ ਟੋਟਾ ਫੜ ਲਿਆ ਜਿਹੜਾ ਉਹਦੇ ਫ਼ਾਰਮ ਨੂੰ ਜਾਂਦਾ ਸੀ। ਅੱਜ ਉਹ ਮੈਨੂੰ ਆਪਣਾ 'ਕੰਟਰੀ ਹਾਊਸ' ਵਿਖਾਉਣ ਲਈ ਏਧਰ ਮੁੜਿਆ ਸੀ। ਉਹਦਾ ਫ਼ਾਰਮ ਹਾਊਸ ਆਇਆ। ਅਸੀਂ ਉਹਦੀ 'ਕਾਟੇਜ' ਵਿਚ ਪ੍ਰਵੇਸ਼ ਕੀਤਾ। ਨੌਕਰ-ਚਾਕਰ ਸਨ। ਮਾਲੀ ਸੀ। ਇਕ ਬੁੱਢਾ ਆਦਮੀ ਸੋਟੀ ਦੇ ਆਸਰੇ, ਟੋਹ ਟੋਹ ਕੇ, ਤੁਰ ਰਿਹਾ ਸੀ ਤੇ ਸਿਗਰਟ ਪੀ ਰਿਹਾ ਸੀ। ਮੈਂ ਸਮਝ ਗਿਆ, ਉਹ ਅੰਨ੍ਹਾ ਸੀ। ਮੇਰੀ ਉਤਸੁਕਤਾ ਜਾਗੀ ਤੇ ਮੈਂ ਪੁਛੇ ਬਿਨਾਂ ਨਾ ਰਹਿ ਸਕਿਆ ਕਿ ਇਹ ਬਜ਼ੁਰਗ ਕੌਣ ਹਨ। ਉਸ ਦੱਸਿਆ, ਮੇਰੇ ਪਿਤਾ ਹਨ। ਮੈਂ ਹੋਰ ਹੈਰਾਨ ਹੁੰਦਿਆਂ ਕਹਿ ਬੈਠਾ, ਤੁਸੀਂ ਇਨ੍ਹਾਂ ਨੂੰ ਆਪਣੇ ਕੋਲ ਸ਼ਹਿਰ ਵਿਚ ਕਿਉਂ ਨਹੀਂ ਲੈ ਜਾਂਦੇ ? ਉਹਨੇ ਬਿਨਾਂ ਜਜ਼ਬਾਤੀ ਹੋਇਆਂ ਸਹਿਜ-ਭਾ ਕਿਹਾ, "ਮਿਸਟਰ ਸਿੰਘ, ਮੈਂ ਤਾਂ ਉਸ ਵਕਤ ਦੀ ਉਡੀਕ ਵਿਚ ਹਾਂ, ਇਹਨਾਂ ਹੱਥੋਂ ਸਿਗਰਟ ਡਿਗੇ, ਤੇ ਅੱਗ ਲੱਗ ਕੇ ਸਭ ਕਾਸੇ ਨਾਲ ਇਹ ਵੀ ਚੱਲ ਵਸਣ।"

ਇਕ ਏਡਾ ਵੱਡਾ ਤੇ ਧਨਾਢ ਆਦਮੀ ਆਪਣੇ ਪਿਉ ਬਾਰੇ ਇਹ ਦੁਰਬਚਨ ਬੋਲ ਰਿਹਾ ਸੀ; ਵੱਡਾ ਤੇ ਧਨਾਢ ਹੀ ਨਹੀਂ, ਇਕ ਸਾਊ ਤੇ ਕਲਚਰਡ ਅਮਰੀਕਨ।

ਆਪਣੇ ਸਿਆਣੇ ਤੇ ਸੁਲਝੇ ਹੋਏ ਮਿੱਤਰ ਦੇ ਮੂੰਹੋਂ ਸੁਣੀ ਸੀ ਇਹ ਗੱਲ ! ਮੰਨਣੀ ਹੀ ਸੀ। ਮੇਰੀ ਹੈਰਾਨੀ ਨੂੰ ਭਾਂਪਦਿਆਂ ਉਹ ਇਹ ਕਹਿਣ ਲੱਗੇ, 'ਸਹਿਰਾਈ ਜੀ, ਅਮਰੀਕਾ ਦੀ ਗੱਲ ਛੱਡੋ, ਇਥੇ, ਖੁਦ ਸਾਡੇ ਆਪਣੇ ਦੇਸ਼ ਵਿਚ ਉਸੇ ਤਰ੍ਹਾਂ ਦੇ ਰਿਸ਼ਤੇ ਬਣਦੇ ਜਾ ਰਹੇ ਹਨ। ਉਨ੍ਹਾਂ ਦਾ ਮਤਲਬ ਸੀ, ਰਿਸ਼ਤਿਆਂ ਵਿਚ ਕੋਈ ਅਪਣੱਤ ਤੇ ਨਿੱਘ ਨਹੀਂ ਰਿਹਾ। ਪਿਆਰ ਨਾਂ ਦੀ ਚੀਜ਼ ਕੋਈ ਨਹੀਂ, ਬੱਸ 'ਅਰੇਂਜਮੈਂਟ' ਹੈ। ਇਹ ਸ਼ਬਦ 'ਅਰੇਂਜਮੈਂਟ' ਮੇਰੇ ਮਿੱਤਰ ਦਾ ਬੋਲਿਆ ਹੋਇਆ ਹੈ। ਤੇ ਸਾਡੇ ਉਪਰਲੇ ਤਬਕੇ ਦੇ ਲੋਕਾਂ ਦੇ ਸੰਬੰਧਾਂ ਨੂੰ ਦਰਸਾਂਦਾ ਹੈ। ਇਸੇ ਸਿਲਸਿਲੇ ਵਿਚ ਉਨ੍ਹਾਂ ਨੇ ਇਕ ਦੋ ਉੱਚੇ ਧਨਾਢ ਖਾਨਦਾਨਾਂ ਦੇ ਨਾਂ ਵੀ ਲਏ।

ਹੁਣ ਜਦੋਂ ਮੈਂ ਇਹ ਲੇਖ ਲਿਖਣ ਬੈਠਾ ਤਾਂ ਖ਼ੁਦ ਮੇਰੇ ਹਲਕੇ ਵਿਚ ਵਾਪਰੀਆਂ ਅਨੇਕਾਂ ਘਟਨਾਵਾਂ ਯਾਦ ਆ ਰਹੀਆਂ ਹਨ, ਜਿਹੜੀਆਂ ਇਸ ਤਰ੍ਹਾਂ ਦੇ ਰਿਸ਼ਤਿਆਂ ਉਤੇ ਚਾਨਣਾ ਪਾਉਂਦੀਆਂ ਹਨ ਜਿਨ੍ਹਾਂ ਨੂੰ ਮੈਂ ਆਪਣੇ ਲੇਖਾਂ ਵਿਚ, ਵਸਤਾਂ ਵਿਚਲੇ, ਜਿਨਸਾਂ ਵਿਚਲੇ ਰਿਸ਼ਤੇ ਆਖਦਾ ਰਿਹਾ ਹਾਂ।

ਮੇਰੇ ਇਕ ਮਿੱਤਰ ਦਾ ਲੜਕਾ ਮੇਰੇ ਇਕ ਦੂਜੇ ਮਿੱਤਰ ਨਾਲ ਬੈਠਾ 'ਪੀ' ਰਿਹਾ ਸੀ, ਤੇ ਆਪਣੇ ਪਿਉ ਦੀ ਕੰਜੂਸੀ ਦਾ ਰੋਣਾ ਵੀ ਰੋ ਰਿਹਾ ਸੀ। ਮੇਰੇ ਦੂਜੇ ਮਿੱਤਰ ਦੇ ਮੁੰਡੇ ਨੇ ਕਿਹਾ, 'ਕੀ ਹੋਇਆ, ਯਾਰ, ਇਕਲੌਤਾ ਪੁੱਤਰ ਏਂ, ਸਾਰਾ ਜੋੜਿਆ ਤੈਨੂੰ ਹੀ ਮਿਲਣਾ ਹੈ। ਉਹ ਅਗੋਂ ਬੋਲਿਆ, ਜਦੋਂ ਇਨ੍ਹਾਂ ਟੁਰਨਾ ਹੈ, ਓਦੋਂ ਮੈਂ ਕੀ ਕਰਨਾ ਏ ਇਹ ਪੈਸਾ, ਖਰਚਣ ਖਾਣ ਦੀ ਉਮਰ ਤਾਂ ਅੱਜ ਏ। ਤੇ ਭਾਣਾ ਕੀ ਵਰਤਿਆ ? ਤੀਜੇ ਦਿਨ ਉਹਦਾ ਪਿਉ ਇਕ ਛੋਟੇ ਜਿਹੇ ਹਾਦਸੇ ਵਿਚ ਮਰ ਗਿਆ, ਤੇ ਇਸ 'ਸਪੁੱਤਰ' ਨੂੰ ਪਿਉ ਦੇ ਪੈਸੇ ਲਈ ਬਹੁਤੇ ਸਾਲ ਉਡੀਕਣਾ ਨਾ ਪਿਆ।

ਇਕ ਹੋਰ ਸੱਜਣ ਮੇਰੇ ਮਿੱਤਰ ਨੂੰ ਸੁਣਾ ਰਹੇ ਸਨ, 'ਅਸੀਂ ਛੇ ਭਰਾ ਹਾਂ, ਸਭ ਆਪੋ ਆਪਣੇ ਕੰਮਾਂ ਤੇ ਲੱਗੇ ਹੋਏ ਹਨ। ਮਾਂ ਸਾਡੀ ਗਾਂਧੀ ਨਗਰ ਇਕੱਲੀ ਰਹਿੰਦੀ ਹੈ। ਬਾਕੀ ਤਾਂ ਕੋਈ ਉਹਨੂੰ ਮਿਲਣ ਤਕ ਨਹੀਂ ਜਾਂਦਾ, ਬੱਸ ਮੈਂ ਤੇ ਮੇਰੀ ਘਰ ਵਾਲੀ ਕਦੇ-ਕਦੇ ਮਿਲ ਆਉਂਦੇ ਹਾਂ। ਉਹ ਇਕ ਤਰ੍ਹਾਂ ਨਾਲ ਬਾਕੀ ਭਰਾਵਾਂ ਦੇ ਟਾਕਰੇ ਉਤੇ ਆਪਣੀ ਪ੍ਰਸੰਸਾ ਕਰ ਰਿਹਾ ਸੀ ਕਿ ਜੇ ਮਾਂ ਦਾ ਕਿਸੇ ਨੂੰ ਖਿਆਲ ਹੈ ਤਾਂ ਉਹਨੂੰ ਹੀ ਹੈ। ਉਹਦੇ ਚਲੇ ਜਾਣ ਪਿਛੋਂ ਮੇਰੇ ਮਿੱਤਰ ਨੇ ਦੱਸਿਆ ਕਿ ਇਹਦੀ ਮਾਂ ਇਕ ਕੋਠੜੀ ਵਿਚ ਰਹਿੰਦੀ ਹੈ। ਅੰਨ੍ਹੀ ਹੈ, ਗਲੀ ਦੀ ਨੁੱਕੜ ਉਤੇ ਢਾਬੇ ਦਾ ਮਾਲਕ 'ਮੁੰਡੂ' ਹੱਥ ਚਾਹ ਤੇ ਰੋਟੀ ਉਹਨੂੰ ਭੇਜ ਛੱਡਦਾ ਹੈ।

ਇਸ ਤਰ੍ਹਾਂ ਦੇ ਅਣਮਨੁੱਖੀ ਵਰਤਾਉ ਦੀਆਂ ਅਨੇਕਾਂ ਉਦਾਹਰਣਾਂ ਹਨ, ਪਰ ਭੀਸ਼ਮ ਸਾਹਨੀ ਤੋਂ ਸੁਣੀ ਇਕ ਮਿਸਾਲ ਹੀ ਇਥੇ ਦੇਣਾ ਚਾਹਾਂਗਾ। ਭੀਸ਼ਮ ਸਾਹਨੀ ਦੱਸਦੇ ਹਨ ਕਿ ਉਨ੍ਹਾਂ ਦਾ ਇਕ ਰਿਸ਼ਤੇਦਾਰ ਆਪਣੀ ਬੁੱਢੀ ਮਾਂ ਨੂੰ ਕਹਿਣ ਲਗਿਆ ਕਿ 'ਚੱਲ ਮਾਂ ਤੈਨੂੰ ਡਾਕਟਰ ਨੂੰ ਵਿਖਾ ਲਿਆਵਾਂ। ਉਹਦੀ ਮਾਂ ਢਿੱਲੀ ਰਹਿੰਦੀ ਸੀ। ਮਾਂ ਤਿਆਰ ਹੋ ਕੇ ਕਾਰ ਵਿਚ ਬੈਠ ਗਈ, ਪਰ ਪੁੱਤਰ ਨੇ ਡਾਕਟਰ ਵੱਲ ਜਾਣ ਦੀ ਥਾਂ ਕਾਰ ਆਪਣੇ ਵੱਡੇ ਭਰਾ ਦੇ ਘਰ ਅੱਗੇ ਲਿਜਾ ਖੜ੍ਹੀ ਕੀਤੀ। ਸਵੇਰ ਦਾ ਵੇਲਾ ਸੀ। ਮਾਂ ਨੇ ਸੋਚਿਆ, ਵੱਡੇ ਭਰਾ ਨੂੰ ਮਿਲਕੇ ਡਾਕਟਰ ਵੱਲ ਜਾਣਾ ਹੋਵੇਗਾ। ਉਹਨੇ ਮਾਂ ਨੂੰ ਗੱਡੀ ਵਿਚੋਂ ਉਤਾਰਿਆ, ਅਤੇ ਬਾਹਰਲੇ ਦਰਵਾਜ਼ੇ ਦੇ ਬਾਹਰ ਹੀ ਬਿਠਾਕੇ ਕਹਿਣ ਲਗਿਆ, "ਵੇਖ, ਮਾਂ, ਮੈਂ ਬੜੇ ਚਿਰ ਤੋਂ ਤੇਰੀ ਸੇਵਾ ਕਰ ਰਿਹਾ ਹਾਂ। ਹੁਣ ਤੂੰ ਵੱਡੇ ਪੁੱਤ ਕੋਲ ਰਹਿ।" ਦਿਲਚਸਪ ਗੱਲ ਤਾਂ ਇਹ ਕਿ ਉਹਨੇ ਘੰਟੀ ਦਾ ਬਟਣ ਵੀ ਨਹੀਂ ਦਬਾਇਆ। ਸਗੋਂ ਵਾਪਸ ਕਾਰ ਵਿਚ ਬੈਠ ਔਹ ਗਿਆ, ਔਹ ਗਿਆ।

ਭੀਸ਼ਮ ਸਾਹਨੀ ਨੇ ਇਸ ਘਟਨਾ ਦਾ ਜ਼ਿਕਰ ਆਪਣੇ ਇਕ ਲੇਖ ਵਿਚ ਵੀ ਕੀਤਾ ਸੀ ਅਤੇ ਇਹ ਦੱਸਣਾ ਚਾਹਿਆ ਸੀ ਕਿ ਅੱਗੇ ਲੋਕ ਅਜਿਹੇ ਕਰਮ ਕਰਨੋਂ ਝਕਿਆ ਕਰਦੇ ਸਨ ਤੇ ਆਖਦੇ ਹੁੰਦੇ ਸਨ, 'ਲੋਕ ਕੀ ਕਹਿਣਗੇ ?' ਪਰ ਹੁਣ ਇਹ ਸ਼ਰਮ ਵੀ ਨਹੀਂ ਰਹੀ। ਮਾਨ-ਅਪਮਾਨ ਦੀ ਕਸੌਟੀ ਦਾ ਹੀ ਭੋਗ ਪੈ ਚੁਕਿਆ ਹੋਇਆ ਹੈ ! ਅਜਿਹਾ ਕਿਉਂ ?

ਨਾਲੇ, ਇਹ ਸਭ ਲੋਕ ਆਪਣੇ ਥਾਂ ਬੜੇ 'ਸੰਤੁਸ਼ਟ' ਹਨ, ਬੜੇ 'ਖੁਸ਼' ਹਨ। ਉਨ੍ਹਾਂ ਨੂੰ ਆਪਣੇ ਕੀਤੇ ਦਾ ਪਛਤਾਵਾ ਵੀ ਨਹੀਂ ਹੈ। ਉਹ ਤਾਂ ਜਿਵੇਂ ਸਭ ਠੀਕ ਹੀ ਕਰ ਰਹੇ ਹਨ, ਕੁਝ ਵੀ ਤਾਂ ਮਾੜਾ ਨਹੀਂ ਕਰ ਰਹੇ ਅਤੇ ਹਰ ਇਕ ਕੋਲ ਆਪਣੇ ਕੀਤੇ ਦੇ ਹੱਕ ਵਿਚ 'ਦਲੀਲਾਂ' ਹਨ।

ਅਜਿਹਾ ਕਿਉ ?

ਅਸਲ ਵਿਚ ਸਾਡੀਆਂ ਗ਼ਲਤ ਕਦਰਾਂ ਕੀਮਤਾਂ ਨੇ, ਸਾਡੀਆਂ ਅੰਤਰਮੁਖੀ ਲੋੜਾਂ ਨੇ, ਸਾਡੀ ਖ਼ੁਦਗਰਜ਼ੀ ਨੇ ਸਾਡੀ ਮੱਤ ਹੀ ਮਾਰ ਛੱਡੀ ਹੋਈ ਹੈ, ਪਰ ਅਸੀਂ ਸਮਝਦੇ ਹਾਂ ਕਿ ਅਸੀਂ ਪੂਰੀ ਤਰ੍ਹਾਂ ਤੰਦਰੁਸਤ ਹਾਂ। ਕਿਸੇ ਪਾਗਲ ਨੂੰ ਮਿਲੇ ਹੋ ਕਦੇ ? ਉਹਦੇ ਨਾਲ ਗੱਲਾਂ ਕੀਤੀਆਂ ਨੇ ? ਉਹ ਆਪਣੇ ਆਪ ਨੂੰ ਪਾਗਲ ਬਿਲਕੁਲ ਨਹੀਂ ਸਮਝਦਾ, ਸਿਆਣਾ, ਬਹੁਤ ਸਿਆਣਾ ਸਮਝਦਾ ਹੈ।

ਨਾਰਮਲ ਸਮਾਜ

ਬਹੁਤੇ ਸਮਾਜ-ਵਿਗਿਆਨੀਆਂ ਅਨੁਸਾਰ ਹਰ ਸਮਾਜ ਉਥੋਂ ਤਕ ਨਾਰਮਲ ਹੀ ਹੁੰਦਾ ਹੈ ਜਿਥੋਂ ਤਕ ਉਹ ਕ੍ਰਿਆਸ਼ੀਲ ਹੁੰਦਾ ਹੈ। ਆਪਣਾ ਕਾਰੋਬਾਰ ਚਲਾਉਂਦਾ ਹੈ। ਸਵਾਲ ਤਾਂ ਕੇਵਲ ਵਿਅਕਤੀ ਦਾ ਹੈ ਕਿ ਉਹ ਆਪਣੇ ਆਪ ਨੂੰ ਇਸ ਸਮਾਜ ਵਿਚ ਇਕਸੁਰ ਕਰ ਸਕਦਾ ਹੈ ਜਾਂ ਨਹੀਂ। ਜੇ ਉਹ ਸਮਾਜ ਦੇ ਢੰਗ-ਤਰੀਕਿਆਂ ਨਾਲ ਇਕਸੁਰ ਨਹੀਂ ਤਾਂ ਇਸ ਵਿਚ ਉਹਦਾ ਕਸੂਰ ਹੈ। ਉਹ ਆਪਣੇ ਬਾਰੇ ਸੋਚੇ, ਤੇ ਆਪਣੇ ਦਿਮਾਗ਼ ਨੂੰ ਠੀਕ ਕਰੇ। ਕੋਈ ਆਰਥਕ-ਸਮਾਜਕ ਪ੍ਰਬੰਧ ਜਿਸ ਕਿਸਮ ਦੀ ਮਾਨਸਿਕਤਾ ਦੀ ਸਿਰਜਣਾ ਕਰ ਦਿੰਦਾ ਹੈ ਜਾਂ ਕਹਿ ਲਵੋ ਸਾਧਾਰਨ ਮਨੁੱਖ ਨੂੰ ਆਪਣੇ ਅਨੁਸਾਰ ਢਾਲ ਲੈਂਦਾ ਹੈ, ਤਾਂ ਉਸ ਸਮਾਜਿਕ ਢਾਂਚੇ ਦੇ ਤੌਰ ਤਰੀਕੇ ਨਾਰਮਲ ਲੱਗਣ ਲਗਦੇ ਹਨ। ਇਹੋ ਗੱਲ ਹੀ ਕਿ ਬਹੁਤੇ ਲੋਕ ਕਿਸੇ ਗੱਲ ਨੂੰ ਯੋਗ ਜਾਂ ਅਯੋਗ ਸਮਝਦੇ ਹਨ, ਸੰਬੰਧਿਤ ਗੱਲ ਨੂੰ ਠੀਕ ਜਾਂ ਗਲਤ, ਨਿਆਂਕਾਰੀ ਜਾਂ ਅਨਿਆਈਂ ਥਾਪਦੀ ਹੈ। ਪਰ ਇਹ ਕਸੌਟੀ ਠੀਕ ਨਹੀਂ। ਜੇ ਕਿਸੇ ਸਮਾਜਿਕ ਪਰਤ ਦੇ ਬਹੁਤੇ ਆਦਮੀ ਕਿਸੇ ਮਾਨਸਿਕ ਰੋਗ ਦਾ ਸ਼ਿਕਾਰ ਹੋ ਜਾਣ ਤਾਂ ਉਹ ਭਾਵੇਂ ਆਪਣੇ ਆਪ ਨੂੰ ਲੱਖ ਤੰਦਰੁਸਤ ਤੇ ਅਰੋਗ ਸਮਝਣ, ਮਨਾਂ ਦੇ ਡਾਕਟਰ ਉਨ੍ਹਾ ਨੂੰ ਰੋਗੀ ਹੀ ਆਖਣਗੇ।

ਇਸ ਸਿਲਸਿਲੇ ਵਿਚ ਪ੍ਰਸਿੱਧ ਦਾਰਸ਼ਨਿਕ ਸਪਿਨੋਜ਼ਾ ਦਾ ਕਥਨ ਪਾਠਕਾਂ ਸਾਹਮਣੇ ਰਖਦਾ ਹਾਂ : "ਬਹੁਤੇ ਲੋਕ ਇਕੋ ਤੇ ਓਸੇ ਪ੍ਰਭਾਵ ਦੀ ਗਰਿਫ਼ਤ ਵਿਚ ਵੱਡੀ ਇਕਸਾਰਤਾ ਨਾਲ ਆਉਂਦੇ ਹਨ। ਬੰਦੇ ਦੀਆਂ ਸਭਨਾਂ ਸੁਰਤੀਆਂ ਨੂੰ ਇਕੋ ਗੱਲ (ਵਸਤੂ) ਏਡੀ ਮਜ਼ਬੂਤ ਤਰ੍ਹਾਂ ਪ੍ਰਭਾਵਤ ਕਰਦੀ ਹੈ ਕਿ ਉਹ ਇਸ ਵਸਤੂ ਨੂੰ, ਜੇ ਨਾ ਵੀ ਮੌਜੂਦ ਹੋਵੇ, ਮੌਜੂਦ ਸਮਝਣ ਲੱਗ ਪੈਂਦਾ ਹੈ, ਜੇ ਬੰਦੇ ਦੇ ਜਾਗਦਿਆਂ ਅਜਿਹਾ ਹੁੰਦਾ ਹੈ. ਤਦ ਉਹਨੂੰ ਪਾਗਲ ਸਮਝਿਆ ਜਾਂਦਾ ਹੈ...ਪਰ ਜੇ ਲਾਲਚੀ ਬੰਦਾ ਸਿਰਫ਼ ਪੈਸੇ ਅਤੇ ਜਾਇਦਾਦ ਬਾਰੇ ਹੀ ਸੋਚਦਾ ਹੈ, ਤੇ ਦੂਸਰਾ ਕੇਵਲ ਪ੍ਰਸਿੱਧੀ ਬਾਰੇ ਹੀ ਸੋਚਦਾ ਹੈ, ਕੋਈ ਉਨ੍ਹਾਂ ਨੂੰ ਪਾਗਲ ਖਿਆਲ ਨਹੀਂ ਕਰਦਾ, ਬੱਸ ਕੇਵਲ ਪਰੇਸ਼ਾਨੀ ਦਾ ਕਾਰਨ ਹੀ ਸਮਝਦਾ ਹੈ, ਆਮ ਤੌਰ ਤੇ ਇਨ੍ਹਾਂ ਲੋਕਾਂ ਲਈ ਘਿਰਣਾ ਹੀ ਹੁੰਦੀ ਹੈ। ਪਰ ਅਸਲ ਵਿਚ ਲੋਭ-ਲਾਲਚ, ਆਕਾਂਖਿਆ, ਆਦਿ, ਪਾਗਲਪਨ ਦੀਆਂ ਹੀ ਸ਼ਕਲਾਂ ਹਨ, ਉਂਜ ਭਾਵੇਂ ਇਹਨਾਂ ਨੂੰ ਆਮ ਤੌਰ ਤੇ ਕੋਈ ਰੋਗ ਨਹੀਂ ਸਮਝਦਾ।"

ਸਪਿਨੋਜ਼ਾ ਨੇ ਇਹ ਸ਼ਬਦ ਅੱਜ ਤੋਂ ਕਈ ਸੌ ਸਾਲ ਪਹਿਲਾਂ ਲਿਖੇ ਸੀ। ਉਸਤੋਂ ਪਿਛੋਂ ਬੀਤੇ ਸਮੇਂ ਵਿਚ ਮਨੁੱਖ ਦੇ ਲੋਭ-ਲਾਲਚ ਵਰਗੇ ਨੁਕਸ ਵਧਦੇ ਵਧਦੇ ਇਸ ਹੱਦ ਤਕ ਪਹੁੰਚ ਚੁੱਕੇ ਹਨ ਕਿ ਇਨ੍ਹਾਂ ਨੂੰ ਕੋਈ ਪਰੇਸ਼ਾਨੀ ਦਾ ਕਾਰਨ ਜਾਂ ਘਿਰਣਾ-ਯੋਗ ਨਹੀਂ ਸਮਝਦਾ। ਸਗੋਂ ਇਹਨਾ ਨੂੰ ਤਾਂ ਨਾਰਮਲ ਸਮਝਿਆ ਜਾਣ ਲੱਗ ਪਿਆ ਹੈ। ਅੱਜ ਬੰਦੇ ਨੂੰ ਆਪਣੀ ਪਛਾਣ ਹੀ ਨਹੀਂ ਰਹੀ। ਉਹ ਆਪਣੇ ਆਪ ਨੂੰ ਉਹ ਨਹੀਂ ਸਮਝਦਾ ਜੋ ਉਹ ਅਸਲ ਵਿਚ ਹੈ, ਸਗੋਂ ਜੋ ਉਹਦੇ ਖ਼ਿਆਲ ਵਿਚ ਉਹਨੂੰ ਹੋਣਾ ਚਾਹੀਦਾ ਹੈ, ਉਸੇ ਰੂਪ ਵਿਚ ਸਮਝਣ ਲੱਗ ਪੈਂਦਾ ਹੈ। ਅੱਜ ਲੋਭ-ਲਾਲਚ ਦਾ ਗ਼ੁਲਾਮ, ਪੈਸੇ ਦਾ ਪੁਜਾਰੀ ਬੰਦਾ, ਆਪਣੇ ਆਪ ਨੂੰ ਇਕੱਲਾ ਨਹੀਂ ਵੇਖ ਰਿਹਾ, ਸਗੋਂ ਆਪਣੇ ਵਰਗੇ ਹੀ ਲਖੂ-ਖਾ ਵਿਚ ਰਹਿ ਰਿਹਾ, ਵਿਚਰ ਰਿਹਾ ਹੈ। ਜਿਸ ਕਰਕੇ ਉਹ 'ਨਾਰਮਲ' ਹੈ। ਸਮਾਜਿਕ ਸਭਿਆਚਾਰ ਦਾ ਪੈਟਰਨ ਹੀ ਅਜਿਹਾ ਹੈ ਜੋਹਦੇ ਅਨੁਕੂਲ ਉਹ ਵਰਤ ਰਿਹਾ ਹੈ, ਇਸੇ ਕਰਕੇ ਤਾਂ ਉਹ ਆਪਣੇ ਆਪ ਨੂੰ ਤੰਦਰੁਸਤ ਸਮਝਦਾ ਹੈ। ਅੱਜ ਤਾਂ ਉਹ ਆਦਮੀ

ਜਿਹੜਾ ਲੋਭ-ਲਾਲਚ ਤੋਂ ਉਪਰ ਹੈ, ਇਸ ਸਮਾਜਿਕ ਪੈਟਰਨ ਵਿਚ 'ਅਸਾਧਾਰਨ' 'ਐਬਨਾਰਮਲ' ਸਮਝਿਆ ਜਾਣਾ ਲੱਗ ਪਿਆ ਹੈ।

ਅਜੋਕੇ ਆਰਥਿਕ-ਸਮਾਜਿਕ ਪ੍ਰਬੰਧ ਨੇ ਜਿਹੜਾ ਲੁਟ-ਚੋਂਘ ਅਤੇ ਅਨਿਆਂ ਉਤੇ ਆਧਾਰਤ ਹੈ, ਤੇ ਇਹਦੀਆਂ ਕਦਰਾਂ-ਕੀਮਤਾਂ ਨੇ, ਜੋ ਅਣਮਨੁੱਖੀ ਹਨ, ਪਰ ਬੰਦਾ ਜਿਨ੍ਹਾਂ ਨੂੰ ਨਾਰਮਲ ਸਮਝੀ ਬੈਠਾ ਹੈ। ਬੰਦੇ ਨੂੰ ਇਨਸਾਨ ਦੇ ਉਚੇ ਦਰਜੇ ਤੋਂ ਮੁੜ 'ਸਭਯ' ਪਸ਼ੂ ਦੇ ਦਰਜੇ ਉਤੇ ਲਿਆ ਸੁਟਿਆ ਹੈ। ਉਹਨੂੰ ਅਮਾਨੁਸ ਬਣਾ ਦਿੱਤਾ ਹੈ। ਯਾਦ ਰਹੇ, ਜੀਵ-ਸੰਸਾਰ ਵਿਚ ਸਾਰੇ ਜੀਵ ਪ੍ਰਕਿਰਤੀ ਦਾ ਹੀ ਅੰਗ ਹੁੰਦੇ ਹਨ ਅਤੇ ਇਹਦੀ ਸੀਮਾ ਨੂੰ ਉਹ ਕਦੇ ਪਾਰ ਨਹੀਂ ਕਰਦੇ। ਉਨ੍ਹਾਂ ਨੂੰ ਸੱਚ ਦਾ, ਠੀਕ ਜਾਂ ਗਲਤ ਦਾ ਕੋਈ ਗਿਆਨ ਨਹੀਂ ਹੁੰਦਾ। ਹਾਂ ਉਹ ਇਸ ਗੱਲ ਦੀ ਸੂਝ ਹੋ ਸਕਦੀ ਹੈ ਕਿ ਕੋਈ ਚੀਜ਼ ਲਾਭਦਾਇਕ ਹੈ ਜਾਂ ਨਹੀਂ।

ਪਰ ਮਨੁੱਖ ਹੀ ਇਕ ਅਜਿਹਾ ਜੀਵ ਹੈ ਜਿਹੜਾ ਕੁਦਰਤ ਨਾਲੋਂ ਟੁੱਟ ਚੁੱਕਿਆ ਹੈ, ਜਿਹੜਾ ਸੋਚ ਸਕਦਾ ਹੈ, ਜਿਸਨੂੰ ਠੀਕ ਗ਼ਲਤ ਦੀ ਸਮਝ ਹੈ, ਯਗ ਅਯੋਗ ਦਾ ਇਲਮ ਹੈ। ਉਸ ਵਿਚ ਇਹ ਸਮਰਥਾ ਹੈ ਕਿ ਇਸ ਦੁਨੀਆਂ ਨੂੰ ਪੂਰੀ ਤਰ੍ਹਾਂ ਮਨੁੱਖ ਬਣਾ ਸਕਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਨੁੱਖ ਅੰਸ਼ਕ ਰੂਪ ਵਿਚ ਦੈਵੀ ਹੈ, ਅੰਸ਼ਕ ਰੂਪ ਵਿਚ ਜਾਨਵਰ ਹੈ, ਅੰਸ਼ਕ ਰੂਪ ਵਿਚ ਸੀਮਿਤ ਹੈ ਅਤੇ ਅੰਸ਼ਕ ਰੂਪ ਵਿਚ ਅਸੀਮਿਤ ਹੈ। ਉਹਦੇ ਅੱਗੇ ਸੰਭਾਵਨਾ ਦੇ ਵਿਸ਼ਾਲ ਦਿਸਹੱਦੇ ਖੁਲ੍ਹੇ ਪਏ ਹਨ ਕਿਉਂ ਜੁ ਉਹ ਸੱਚ ਤੇ ਝੂਠ ਵਿਚਕਾਰ, ਨਿਆਈਂ ਅਨਿਆਈਂ ਵਿਚਕਾਰ, ਗ਼ਲਤ ਤੇ ਠੀਕ ਵਿਚਕਾਰ ਫ਼ਰਕ ਵੇਖ ਸਕਦਾ ਹੈ।

ਮਨੁੱਖ ਦੀ ਇਸੇ ਸੋਚ-ਸ਼ਕਤੀ ਨੇ ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਨੂੰ—ਪਿਆਰ, ਤਰਸ, ਹਮਦਰਦੀ ਤੇ ਦਰਦ, ਪਰਸੁਆਰਥ ਨੂੰ—ਜਨਮ ਦਿੱਤਾ। ਬੁੱਧ, ਕਬੀਰ ਤੇ ਨਾਨਕ ਅਤੇ ਕਾਰਲ ਮਾਰਕਸ ਵਰਗੇ ਮਹਾਂਪੁਰਖਾਂ ਤੇ ਵਿਚਾਰਕਾਂ ਨੇ ਮਨੁੱਖਾਂ ਦਾ ਰਾਹ ਰੁਸ਼ਨਾਇਆ।

ਪਰ ਜਿਵੇਂ ਕਿ ਮੈਂ ਸਪੱਸ਼ਟ ਕਰ ਚੁਕਿਆ ਹਾਂ: ਆਰਥਿਕ-ਸਮਾਜਿਕ ਰਾਜਸੀ ਢਾਂਚਾ ਜੋ ਮਨੁੱਖ ਨੇ ਹੀ ਸਿਰਜਿਆ ਹੁੰਦਾ ਹੈ, ਇਹਨੂੰ ਆਪਣੇ ਅਧੀਨ ਕਰ ਲੈਂਦਾ ਹੈ ਅਤੇ ਆਪਣੇ ਰੰਗ ਵਿਚ ਰੰਗਣ ਲਗਦਾ ਹੈ। ਅਜੋਕੇ ਸਮਾਜ ਦੀਆਂ, ਪੂੰਜੀਵਾਦੀ ਪ੍ਰਣਾਲੀ ਦੀਆਂ ਕਦਰਾਂ ਨੇ ਮਨੁੱਖ ਨੂੰ ਇਨ੍ਹਾਂ ਉਚੀਆਂ-ਸੁੱਚੀਆਂ ਕੀਮਤਾਂ ਤੋਂ ਭਟਕਾ ਦਿੱਤਾ, ਦੂਜੇ ਮਨੁੱਖਾਂ ਤੋਂ, ਭੈਣ ਭਰਾਵਾਂ ਤੇ ਮਾਪਿਆਂ ਤਕ ਤੋਂ ਬੇਮੁਖ ਕਰ ਦਿੱਤਾ। ਅਜੋਕੀਆਂ ਪੂੰਜੀਵਾਦੀ ਹਾਲਤਾਂ ਵਿਚ ਉਹ ਪੂਰੀ ਤਰ੍ਹਾਂ ਵਿਯੋਗਿਆ ਜਾ ਚੁਕਿਆ ਹੈ। ਇਹ ਵੱਡਾ ਦੁਖਾਂਤ ਹੈ।

ਮਾਰਕਸ ਨੇ ਤੇ ਹੋਰ ਕਈ ਵਿਚਾਰਕਾਂ ਨੇ ਦੱਸਿਆ ਹੈ ਕਿ ਵਿਅਕਤੀ ਦੀ ਹੋਂਦ ਦਾ ਮਨੋਰਥ ਹੀ ਆਪਣੇ ਆਪ ਨੂੰ ਜਨਮ ਦੇਣਾ ਹੈ, ਉਹਨੂੰ, ਠੀਕ ਹੀ, ਪੂਰੇ ਹੋਣ ਤੋਂ ਪਹਿਲਾਂ ਸੰਪੂਰਨ ਜਨਮ ਲੈਣਾ ਚਾਹੀਦਾ ਹੈ, ਪਰ ਦੁਖ ਦੀ ਗੱਲ ਤਾਂ ਇਹ ਹੈ, ਸਾਡੀ ਤ੍ਰਾਸਦੀ ਤਾਂ ਇਹ ਹੈ ਕਿ ਬਹੁਤੇ ਵਿਅਕਤੀ ਜੰਮਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਪਾਠਕਾਂ ਨੇ ਸੋਚਣਾ ਹੈ ਕਿ ਅਜੋਕੀਆਂ ਗ਼ਲਤ ਕਦਰਾਂ ਨੂੰ ਕੀ ਅਸਾਂ ਸਿਹਤਮੰਦ ਸਮਝੀ ਜਾਣਾ ਹੈ, ਜਾਂ ਇਨ੍ਹਾਂ ਨੂੰ ਗ਼ੈਰ-ਸਿਹਤਮੰਦ ਤੇ ਰੋਗੀ ਸਮਝਕੇ, ਅਮਾਨੁਸ ਨੂੰ ਮੁੜ ਮਨੁੱਖ ਬਣਾਉਣ ਲਈ, ਅਰੋਗ ਇਨਸਾਨੀ ਰਿਸ਼ਤੇ ਸਿਰਜਣ ਲਈ, ਇਸ ਰੋਗੀ ਸਮਾਜ ਉਤੇ ਆਪਣਾ ਸਿਹਤਮੰਦ ਪ੍ਰਭਾਵ ਪਾਉਣਾ ਤੇ ਇਹਨੂੰ ਹੀ ਤਬਦੀਲ ਕਰਨਾ ਹੈ ਤਾਂ ਜੁ ਮਨੁੱਖ ਸਿਹਤਮੰਦ ਕਦਰਾਂ ਅਨੁਸਾਰ ਢਲ ਸਕਣ, ਗੱਲ ਕੀ, ਮਨੁੱਖ ਪੂਰੇ ਹੋਣ ਤੋਂ ਪਹਿਲਾਂ ਜਨਮ ਲੈ ਸਕੇ, ਅਰਥਾਤ, ਸਰਬੰਗੀ ਤਰ੍ਹਾਂ ਪ੍ਰਫੁਲਤ ਹੋ ਸਕੇ। □

ਕਹਾਣੀ

ਦਰਸ਼ਕ/ਤਲਵਿੰਦਰ ਸਿੰਘ

ਕੇਦਾਰ ਨੇ ਵੇਖਿਆ, ਕੋਈ ਬੇਪਛਾਣ ਜਿਹਾ ਰੇਲਵੇ ਯਾਰਡ ਹੈ। ਇਕ ਦੂਜੀ ਨੂੰ ਕਟਦੀਆਂ ਬੇਸ਼ੁਮਾਰ ਲਾਇਨਾ ਇਕ ਅਜੀਬ ਜਿਹਾ ਜਾਲ ਜਾਪ ਰਹੀਆਂ ਨੇ। ਉਹ ਇਕੱਲਾ ਖਲੌਤਾ ਹੈ ਵਿਚਕਾਰ। ਆਸੇ-ਪਾਸੇ ਧੁੰਦ ਹੈ ਤੇ ਗੁਬਾਰ ਕਾਰਨ ਉਹਨੂੰ ਸਾਫ਼ ਤਰ੍ਹਾਂ ਕੁਝ ਦੀ ਨਜ਼ਰ ਨਹੀਂ ਆ ਰਿਹਾ...। ਉਹ ਅੱਖਾਂ ਪੁੱਟ-ਪੁੱਟ ਵੇਖਦਾ ਹੈ। ਅਚਾਨਕ ਗੱਡੀ ਦੀ ਚੀਕ ਸੁਣਦੀ ਹੈ। ਉਹ ਘਬਰਾ ਉਠਦਾ ਹੈ। ਲਾਇਨਾਂ ਦੇ ਇਸ ਜੰਗਲ 'ਚੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਪਰ ਲਗਦੈ, ਜਿਵੇਂ ਪੈਰ ਮਣਾਂ ਮੂੰਹੀ ਭਾਰੇ ਹੋ ਗਏ ਹੋਣ। ਉਸਤੋਂ ਨੱਸਣ ਦੀ ਥਾਂ ਸਿਰਫ਼ ਰੀਂਘਿਆ ਜਾ ਰਿਹਾ ਹੋਵੇ। ਉਹਦੀ ਬੇਚੈਨੀ ਤੇ ਤਲਖੀ ਵਧਦੀ ਹੈ। ਬਚਾਅ ਲਈ ਚੀਕਦਾ ਹੈ। ਲੱਤਾਂ-ਬਾਹਾਂ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਨਾ ਆਵਾਜ਼ ਨਿਕਲਦੀ ਹੈ, ਨਾ ਛਟਪਟਾਇਆ ਜਾ ਰਿਹੈ। ਗੱਡੀ ਦਾ ਵਿਸ਼ਾਲ ਇੰਜਣ ਆਪਣੇ ਵੱਲ ਵਧਦਾ ਵੇਖ ਉਹਦੀ ਜ਼ੋਰ ਦੀ ਚੀਕ ਨਿਕਲਦੀ ਹੈ...।

'ਕੀ ਹੋਇਐ!' ਲਾਗੇ ਸੁੱਤੀ ਕਮਲਾ ਅਭੜਵਾਹੇ ਉੱਠਦੀ ਹੈ।

ਕੇਦਾਰ ਦੇ ਚਿਹਰੇ ਤੇ ਤ੍ਰੇਲੀ ਆਂ ਗਈ ਸੀ। ਦਿਲ ਫੜੱਕ-ਫੜੱਕ ਵਜ ਰਿਹਾ ਸੀ। ਚੇਤਨਾ ਸੁੰਨ ਹੋਈ ਪਈ ਸੀ। ਸਾਹ ਤੇਜ਼ ਚੱਲ ਰਿਹਾ ਸੀ।

'ਮੈਂ ਕਿਹਾ ਜੀ, ਕੀ ਹੋਇਆ?' ਕਮਲ ਨੇ ਉਹਨੂੰ ਹਲੂਣਿਆ।

ਕੇਦਾਰ ਤ੍ਰਭਕਿਆ, 'ਨਹੀਂ ਕੁਛ ਨਹੀਂ।'

ਕਛ ਕਿਓਂ ਨਹੀਂ, ਚੀਕ ਤਾਂ ਬੜੀ ਜ਼ੋਰ ਦੀ ਮਾਰੀ ਜੇ।' ਕਮਲਾ ਉਹਦੇ ਨੇੜੇ ਹੋ ਕੇ ਬੋਲੀ, 'ਖੌਰੇ ਕੀ ਕੀ ਸੋਚਦੇ ਰਹਿੰਦੇ ਨੇ. ਕਿਥੇ ਕਿਥੇ ਫਿਰਦੇ ਰਹਿੰਦੇ ਸਾਰਾ ਦਿਨ...।'

'ਸੌਂ ਜਾ ਤੂੰ।' ਆਪਣੇ ਉਪਰ ਟਿਕਿਆ ਕਮਲਾ ਦਾ ਹੱਥ ਪਰੇ ਸਰਕਾ ਕੇ ਕੇਦਾਰ ਨੇ ਪਾਸਾ ਮੋੜ ਲਿਆ।

ਕਮਲਾ ਦੇ ਘੁਰਾੜੇ ਛੇਤੀ ਹੀ ਰਾਤ ਦੇ ਸਨਾਟੇ ਨੂੰ ਭੰਗ ਕਰਨ ਲੱਗੇ। ਕੇਦਾਰ ਦੀ ਪਰੇਸ਼ਾਨੀ ਵਧਣ ਲੱਗੀ। ਸੁਪਨੇ ਨੂੰ ਆਪਣੀ ਮਾਨਸਿਕਤਾ ਨਾਲ ਜੋੜ ਕੇ ਵੇਖਣ ਲੱਗਾ। ਜਿੰਨਾ ਸੁਪਨੇ ਦੀਆਂ ਤੈਹਾਂ ਫੋਲਦਾ, ਪਰੇਸ਼ਾਨ ਹੋ ਉਠਦਾ। ਨੀਂਦ ਸੀ ਕਿ ਖੰਭ ਲਾ ਕੇ ਕਿਤੇ ਉੱਡ ਗਈ ਸੀ।

ਪੇਸ਼ਾਬ ਦੀ ਹਾਜਤ ਮਹਿਸੂਸ ਕਰਦਿਆਂ ਕੇਦਾਰ ਬੈੱਡ ਤੋਂ ਉਠਿਆ। ਕਮਲਾ ਨੂੰ 'ਡਿਸਟਰਬ' ਨਾ ਕਰਨ ਦੇ ਖਿਆਲ ਨਾਲ ਉਹਨੇ ਬੱਤੀ ਨਾ ਜਗਾਈ। ਆਹਿਸਤਾ ਨਾਲ ਕਮਰੇ 'ਚੋਂ ਬਾਹਰ ਨਿਕਲ ਗਿਆ। ਆਸੇ-ਪਾਸੇ ਚੁੱਪ ਚਾਂ ਸੀ। ਸ਼ਾਇਦ ਅੱਧੀ ਰਾਤ ਹੋਵੇ, ਜਾਂ ਉਸਤੋਂ ਵੀ ਵੱਧ। ਗੇਟ ਨਾਲਦੇ ਟਾਇਲਟ 'ਚੋਂ ਹੋ ਕੇ ਕੇਦਾਰ ਕੁਝ ਚਿਰ ਲਈ ਬੇ-ਮਤਲਬ ਹੀ ਆਕਾਸ਼ ਵੱਲ ਘੂਰਦਾ ਰਿਹਾ। ਤਾਰਿਆਂ ਦਾ ਹਜੂਮ ਉਸ ਵੱਲ ਅੱਖਾਂ ਮਟਕਾ ਰਿਹਾ ਸੀ। ਪੋਰਚ ਦੀ ਜਗਦੀ ਬੱਤੀ ਵੇਖਕੇ ਉਹ ਸਹਿਜ ਨਾਲ ਪੌੜੀਆਂ ਚੜ੍ਹ ਗਿਆ। ਬੱਤੀ ਜਗਦੀ ਛਡ ਰੂਪਾ ਸੌਂ ਚੁੱਕੀ ਸੀ। ਮੇਜ਼ ਤੇ ਕਿਤਾਬਾਂ ਖਿੱਲਰੀਆਂ ਪਈਆਂ ਸਨ, ਪੈੱਨ ਖੁੱਲਾ ਪਿਆ ਸੀ। ਇਕ ਛਿਣ ਲਈ ਕੇਦਾਰ ਦਾ ਮਨ ਰੂਪਾ ਦੀ ਇਸ ਮਾਸੂਮੀਅਤ ਤੇ ਪਸੀਜ ਗਿਆ। ਪੋਰਚ ਦਾ ਦਰਵਾਜ਼ਾ ਲੰਘ ਉਹ ਸਹਿਜ ਨਾਲ ਮੇਜ਼ ਤੇ ਪਿਆ ਸਾਮਾਨ ਥਾਂ-ਸਿਰ ਕਰਨ ਲੱਗ ਪਿਆ। ਪੈਰਾਂ ਵੱਲ ਪਈ ਚਾਦਰ

ਉਹਨੇ 'ਰੂਪਾ' ਤੇ ਦਿੱਤੀ। ਵੱਡਾ-ਬਲੱਬ ਬੁਝਾ ਉਹਨੇ ਜ਼ੀਰੋ ਵਾਟ ਦਾ ਜਗਾ ਦਿੱਤਾ। ਦਰਵਾਜ਼ਾ ਬੰਦ ਕਰਕੇ ਆਪ ਹੇਠਾਂ ਉਤਰ ਆਇਆ।

'ਕੇਦਾਰ ਦੇ ਦਿਮਾਗ ਤੋਂ ਸੁਪਨੇ' ਦਾ ਬੋਝ ਹਲਕਾ ਪੈਣ ਲੱਗਾ। ਰੂਪਾਂ ਉਹਦੀਅ ਆਸਾਂ ਮੁਤਾਬਕ ਚੱਲ ਰਹੀ ਸੀ। ਪੜ੍ਹਾਈ ਵਿਚ ਇਕ ਮਨ ਹੋ ਕੇ ਲੱਗੀ ਹੋਈ ਸੀ। ਕਿਸੇ ਟਿਊਸ਼ਨ ਤੋਂ ਬਗੈਰ ਪਲੱਸ-ਟੂ ਦਾ ਮੈਡੀਕਲ ਗਰੁੱਪ, ਚੰਗੇ ਨੰਬਰ ਲੈ ਕੇ ਚਲਾਈ ਜਾ ਰਹੀ ਸੀ। ਟਿਊਸ਼ਨ ਦੇ ਖਿਲਾਫ਼ ਸੀ ਕੇਦਾਰ, ਤੇ ਰੂਪਾ ਦਾ ਇਹ ਰੁਖ-ਢੰਗ ਉਹਦੇ ਵਿਚਾਰ ਨੂੰ ਤਸੱਲੀ ਦੇ ਰਿਹਾ ਸੀ।

ਅਜੀਬ ਤੇ ਭੈੜੇ ਸੁਪਨੇ ਦਾ ਖਿਆਲ ਕੁਝ ਘਟਿਆ। ਡ੍ਰਾਇੰਗ ਰੂਮ ਦਾ ਦਰਵਾਜ਼ਾ ਉਹਨੇ ਧੱਕੇ ਨਾਲ ਖੋਲ੍ਹਿਆ। ਟਿਊਬ ਜਗਾਈ। ਦੀਵਾਨ ਤੇ ਰਾਹੁਲ ਸੁੱਤਾ ਪਿਆ ਸੀ। ਇਕ 'ਕਾਮਿਕਸ' ਉਹਦੇ ਸਿਰਹਾਣੇ ਪਿਆ ਸੀ। ਸ਼ਰਾਰਤੀ ਤੇ ਲਾਪਰਵਾਹ ਸੀ ਰਾਹੁਲ। ਪੜ੍ਹਾਈ ਖੁਭ ਕੇ ਨਹੀਂ ਸੀ ਕਰਦਾ। ਸਾਰਾ ਦਿਨ ਨੱਚਦਾ-ਟੱਪਦਾ ਤੇ ਦੋਸਤਾਂ ਨਾਲ ਫਿਰਨ-ਤੁਰਨ ਵਿਚ ਵਿਸ਼ਵਾਸ਼ ਰੱਖਦਾ ਸੀ। ਨਵੀਂ ਕਿਸਮ ਦੇ 'ਡਾਂਸ' ਖੂਬ ਕਰ ਲੈਂਦਾ, ਤੇ ਫਿਲਮੀ ਅਦਾਕਾਰਾਂ ਦੀਆਂ ਨਕਲਾਂ ਬਾਖੂਬੀ ਲਾਹ ਲੈਂਦਾ। ਉਹਦੀ ਫਿਤਰਤ ਦੇ ਹੋਰ ਵੀ ਕਈ ਅੰਗ ਸਨ, ਪਰ ਇਸ ਵੇਲੇ ਕੇਦਾਰ ਨੂੰ ਉਹਦਾ ਨਿਸ਼ਚਿੰਤ ਹੋ ਕੇ ਸੁੱਤੇ ਹੋਣਾ ਚੰਗਾ ਲੱਗਾ। ਵੱਡਾ ਹੋ ਕੇ ਸਮਝ ਜਾਏਗਾ, ਹਾਲੇ ਬੱਚਾ ਹੀ ਤਾਂ ਹੈ। ਬੱਚੇ ਨੂੰ ਬੰਨ੍ਹ ਕੇ ਰੱਖਣ ਦੇ ਤਾਂ ਅੱਗੇ ਵੀ ਕੇਦਾਰ ਹੱਕ 'ਚ ਨਹੀਂ ਸੀ।

ਪਰ ਆਦਤਾਂ ਇਸ ਕਦਰ ਬੇਮੁਹਾਰੀਆਂ ਹੋ ਜਾਣ, ਕਿ ਜੀਵਨ ਦੀ ਕੋਈ ਸੇਧ ਨਾ ਰਹੇ, ਕੇਦਾਰ ਇਸਦੇ ਹੱਕ 'ਚ ਤਾ ਕਦੇ ਵੀ ਨਹੀਂ ਸੀ। ਫਿਲਮਾਂ ਵਿਚ ਬੇ-ਲੋੜੀ ਰੁਚੀ, ਬੇਵਜ੍ਹਾ ਅਵਾਰਾ-ਗਰਦੀ, ਪੜ੍ਹਾਈ ਵਲੋਂ ਬੇਰੁਖੀ ਤਾਂ ਕੇਦਾਰ ਲਈ ਚਿੰਤਾ ਦਾ ਕਾਰਨ ਬਣਦੇ ਸਨ। ਰਾਹੁਲ ਸਪਾਈਡਰਮੈਨ ਤੇ ਸੁਪਰਮੈਨ ਨੂੰ ਆਪਣੇ ਗੁਰੂ ਮੰਨਦਾ ਸੀ। ਘਰ ਵਿਚ ਉਹਨਾਂ ਦੀਆਂ ਤਸਵੀਰਾਂ ਲਾਉਣਾ ਚਾਹੁੰਦਾ ਸੀ। ਪਰ ਕੇਦਾਰ ਨੂੰ ਇਹ ਪ੍ਰਵਾਨ ਕਰਨਾ ਮੁਸ਼ਕਲ ਲੱਗਦਾ ਸੀ।

'ਤੁਸੀਂ ਪੁਰਾਣੇ ਖਿਆਲਾਂ ਦੇ ਹੋ ਪਾਪਾ।' ਅਜਿਹੇ ਵੇਲੇ ਰਾਹੁਲ ਆਪਣਾ ਇਹ ਹਥਿਆਰ ਵਰਤ ਕੇ ਚੁੱਪ ਕਰ ਜਾਂਦਾ।

ਕੇਦਾਰ ਦੇ ਕੁਝ ਦੋਸਤਾਂ ਨੇ ਸਮਝਾਇਆ ਸੀ, 'ਇਓਂ ਪਰੇਸ਼ਾਨ ਨਾ ਹੋਇਆ ਕਰੋ। ਅਜਿਹੇ ਬੱਚੇ ਵੱਡੇ ਹੋ ਕੇ ਤਕੜੀ ਮੱਲ ਮਾਰ ਲੈਂਦੇ ਨੇ। ਨਵੀਂ ਪੀੜ੍ਹੀ ਵਿਚ ਸੰਭਾਵਨਾਵਾਂ, ਕਿਤੇ ਘੱਟ ਨਹੀਂ।'

ਪਰ ਰਾਹੁਲ 'ਚ ਕਿਹੜੀਆਂ ਸੰਭਾਵਨਾਵਾਂ ਨੇ, ਉਹ ਸੋਚਦਾ, ਪਰ ਰਾਹੁਲ ਦਾ ਕੋਈ ਪੱਖ ਉਘੜਕੇ ਉਹਦੇ ਸਾਹਮਣੇ ਪ੍ਰਗਟ ਨਾ ਹੁੰਦਾ। ਖਿਡਾਰੀ ਬਣੇਗਾ, ਗਾਇਕ ਬਣੇਗਾ, ਅਦਾਕਾਰ ਬਣੇਗਾ ਜਾਂ ਕੁਝ ਹੋਰ। ਕੀ ਕਿਹਾ ਜਾ ਸਕਦਾ। ਕੁਝ ਵੀ ਤਾਂ ਨਜ਼ਰ ਨਹੀਂ ਆ ਰਿਹਾ।

ਉਹਨੇ ਰਾਹੁਲ ਦੇ ਸਿਰ ਤੇ ਹੱਥ ਫੇਰਿਆ, ਟਿਊਬ ਬੰਦ ਕੀਤੀ ਤੇ ਬਾਹਰ ਨਿਕਲ ਆਇਆ।

ਬੈੱਡ ਰੂਮ ਦੇ ਦਰਵਾਜ਼ੇ ਦੀ ਚਿਟਖਣੀ ਅੜਾ ਕੇ ਉਹ ਫਿਰ ਬੈੱਡ ਦੇ ਲੇਟ ਗਿਆ। ਕਮਲਾ ਦੇ ਘੁਰਾੜੇ ਨਿਰੰਤਰ ਜਾਰੀ ਸਨ।

ਕੇਦਾਰ ਨੂੰ ਕੋਫਤ ਹੋਣ ਲੱਗੀ।

ਖੁੱਲ੍ਹੀ-ਡੁੱਲ੍ਹੀ ਮੈਕਸੀ ਪਹਿਨੀ ਕਿੰਨੀ ਨਿਸ਼ਚਿਤ ਹੋ ਕੇ ਸੁੱਤੀ ਪਈ ਸੀ ਉਹ। ਦੀਨ-ਦੁਨੀਆਂ ਦੇ ਫਿਕਰਾਂ ਤੋਂ ਨਿਰਲੇਪ : ਪਿਛਲੇ ਕੁਝ ਸਮੇਂ ਤੋਂ ਉਹ ਅਜੀਬ ਜਿਹਾ ਰਵੱਈਆ ਅਖ਼ਤਿਆਰ ਕਰਦੀ ਜਾ ਰਹੀ ਸੀ। ਗੱਲ-ਗੱਲ ਤੇ ਖਿਝਣ ਲੱਗਦੀ ਸੀ। ਨਿੱਕੀ-ਮੋਟੀ ਗੱਲ ਤੇ ਅੱਗੋਂ ਟੁੱਟ ਕੇ ਪੈ ਜਾਂਦੀ। ਕੇਦਾਰ ਨੂੰ ਅਫਸੋਸ ਹੁੰਦਾ, ਅੱਠਾਰਾਂ ਵਰ੍ਹਿਆਂ ਦੇ ਵਿਆਹੁਤਾ ਜੀਵਨ ਵਿਚ ਉਹਦੀ ਆਪਣੀ ਪਤਨੀ ਨਾਲ ਮਾਨਸਕ ਸਾਂਝ ਨਹੀਂ ਸੀ ਸਥਾਪਤ ਹੋ ਸਕੀ। ਹਮੇਸ਼ਾ ਇਕ ਫਾਸਲਾ ਰਿਹਾ ਸੀ। ਜਿਸ ਤਰ੍ਹਾਂ ਦੇ ਸੁੱਖਾਂ ਦੀ ਤਾਂਘ ਕਮਲਾ ਰੱਖਦੀ ਸੀ, ਕੇਦਾਰ ਮੁਹੱਈਆ ਨਹੀਂ ਸੀ ਕਰਵਾ ਸਕਿਆ। ਜਿਸ ਤਰ੍ਹਾਂ ਦੀ ਸੋਚ ਕੇਦਾਰ ਚਾਹੁੰਦਾ ਸੀ, ਕਮਲਾ ਬਣਾ ਨਾ ਸਕੀ। ਆਪਣੀਆਂ-ਆਪਣੀਆਂ ਸੀਮਾਵਾਂ ਤੇ ਖਲੋਤੇ ਰਹੇ ਦੋਵੇਂ।

ਫਿਰ ਵੀ ਨਿਭਦੀ ਰਹੀ। ਕੇਦਾਰ 'ਅਡਜਸਟ' ਕਰਦਾ ਰਿਹਾ। ਰੂਪਾ ਹੋਈ, ਰਾਹੁਲ ਹੋਇਆ। ਨਿੱਕੇ ਜਿਹੇ ਸੰਸਾਰ ਨੇ ਜੀਵਨ ਨੂੰ ਅਰਥ ਦਿਤੇ। ਜੀਣ ਦਾ ਆਧਾਰ ਬੱਚੇ ਬਣ ਗਏ। ਆਪਣੇ ਵਿੱਤ ਮੁਜਬ ਕੇਦਾਰ ਨੇ 'ਘਰ' ਪਾ ਲਿਆ। ਸਭ ਕੁਝ ਠੀਕ ਚੱਲਣ ਲੱਗਾ।

ਕੇਦਾਰ ਤੇ ਕਮਲਾ ਵਿਚਲਾ ਫਾਸਲਾ ਬਰਕਰਾਰ ਰਿਹਾ।

ਕਦੇ-ਕਦੇ ਇਹ ਫਾਸਲਾ ਤਕਰਾਰ ਵਿਚ ਬਦਲਦਾ।

'ਤੁਹਾਥੋਂ ਜੂਨੀਅਰ ਕਿੱਦਾਂ ਸਕੂਟਰ ਲਈ ਫਿਰਦੇ ਨੇ, ਤੇ ਕਿਓਂ ? ਹਾਲੇ ਤੱਕ ਸਾਇਕਲ ਤੇ ਢੀਚਕ ਮਾਰ ਰਹੇ ਓ ?' ਕਮਲਾ ਉਬਲਦੀ ਸੀ।

'ਏਨੀ ਤਨਖਾਹ ਨਾਲ ਤਾਂ ਜੋ ਹੋ ਸਕਦੈ, ਮੈਂ ਵੱਧ ਤੋਂ ਵੱਧ ਕਰ ਹੀ ਰਿਹਾ।' ਹਜ਼ਾਰ ਵਾਰ ਦੁਹਰਾਈ ਗੱਲ ਕੇਦਾਰ ਫੇਰ ਕਹਿ ਦਿੰਦਾ।

'ਸੋਢੀ ਦੀ ਕੋਠੀ ਵੇਖਕੇ ਭੁੱਖ ਲਹਿੰਦੀ ਐ, ਆਪਣੇ ਮਕਾਨ ਦਾ ਪਲੱਸਤਰ ਵੀ ਹਾਲੇ ਨਹੀਂ ਹੋਇਆ। ਫਰਸ਼ ਵੀ ਕੱਚੇ ਪਾਏ ਐ। ਮੈਂ ਤਾਂ ਕਿਸੇ ਨੂੰ ਘਰ ਬੁਲਾਉਣ ਜੋਗੀ ਨਹੀਂ...' ਕਮਲਾ ਦਾ ਹਿਰਖ ਸਿਖ਼ਰ ਤੇ ਹੁੰਦਾ।

'ਜਿੰਨਾ ਲੋਨ ਸਰਕਾਰ ਨੇ ਦਿੱਤਾ, ਤੇਰੇ ਸਾਹਮਣੇ ਹੀ ਤਾਂ ਖਰਚਿਐ ਮੈਂ। ਜਿੰਨਾ ਹੋਇਆ ਕਰ ਦਿੱਤਾ।' ਕੇਦਾਰ ਸਮਝਾਉਂਦਾ।

'ਦੂਜਿਆਂ ਦੇ ਲੋਨ ਕਿਥੋਂ ਆਉਂਦੇ ਐ ?' ਕਮਲਾ ਗੱਲ ਨਾ ਛੱਡਦੀ।

'ਤੈਨੂੰ ਪਤਾ ਈ ਐ।'

'ਤੁਹਾਨੂੰ ਕੀ ਸੱਪ ਸੁੰਘ ਗਿਐ ?'

'ਮੈਂ ਨਹੀਂ ਲਿੱਬੜ ਸਕਦਾ ਇਸ ਵਿਚ, ਸਮਝੀ।' ਕੇਦਾਰ ਖਿਝ ਉਠਦਾ। 'ਫਜ਼ੂਲ ਦਾ ਰੇੜਕਾ ਪਾ ਕੇ ਬਹਿ ਜਾਂਦੀ ਐਂ, ਰੋਜ਼ ਦਿਹਾੜੀ।'

ਕਮਲਾ ਬੁਸਕਣ ਲਗਦੀ। ਉਹ ਚੁੱਪ ਕਰ ਜਾਂਦਾ। ਇਸ ਤੋਂ ਅਗਾਂਹ ਚੁੱਪ ਹੀ ਬਿਹਤਰ ਹਥਿਆਰ ਹੁੰਦਾ। ਇਸ ਤੋਂ ਅੱਗੇ ਬਹਿਸ ਦਾ ਮਤਲਬ ਪ੍ਰੇਸ਼ਾਨੀ ਤੇ ਖਿਝ ਸੀ। ਕਿਸੇ ਤਰਕ ਨਾਲ ਕਮਲਾ ਦੀ ਤਸੱਲੀ ਨਹੀਂ ਸੀ ਹੋਣੀ, ਤੇ ਕਮਲਾ ਦੀ ਕਿਸੇ ਗੱਲ ਦਾ ਕੇਦਾਰ ਲਈ ਕੋਈ ਅਰਥ ਨਹੀਂ ਸੀ, ਇਥੇ ਦੋਹਾਂ ਦੀ ਸੀਮਾ ਸੀ।

ਹਨ੍ਹੇਰੇ ਦੀ ਪਰਤ ਵਿਚੋਂ ਕੇਦਾਰ ਨੇ ਕਮਲਾ ਦੇ ਘੁਰਾੜਿਆਂ ਦੀ ਤਾਲ ਨਾਲ ਹੇਠ ਉਪਰ ਹੋ ਰਹੀ ਉਹਦੀ ਹਿੱਕ ਵੱਲ ਵੇਖਿਆ। ਪਤਾ ਨਹੀਂ ਇਕ ਛਿਣ ਲਈ ਕਿਉਂ ਉਹਨੂੰ ਲੱਗਾ, ਕਮਲਾ ਦਾ ਸਭ ਕੁਝ ਜਿਵੇਂ ਏਥੇ ਹੀ ਦੱਬਿਆ ਪਿਆ ਸੀ। ਸ਼ਾਇਦ ਉਹ ਗਲਤ ਥਾਂ ਤੇ ਆ ਗਈ ਸੀ। ਕੇਦਾਰ ਨੂੰ ਯਾਦ ਆਇਆ ਕਿਵੇਂ ਉਸਨੇ ਆਪਣੇ ਬਾਊ ਜੀ ਤੇ ਭਾਈ ਜੀ ਦੀ ਪੇਸ਼ਕਸ਼ ਨੂੰ ਕਬੂਲ ਲਿਆ ਸੀ ਤੇ ਕਮਲਾ ਨੂੰ ਸਵੀਕਾਰ ਕਰ ਲਿਆ ਸੀ। ਉਹ ਆਪਣੇ ਕਾਲਜ ਦੀ ਹਮ-ਖਿਆਲ ਦੋਸਤ ਆਰਤੀ ਨਾਲੋਂ ਟੁੱਟਣਾ ਨਹੀਂ ਸੀ ਚਾਹੁੰਦਾ, ਪਰ ਫਰਜ਼ ਉਹਦੇ ਲਈ ਪਹਿਲਾਂ ਸਨ। ਮਾਂ-ਪਿਓ ਨੂੰ ਨਿਰਾਸ਼ ਕਰਨਾ ਕੇਦਾਰ ਦਾ ਸੁਭਾਅ ਨਹੀਂ ਸੀ। 'ਜੇ ਕਿਤੇ ਥੋੜ੍ਹਾ ਕੁ ਸਟੈਂਡ ਉਹ ਲੈ ਲੈਂਦੇ...ਆਰਤੀ ਸ਼ਾਇਦ ਉਹਦੇ ਨਾਲ ਬਿਹਤਰ ਨਿਭ ਪਾਉਂਦੀ...ਕਮਲਾ ਸ਼ਾਇਦ ਮਨ ਇਛਿਤ ਪਾ ਲੈਂਦੀ...ਸ਼ਾਇਦ।

ਉਹਨੇ ਆਰਤੀ ਦੇ ਨਕਸ਼ ਚਿਤਵਣ ਦੀ ਕੋਸ਼ਿਸ਼ ਕੀਤੀ। ਆਖਰੀ ਦਿਨ ਹੋਈ ਮੁਲਾਕਾਤ। ਆਖਰੀ ਵਾਰ ਵਿਛੜਨ ਦਾ ਦ੍ਰਿਸ਼। ਨਜ਼ਰ ਦੇ ਦਾਇਰੇ 'ਚੋਂ ਦੂਰ ਹੋਣ ਦੇ ਪਲ...।

ਚਿਹਰੇ ਤੇ ਉਦਾਸੀ ਦਾ ਅੰਸ਼ ਭਰ ਨਹੀਂ ਸੀ ਆਰਤੀ ਦੇ। ਬੜੀ ਸਹਿਜ ਨਾਲ ਉਹ ਚਲੀ ਗਈ ਸੀ। ਕੇਦਾਰ ਖਲੋਤਾ ਰਹਿ ਗਿਆ ਸੀ, ਫਰਜ਼ ਤੇ ਮੁਹੱਬਤ ਵਿਚਕਾਰ।

ਆਰਤੀ ਅੱਜ ਵੀ ਨਹੀਂ ਭੁੱਲੀ। ਬਤਾਲੀਆਂ ਨੂੰ ਪਾਰ ਕਰ ਰਿਹੈ ਕੇਦਾਰ।

ਆਰਤੀ ਬਾਰੇ ਸੋਚਦੇ ਤਾਂ ਸਾਲਾਂ ਦਾ ਵਕਫ਼ਾਂ ਜ਼ੀਰੋ ਹੋ ਜਾਂਦੇ।

ਕਮਲਾ ਸਾਹਮਣੇ ਖਲੋ ਕੇ ਪਤਾ ਨਹੀਂ ਕਿਉਂ ਮਹਿਸੂਸ ਹੁੰਦੈ ਕੇਦਾਰ ਨੂੰ, ਕਿ ਉਹਦਾ ਬਹੁਤ ਛੇਤੀ ਕੁੱਬ ਨਿਕਲ ਜਾਏਗਾ।

ਆਰਤੀ ਬਾਰੇ ਸੋਚਣਾ ਹਾਲੇ ਵੀ ਸੁਖਦਾਇਕ ਸੀ। ਭੈੜ-ਭੜੁੰਨੇ ਖਿਆਲਾਂ ਤੋਂ ਮੁਕਤੀ ਮਿਲ ਜਾਂਦੀ ਸੀ। ਆਸੇ-ਪਾਸੇ ਦਾ ਸ਼ੋਰ ਸੁਣਨੋ ਹਟ ਜਾਂਦਾ ਸੀ।

ਆਰਤੀ ਬਾਰੇ ਸੋਚਦਿਆਂ ਕੇਦਾਰ ਦੀ ਅੱਖ ਲੱਗ ਗਈ।

ਚਪੜਾਸੀ ਨੇ ਕੇਦਾਰ ਨੂੰ ਸਲੂਟ ਮਾਰਦਿਆਂ ਨਮਸਕਾਰ ਆਖਿਆ।

'ਨਮਸਕਾਰ ਬਈ ਰਾਮ ਬਹਾਦੁਰ, ਸੁਣਾ ਕੀ ਹਾਲ ਐ।' ਆਪਣੀ ਸੀਟ ਤੇ ਬਹਿੰਦਿਆਂ ਕੇਦਾਰ ਨੇ ਕਿਹਾ।

'ਬੱਸ ਜੀ ਕਿਰਪਾ ਐ ਆਪ ਦੀ, ਪਾਣੀ ਲਿਆਵਾਂ ?'

'ਲੈ ਆ ਬਈ ਪਾਣੀ...।' ਕੁਰਸੀ ਦੀ ਢੋਅ ਨਾਲ ਪਿੱਠ ਲਾ ਕੇ ਸਾਹਮਣੀ ਘੜੀ ਵੱਲ ਵੇਖਿਆ। ਪੂਰੇ ਨੌਂ ਵਜ ਰਹੇ ਸਨ। ਦਫਤਰ ਉਹ ਚਪੜਾਸੀ ਤੋਂ ਬਾਅਦ ਆਉਣ ਵਾਲਾ ਸ਼ਾਇਦ ਪਹਿਲਾ ਬੰਦਾ ਸੀ। ਸ਼ਾਇਦ ਨਿੱਤ ਦਾ ਹੀ ਰੁਝਾਨ ਸੀ ਇਹ। ਕੇਦਾਰ ਨੂੰ ਦੇਰ ਨਾਲ ਦਫਤਰ ਜਾਣਾ ਪਸੰਦ ਨਹੀਂ ਸੀ। ਦਫਤਰ ਦਾਂ ਕੰਮ ਲੇਟ ਪਾ ਛੱਡਣਾ ਵੀ ਉਹਦਾ ਸੁਭਾਅ ਨਹੀਂ ਸੀ।

ਪਾਣੀ ਰੱਖਦੇ ਚਪੜਾਸੀ ਨੂੰ ਉਹਨੇ ਪੁੱਛਿਆ, 'ਗੁਪਤਾ ਸਾਹਿਬ ਨਹੀਂ ਆਏ ਹਾਲੇ ?'

'ਨਹੀਂ ਜਨਾਬ, ਸੋਢੀ ਸਾਹਿਬ ਆ ਗਏ ਨੇ, ਸਕੂਟਰ ਲਾ ਰਹੇ ਨੇ।' ਗਲਾਸ ਰੱਖ ਕੇ ਚਪੜਾਸੀ ਖਲੋ ਗਿਆ।

'ਅੱਛਾ।' ਕੇਦਾਰ ਨੇ ਕਿਹਾ ਤੇ ਦਰਾਜ਼ ਖੋਲ੍ਹ ਕੇ ਕੋਈ ਫਾਈਲ ਖੋਲ੍ਹ ਕੇ ਬੈਠ ਗਿਆ ਚਪੜਾਸੀ ਬਾਹਰ ਸਟੂਲ ਤੇ ਜਾ ਬੈਠਾ।

'ਹੈਲੋ ਸਰ।' ਅੰਦਰ ਵੜਦਿਆਂ ਸੋਢੀ ਨੇ ਕਿਹਾ ਤੇ ਨਾਲ ਹੀ ਹੱਥ ਵਧਾਇਆ।

'ਹੈਲੋ।' ਮੁਸਕਾ ਕੇ ਕੇਦਾਰ ਨੇ ਹੱਥ ਮਿਲਾਇਆ ਤੇ ਸੋਢੀ ਨੂੰ ਬਹਿਣ ਦਾ ਇਸ਼ਾਰਾ ਕੀਤਾ।

'ਅੱਜ ਕੁਝ ਚਿਹਰਾ ਖਿੰਡਿਆ-ਖਿੰਡਿਆ ਜਾਪ ਰਿਹੈ ਸਰ, ਜਗਰਾਤਾ ਕੱਟਿਆ ਲੱਗਦੈ।' ਸੋਢੀ ਦੀਆਂ ਮੁੱਛਾਂ ਹੇਠ ਬੁੱਲ੍ਹ ਮੁਸਕ੍ਰਾ ਰਹੇ ਸਨ।

ਜਿਵੇਂ ਸੰਘ ਵਿਚ ਕੁਝ ਕੌੜਾ ਅਟਕ ਗਿਆ ਹੋਵੇ। ਰਾਤ ਵਾਲੇ ਸੁਪਨੇ ਦਾ ਚੇਤਾ ਆ ਗਿਆ ਉਹਨੂੰ, ਜਿਸਦਾ ਮੂੰਹ ਸਿਰ ਉਹਦੀ ਪਕੜ ਵਿਚ ਨਹੀਂ ਸੀ ਆ ਰਿਹਾ। ਸੋਢੀ ਨਾਲ ਇਸ ਬਾਰੇ ਗੱਲ ਕਰਨੀ ਮੁਨਾਸਬ ਐ। ਇਹੋ ਜਿਹੀਆਂ ਮਾਨਸਕ ਤਬਦੀਲੀਆਂ ਦੇ ਰਹੱਸ ਨੂੰ ਉਹ ਸਮਝ ਸਕਦਾ ਹੈ। ਸੋਢੀ ਹਰ ਗੱਲ ਨੂੰ ਵੱਖ-ਵੱਖ ਕੋਣਾਂ ਤੋਂ ਵੇਖਕੇ ਕਰ ਸਕਦਾ ਹੈ। ਕੇਦਾਰ ਮਨ ਦੀ ਗੱਲ ਪਹਿਲਾਂ ਵੀ ਉਹਦੇ ਨਾਲ ਕਰ ਲੈਂਦਾ ਸੀ। ਬੇਸ਼ਕ ਦਫਤਰ ਵਿਚ ਕੇਦਾਰ ਦੇ ਅਧੀਨ ਕੰਮ ਕਰਦਾ ਸੀ ਉਹ, ਪਰ ਕਈ ਵਾਰ ਉਹ ਦੋਸਤਾਂ ਵਾਂਗ ਬਹਿਕੇ ਗੱਲਾਂ ਵੀ ਕਰਦੇ ਤੇ ਗੁੰਝਲਾਂ ਵੀ ਖੋਲ੍ਹਦੇ ਸਨ।

'ਲਗਤਾ ਹੈ, ਦਰਦੇ ਦਿਲ ਦੀ ਬਾਤ ਹੈ ਕੋਈ।' ਸੁਭਾਅ ਮੁਤਾਬਕ ਸੋਢੀ ਲਹਿਰ 'ਚ ਆ ਗਿਆ।

'ਨਹੀਂ ਯਾਰ!' ਹੱਸਣ ਦੀ ਥਾਂ ਕੇਦਾਰ ਗੰਭੀਰ ਰੁਖ ਅਖਤਿਆਰ ਕਰ ਗਿਆ।

'ਹੋਰ ਫਿਰ?' ਮਜ਼ਬੂਰਨ ਸੋਢੀ ਨੂੰ ਹਾਸੇ ਦੀ ਸੁਰ ਰੋਕਣੀ ਪਈ।

'ਗੱਲ ਇਹ ਐ ਸੋਢੀ, ਕਿ ਅਜੀਬ ਤਰ੍ਹਾਂ ਦੀ ਮਾਨਸਿਕਤਾ ਬਣ ਜਾਂਦੀ ਐ ਮੇਰੀ ਕਦੇ-ਕਦੇ। ਜਦੋਂ ਕਦੇ ਖੁਦ ਦਾ ਮੁਤਾਲਿਆ ਕਰਨ ਬੈਠਦਾ ਤਾਂ ਜਾਪਦੈ ਮੈਂ ਮਿੱਸ ਫਿੱਟ ਹੋ ਰਿਹਾ। ਦੁਨੀਆਂ ਵਿਚ ਤੇਜ਼ੀ ਨਾਲ ਤਬਦੀਲੀ ਵਾਪਰ ਰਹੀ ਐ। ਹਰ ਪਾਸੇ ਦੌੜ, ਪੈਸੇ ਦੀ ਭੁੱਖ, ਲਾਲਸਾਵਾਂ ਵਧ ਰਹੀਆਂ ਨੇ। ਮੈਂ ਕੁਝ ਹੋਰ ਸੋਚਦਾ ਸੀ। ਉਹ ਕੁਝ ਟੁੱਟ ਰਿਹੈ...' ਕੇਦਾਰ ਨੇ ਕਿਹਾ।

'ਬਦਲੇ ਹੋਏ ਯੁੱਗ ਵਿਚ ਕਦਰਾਂ-ਕੀਮਤਾਂ ਤਾਂ ਬਦਲਣਗੀਆਂ ਹੀ, ਸਰ। ਤੁਸੀਂ ਬੇ-ਵਜ੍ਹਾ ਪ੍ਰੇਸ਼ਾਨੀ ਸਹੇੜਦੇ ਓ। ਸਿਧਾਂਤ ਤੇ ਅਨੁਸ਼ਾਸ਼ਨ ਵੀ ਤਾਂ ਵੇਲਾ ਵਿਹਾ ਜਾਂਦੇ ਨੇ। ਮੈ ਸਮਝਦਾ ਹਾਂ ਤੁਹਾਡਾ ਸੰਕਟ। ਅਸਲ 'ਚ ਇਹ ਟੁੱਟ ਭੱਜ ਬਾਹਰੀ ਨਹੀਂ ਤੁਹਾਡੀ ਅੰਦਰਲੀ ਐ। ਤੁਹਾਨੂੰ ਆਪਣੇ ਆਪ ਨੂੰ ਸਪੱਸ਼ਟ ਕਰਨਾ ਪਵੇਗਾ।'

'ਮੇਰੀ ਟੁੱਟ-ਭੱਜ ਕਿਵੇਂ ਐ?' ਕੇਦਾਰ ਇਸ ਤਰਕ ਨੂੰ ਸਮਝ ਨਾ ਸਕਿਆ।

'ਤੁਸੀਂ...ਫੈਸਲਾ ਹੀ ਨਹੀਂ ਕਰ ਪਾ ਰਹੇ ਕਿ ਨਵੇਂ ਯੁੱਗ ਨਾਲ ਤੁਰਨੈ ਜਾਂ ਪਿਛਾਂਹ ਪਰਤਣੈ। ਅਧਵਾਟੇ ਖਲੋ ਕੇ ਜਿੰਨਾ ਮਨ ਤੇ ਬੋਝ ਪਾਵਾਂਗੇ, ਓਨੀ ਟੁੱਟ-ਭੱਜ ਹੋਏ।' ਸੋਢੀ ਨੇ ਕਿਹਾ।

'ਘਰ ਵਿਚ ਇਕ ਅਜੀਬ ਤਣਾਓ ਹੈ। ਤੇਰੀ ਭਾਬੀ ਸਾਹਮਣੇ ਮੈਂ ਮਿਸਫਿੱਟ ਆਂ। ਬੱਚਿਆਂ ਸਾਹਮਣੇ। ਨਵੀਆਂ ਲੋੜਾਂ ਕਰੀਏਟ ਹੋ ਰਹੀਆਂ ਨੇ, ਮੈਨੂੰ ਸਮਝ ਨਹੀਂ ਲਗਦੀ ਕਿਵੇਂ ਬੈਲੰਸ ਕਾਇਮ ਕਰਾਂ?' ਆਪਣਾ ਦੁੱਖ ਕੇਦਾਰ ਨੇ ਜ਼ਾਹਰ ਕੀਤਾ।

'ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਨਾਲ ਦੇ ਸੁਪਰਡੈਂਟ ਗੁਪਤਾ ਸਾਹਿਬ ਕਰਦੇ ਨੇ।' ਸੋਢੀ ਨੇ ਸੁਝਾਅ ਪੇਸ਼ ਕੀਤਾ!

'ਯੂ ਮੀਨ, ਮੈਂ ਬੈਗਿੰਗ ਕਰਾਂ ਹੱਥ ਗੰਦੇ ਕਰਾਂ? ਓ ਨੋ-ਨੋ...ਨਹੀਂ ਸੋਢੀ ਸਾਹਿਬ, ਦਿਸ ਇਜ਼ ਨੱਨ ਔਫ ਮਾਈ ਬਿਜ਼ਨੈਸ।' ਕੇਦਾਰ ਨੇ ਜ਼ੋਰ ਨਾਲ ਸਿਰ ਹਿਲਾਇਆ।

'ਨਹੀਂ ਸਰ...' ਸ਼ਾਂਤ ਹੋ ਕੇ ਸੋਢੀ ਨੇ ਕਿਹਾ, 'ਸੀ ਦਿਸ ਫਰੋਮ ਐਨ ਅਦਰ ਐਂਗਲ। ਅਸੀਂ ਇਹ ਤਾਂ ਸਮਝਦੇ ਆਂ ਸਰਮਾਏਦਾਰ ਚੋਰ ਨੇ ਡਾਕੂ ਨੇ, ਮਜ਼ਦੂਰਾਂ ਦੇ ਹਿੱਤਾਂ ਤੇ ਛਾਪਾ ਮਾਰਦੇ ਨੇ। ਸਰਕਾਰ ਨਾਲ ਠੱਗੀ ਕਰਦੇ ਨੇ। ਲੋਕਾਂ ਲਈ ਘਟੀਆ ਮਾਲ ਤਿਆਰ ਕਰਦੇ ਨੇ। ਲੋੜ ਤੋਂ ਵੱਧ ਮੁਨਾਫਾ ਕਮਾਉਂਦੇ ਨੇ। ਇਹ ਤਾਂ ਆਪਾਂ ਸਮਝਨੇ ਆ ਨਾ...?

ਕੇਦਾਰ ਸੋਢੀ ਵੱਲ ਵੇਖਦਾ ਰਿਹਾ।

'ਜੇ ਆਪਾਂ ਇਹ ਸਮਝਨੇ ਆਂ...' ਸੋਢੀ ਨੂੰ ਗੱਲ ਜਾਰੀ ਰੱਖੀ, 'ਤਾਂ ਫਿਰ ਉਹਨਾਂ ਦੇ ਦੇ ਇਸ ਚੋਰੀ ਦੇ ਮਾਲ 'ਚੋਂ ਹਿੱਸਾ ਵੰਡਾਉਣਾ ਕਿਤੇ ਗੈਰ ਨੈਤਿਕ ਐ? ਨਹੀਂ ਸਰ...'

'ਨਹੀਂ ਸੋਢੀ, ਇਹ ਗੈਰ-ਨੈਤਿਕ ਈ ਆ।'

'ਥੋੜ੍ਹਾ ਹੋਰ ਸੋਚੋ ਸਰ...' ਕੇਦਾਰ ਦਾ ਪ੍ਰਤੀਕਰਮ ਵੇਖਣ ਲਈ ਸੋਢੀ ਰੁਕ ਗਿਆ।

'ਥੋੜਾ ਨਹੀਂ, ਬਹੁਤ ਸੋਚਿਐ ਮੈਂ। ਪਰ ਸਿੱਟਾ ਇਹੋ ਕੱਢਿਐ ਕਿ ਮਿਹਨਤ ਤੋਂ ਬਗੈਰ ਹੋਰ ਕਿਸੇ ਵੀ ਜ਼ਰੀਏ ਆਇਆ ਪੈਸਾ ਨੈਤਿਕ ਨਹੀਂ।'

'ਤਾਂ ਫਿਰ ਥੋੜਾ ਕੁ ਵਿਵਹਾਰਕ ਹੋ ਕੇ ਵੇਖੋ, ਨਬਜ਼ ਵੇਖਕੇ ਤੇ ਦੋ ਦਵਾਈਆ ਲਿਖਕੇ ਡਾਕਟਰ ਪੰਜਾਹ ਰੁਪਏ ਭਾੜ ਲੈਂਦੇ, ਬਿਨਾਂ ਕਿਸੇ ਮਿਹਨਤ ਤੋਂ ਸ਼ੇਅਰ ਬਾਜ਼ਾਰ 'ਚੋਂ ਲੋਕ ਲੱਖਾਂ ਰੁਪਏ ਲੁੱਟ ਰਹੇ ਨੇ, ਲਾਟਰੀ ਵੀ ਬਿਨਾਂ ਮਿਹਨਤ ਪੈਸਾ ਮੁਹੱਈਆ ਕਰ ਸਕਦੀ ਐ, ਸਾਰੇ ਫਲ ਮਿਹਨਤ ਨੂੰ ਨਹੀਂ ਲੱਗਦੇ। ਟਰਾਈ ਟੂ ਅੰਡਰਸਟੈਂਡ ਸਰ।'

ਹਲਕਾ ਹੋਣ ਦੀ ਥਾਂ ਕੇਦਾਰ ਦਾ ਸਿਰ ਭਾਰਾ ਹੋਣ ਲੱਗਾ। ਫ਼ਜ਼ੂਲ ਦੀ ਬਹਿਸ ਹੈ ਇਹ। ਜਦੋਂ ਉਹਦਾ ਮਨ ਨਹੀਂ ਤਿਆਰ ਤਾਂ ਦਲੀਲ ਕਾਟ ਕਿਵੇਂ ਕਰੇ।

'ਚੱਲ ਛੱਡ ਯਾਰ।' ਉਹ ਅਖੀਰ ਬੋਲਿਆ।

'ਠੀਕ ਐ ਸਰ।' ਸੋਢੀ ਮੁਸਕ੍ਰਾਇਆ।

'ਹੋਰ ਕਿਵੇਂ ਚੱਲ ਰਹੀ ਐ?' ਹਲਕਾ ਹੋਣ ਦੀ ਕੋਸ਼ਿਸ਼ ਵਿਚ ਕੇਦਾਰ ਨੇ ਕਿਹਾ।

'ਫਾਈਨ ਸਰ।' ਟੇਬਲ ਤੇ ਪਿਆ ਪੇਪਰ ਵੇਟ ਸੋਢੀ ਨੇ ਘੁਮਾਇਆ। ਕੇਦਾਰ ਨੇ ਫਾਈਲ ਤੇ ਨਜ਼ਰ ਫੇਰੀ। ਥੋੜਾ ਕੰਮ ਕਰਮ ਦੇ ਖਿਆਲ ਨਾਲ ਸੋਢੀ ਨੇ ਉਠਣਾ ਮੁਨਾਸਬ ਸਮਝਿਆ, ਥੋੜਾ ਕੰਮ ਵੇਖ ਲਵਾਂ ਜਾ ਕੇ।'

'ਓ. ਕੇ।' ਅੱਖਾਂ ਚੁੱਕ ਤੇ ਕੇਦਾਰ ਮੁਸਕਰਾਇਆ। ਸੋਢੀ ਕੈਬਿਨ 'ਚੋਂ ਨਿਕਲ ਗਿਆ।

ਫਾਈਲ ਉਤੋਂ ਧਿਆਨ ਸਰਕ ਗਿਆ ਕੇਦਾਰ ਦਾ। ਗੁਪਤੇ ਵਾਂਗ ਕਿਵੇਂ ਬਣ ਜਾਵੇ ਉਹ? ਨਾ ਮੁਮਕਿਨ ਸੀ ਇਹ। ਗੁਪਤਾ ਤਾਂ ਭਿਖਾਰੀਆਂ ਵਾਂਗ ਮੰਗਦਾ ਫਿਰਦਾ ਸੀ। ਆਪਣੀ ਪੱਧਰ ਤੋਂ ਕਿਤੇ ਨੀਵਾਂ ਚਲਾ ਜਾਂਦਾ ਸੀ। ਪੈਸੇ ਲਈ ਅਗਲੇ ਦੇ ਬੂਟ ਚੱਟਣ ਤੱਕ ਜਾਂਦਾ ਸੀ। ਉਹ ਗੁਪਤੇ ਦੀ ਪੱਧਰ ਤੇ ਕਿਵੇ ਜਾਵੇ?

ਇਹ ਗੱਲ ਕਮਲਾ ਨੂੰ ਕਿਵੇਂ ਸਮਝਾਵੇ ਕਿ ਆਦਮੀ ਦਾ ਕਿਰਦਾਰ ਵੀ ਕੋਈ ਚੀਜ਼ ਹੁੰਦੀ ਐ।

ਰਾਹੁਲ ਨੂੰ ਕਿਵੇਂ ਸਮਝਾਵੇ ਕਿ ਰੰਗਦਾਰ ਟੀ.ਵੀ. ਤੇ ਵੀ. ਸੀ. ਆਰ. ਉਹਨਾਂ ਦੀਆਂ ਲੋੜਾਂ ਦਾ ਹਿੱਸਾ ਨਹੀਂ ਹਨ। ਉਲਝ ਰਿਹਾ ਸੀ ਕੇਦਾਰ। ਉਹ ਸੋਚਦਾ ਸੀ ਜਿੰਦਗੀ ਉਹਦੀ ਸੋਚ ਮੁਤਾਬਕ ਤੁਰੀ ਜਾਏਗੀ। ਦੁਨੀਆਂ ਸਹੀ ਦਿਸ਼ਾ ਵੱਲ ਬਦਲੇਗੀ। ਕਿਸੇ ਚੰਗੀ ਲਹਿਰ ਨੂੰ ਲੈ ਕੇ ਲੋਕ ਤੁਰਨਗੇ।

ਤਪਦੀ ਰੇਤ ਉਤੇ ਪਾਣੀ ਦਾ ਝਉਲਾ ਦਿੰਦੇ ਭਰਮ ਵਾਂਗ ਉਹਦੇ ਖਿਆਲ ਉਹਤੋਂ ਦੂਰ ਹੁੰਦੇ ਗਏ। ਆਪਣੇ ਵਿਚਾਰਾਂ ਦੀ ਮਿਸ਼ਾਲ ਫੜੀ ਇਕੱਲਾ ਖਲੋਤਾ ਰਹਿ ਗਿਆ ਕੇਦਾਰ। ਉਹ ਮਿਸ਼ਾਲ ਉਹਦੇ ਬੁੱਢੇ ਹੁੰਦੇ ਜਾ ਰਹੇ ਹੱਥਾਂ ਵਿਚ ਹੁਣ ਬੁਝਣ ਤੇ ਸੀ। ਉਹਨੂੰ ਫੜ ਕੇ ਕੋਈ ਅਗਾਂਹ ਤੁਰਨ ਵਾਲਾ ਉਹਨੂੰ ਨਜ਼ਰ ਨਹੀਂ ਸੀ ਆ ਰਿਹਾ। ਸ਼ਹਿਰ ਦੀਆਂ ਕੰਧਾਂ ਤੇ ਲੱਗੇ ਨੰਗੇ ਪੋਸਟਰ ਉਹਦਾਂ ਮੂੰਹ ਚਿੜਾਉਂਦੇ। ਫੈਸ਼ਨ ਵੀ ਦੁਨੀਆਂ 'ਚ ਵਹਿੰਦੀ ਜਵਾਨੀ ਉਹਨੂੰ ਠੁੱਠ ਵਿਖਾਉਂਦੀ। ਉਹਦੀਆਂ ਕਿਤਾਬਾਂ ਨੂੰ ਸਿਓਕ ਬੜੀ ਤੇਜ਼ੀ ਨਾਲ ਚੱਟ ਰਹੀ ਸੀ। ਨਵਾਂ ਕਲਚਰ ਹਰ ਮੋੜ ਤੇ ਉੱਗ ਰਿਹਾ ਸੀ ਉਹਦੇ ਘਰ ਦੀਆਂ ਨੁੱਕਰਾਂ ਵਿਚ ਵੀ।

ਰਾਹੁਲ ਨੰਗੀਆਂ ਫਿਲਮਾਂ ਤੇ ਅਸ਼ਲੀਲ ਕਿਤਾਬਾਂ ਵਿਚ ਰੁੱਚੀ ਰੱਖਣ ਲੱਗਾ ਸੀ। ਕਹਿਣ ਦੇ ਬਾਵਜੂਦ ਵੀ ਦੇਰ ਰਾਤ ਦੀ ਫਿਲਮ ਵੇਖਣੋਂ ਨਹੀਂ ਸੀ ਟਲਦਾ। ਕੇਦਾਰ ਵਰਜਦਾ ਤਾਂ ਅਗੋਂ ਖਰਾ ਦੋ ਟੁੱਕ ਉੱਤਰ ਮਿਲਦਾ।

'ਤੁਸਾਂ ਮੈਨੂੰ ਪਾਸ ਹੋਇਆ ਈ ਲੈਣਾ ਨਾ, ਨਹੀਂ ਫੇਲ੍ਹ ਹੋਵਾਂਗਾ। ਪਰ ਬੇਵਜ੍ਹਾ ਟੋਕਿਆ ਨਾ ਕਰੋ।'

'ਕੋਰਸ ਦੀ ਨਾ ਸਹੀ, ਪਰ ਕਦੇ ਕੋਈ ਚੰਗੀ ਕਿਤਾਬ ਈ ਪੜ੍ਹ ਲਿਆ ਕਰ।' ਥੱਕੀ ਆਵਾਜ਼ 'ਚ ਕੇਦਾਰ ਕਹਿੰਦਾਂ।

ਕਮਲਾ ਤਾਂ ਉਹਦੀ ਸਾਥਣ ਸੀ। ਉਹਦਾ ਤਾਂ ਫਰਜ਼ ਸੀ ਉਹਦੀ ਠੀਕ ਗੱਲ ਨੂੰ ਠੀਕ ਸਾਬਤ ਕਰਨ ਦਾ। ਪਰ ਉਹ ਵੀ ਉਹਨੂੰ ਲਾਜਵਾਬ ਕਰਨ 'ਚ ਘੱਟ ਨਾ ਗੁਜ਼ਾਰਦੀ, 'ਤੁਸਾਂ ਕੀ ਸੁਆਰਿਐ ਕਿਤਾਬਾਂ ਪੜ੍ਹ ਕੇ, ਲਾ ਬਹਿੰਦੇ ਨੇ ਕਿਤਾਬਾਂ ਦੀ ਰਟ ਰੋਜ਼ ਦਿਹਾੜੀ।'

ਨਿਹੱਥਾ ਜਿਹਾ ਹੋ ਜਾਂਦਾ ਕੇਦਾਰ। ਆਪਣੇ ਘਰ ਵਿਚੋਂ ਉਹਨੂੰ ਅਜੀਬ ਜਿਹੀ ਬੋਅ ਆਉਣ ਲਗਦੀ। ਖੋਖਲੇ ਤੇ ਜਰਜ਼ਰੇ ਸੰਬੰਧਾਂ ਤੇ ਮਾਯੂਸੀ ਹੋਣ ਲਗਦੀ। ਉਹਦੀ ਉਦਾਸੀ ਵਧ ਜਾਂਦੀ।

ਚਾਰੇ ਕੰਨੀਆਂ ਝਾਕ ਕੇ ਉਹਦੀ ਟੇਕ ਰੂਪਾ ਤੇ ਆ ਜਾਂਦੀ। ਫਿਲਹਾਲ, ਉਹਦੇ ਖਿਆਲਾਂ ਅਨੁਸਾਰ ਚੱਲ ਰਹੀ ਸੀ ਉਹ। ਲਗਨ ਨਾਲ ਪੜ੍ਹ ਰਹੀ ਸੀ। ਉਹਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਦੀ ਸੀ। ਹਾਲ ਦੀ ਘੜੀ ਕੇਦਾਰ ਨੂੰ ਉਸ ਤੋਂ ਤਸੱਲੀ ਸੀ।

ਗੁਪਤਾ ਜੀ ਨੇ ਆ ਕੇ ਮੇਜ਼ ਥਪਕਾਇਆ ਤਾਂ ਕੇਦਾਰ ਜਾਗਿਆ।

'ਕਿਥੇ ਗੁਆਚ ਗਏ ਜਨਾਬ ?' ਗੁਪਤਾ ਨੇ ਉਹਦੇ ਵੱਲ ਵਧਾਇਆ।

'ਆਈਏ, ਗੁਪਤਾ ਸਾਹਿਬ, ਬੈਠੋ।' ਆਪਣੇ ਸਾਥੀ ਸੁਪਰਡੈਂਟ ਦੇ ਸੁਆਗਤ ਵਜੋਂ ਥੋੜ੍ਹਾ ਕੁ ਉਠ ਕੇ, ਕੇਦਾਰ ਨੇ ਹੱਥ ਮਿਲਾਇਆ।

ਸਾਹਮਣੀ ਸੀਟ ਤੇ ਬਹਿੰਦਿਆਂ ਹੀ ਗੁਪਤਾ ਜੀ ਬੋਲੇ, ਇਸ਼ਕ ਪੇਚਾ ਲੱਗ ਗਿਐ ਧਰ।'

ਸਥਿਤੀ ਨੂੰ ਸਮਝ ਕੇ ਕੇਦਾਰ ਨੇ ਕਿਹਾ, 'ਆ ਗਈ ਮਨਜੀਤ ?'

'ਜਨਾਬ ਹੁਣ ਤਾਂ ਦਸ ਵੱਜ ਰਹੇ ਨੇ। ਘੰਟਾ ਹੋ ਗਿਐ ਦਫ਼ਤਰ ਲੱਗਿਆਂ ਤੁਸੀਂ ਕਿਥੇ ਗਵਾਚੇ ਤੇ ?' ਹੱਸਦਿਆਂ ਗੁਪਤਾ ਜੀ ਬੋਲੇ।

'ਪਤਾ ਨਹੀਂ ਕਿਓਂ ਗਵਾਚ ਜਾਨਾਂ।' ਹੱਸਣ ਦੀ ਕੋਸ਼ਿਸ ਕੇਦਾਰ ਨੇ ਵੀ ਕੀਤੀ।

'ਤਾਂ ਹੀ ਤੁਹਾਨੂੰ ਖੁਸ਼ਬੂ ਨਹੀਂ ਆਈ।' ਪਿਛਾਂਹ ਵੇਖ ਕੇ ਗੁਪਤਾ ਜੀ ਨੇ ਗੱਲ ਤੋਰੀ, ਬੜੀ ਕਹਿਰ ਦੀ ਚੀਜ਼ ਐ ਇਹ। ਚੁੰਨੀਓਂ ਬਗੈਰ ਸਲੀਵਲੈੱਸ ਕਮੀਜ਼ ਪਾ ਕੇ ਆਈ ਐ ਤੇ ਆਉਂਦਿਆਂ ਹੀ ਸੋਢੀ ਨੇ ਬੰਚ ਲਈ। ਮੇਰੇ ਅੰਡਰ ਹੁੰਦਾ ਨਾ ਤਾਂ ਮੈਂ ਸੋਢੀ ਨੂੰ ਚਾਰਜਸ਼ੀਟ ਕਰਵਾ ਕੇ ਛੱਡਦਾ...।'

'ਚਲੋ ਛੱਡੋ ਗੁਪਤਾ ਸਾਹਿਬ ਐਵੇਂ ਨਾ ਹਿਰਖ ਕਰੋ।' ਕੇਦਾਰ ਨੇ ਮੁਸਕਰਾ ਕੇ ਗੱਲ ਟਾਲਣ ਦਾ ਯਤਨ ਕੀਤਾ।

'ਇਹਦੇ ਕੋਲ ਕਸਤੂਰੀ ਐ ਖੌਰੇ, ਰੱਬ ਜਾਣੇ। ਸਿਤਾਰਾ ਕਿੰਨਾ ਚੰਗਾ ਐ ਹਰਾਮਜ਼ਾਦੇ ਦਾ...।' ਗੁਪਤਾ ਜੀ ਸੱਚ ਹੀ ਹਿਰਖੇ ਬੈਠੇ ਸਨ।

'ਜਾਣ ਵੀ ਦਿਓ ਹੁਣ।' ਕੇਦਾਰ ਨੇ ਦੁਹਰਾਇਆ।

'ਮੇਰਾ ਤਾਂ ਕੇਦਾਰ ਜੀ ਅੰਦਰ ਬਾਹਰ ਹਿੱਲ ਜਾਂਦੇ। ਜਦੋਂ ਦੀ ਏਥੇ ਆਈ ਐ, ਤੂਫਾਨ ਐ ਮੇਰੇ ਅੰਦਰ, ਜਵਾਨ ਹੋ ਗਿਆ ਦੁਬਾਰਾਂ। ਵੱਸ 'ਚ ਨਹੀਂ ਐ ਦਿਲ...।' ਗੁਪਤਾ ਜੀ ਦਾ ਵੇਗ ਬਰਕਰਾਰ ਸੀ।

ਕੇਦਾਰ ਉਹਦੇ ਚਿਹਰੇ ਦੇ ਹਾਵ-ਭਾਵ ਤੇ ਮੁਸਕਾਰਾ ਰਿਹਾ ਸੀ।

'ਕੀ ਐ ਯਾਰ ਤੁਹਾਡੀ ਭਾਬੀ ਵੀ ਵਕਤ ਤੋਂ ਪਹਿਲਾਂ ਬੁੱਢੀ ਹੋ ਗਈ।

'ਏਦਾਂ ਦੀ ਤਾਂ ਨਹੀਂ ਭਾਬੀ।' ਕੇਦਾਰ ਨੇ ਦਿਲਚਸਪੀ ਵਿਖਾਉਂਦਿਆਂ ਕਿਹਾ।

'ਮੈਂ ਉਹਨੂੰ ਕਹਿੰਨਾਂ, ਤੂੰ ਮੇਨਟੇਨ ਕਰ। ਕਿਸ ਗੱਲ ਦੀ ਘਾਟ ਐ, ਜੋ ਜੀਅ ਕਰਦੈ ਖਰੀਦ ਲਿਆ। ਜੋ ਜੀਅ ਕਰਦਾ ਪਾ, ਜੋ ਜੀਅ ਕਰਦਾ ਲਾਹ। ਛੱਡੋ ਕੇਦਾਰ ਜੀ, ਇਹ ਕਹਿਣ ਦੀਆਂ ਗੱਲਾਂ ਨੇ। ਕੁਛ ਵੀ ਨਹੀਂ ਐ...।' ਗੁਪਤਾ ਮੂੰਹ ਵਿੰਗਾ ਕਰ ਕੇ ਸਿਰ ਮਾਰਨ ਲੱਗਾ।

ਕੇਦਾਰ ਨੇ ਉਹਦੇ ਵਿੰਗੇ ਮੂੰਹ ਤੋਂ ਉਪਜੀ ਬਦਸੂਰਤੀ ਦਾ ਜਾਇਜ਼ਾ ਲਿਆ।

'ਮਨਜੀਤ ਤੇ ਮਨ ਵੱਜਦਾ ਮੇਰਾ। ਪਰ ਉਹ ਉਸ ਬਲੱਡੀਫੂਲ ਦੇ ਸ਼ਿਕੰਜੇ ਚੋਂ ਮੁਕਤ ਹੋਵੇ ਤਾਂ ਐ ਨਾ...।' ਗੁਪਤਾ ਆਪਣੇ ਸੁਭਾਅ ਮੁਤਾਬਕ ਹੇਠਾਂ ਉੱਤਰ ਰਿਹਾ ਸੀ।

ਫਿਰ ਕੇਦਾਰ ਵੱਲ ਨੇੜੇ ਸਿਰ ਕਰ ਕੇ ਕਹਿਣ ਲੱਗਾ, "ਇਹਨੂੰ ਜ਼ਰਾ ਖਿੱਚ ਕੇ ਰੱਖੋ ਸੋਢੀ ਦੇ ਬੱਚੇ ਨੂੰ। ਹੀ ਇਜ਼ ਡੂਇੰਗ ਆਲ ਦਿਸ ਨੌਨਸੈਂਸ। ਇਹ ਦਫਤਰ ਐ ਜਾਂ ਕਿਸੇ ਕੰਜਰੀ ਦਾ ਕੋਠਾ ?'

ਕੇਦਾਰ ਨੇ ਸਿਰ ਹਿਲਾਇਆ। ਹੈਂਡ ਬੈੱਲ ਦਾ ਬਟਨ ਦਬਾਇਆ। ਚਪੜਾਸੀ ਆਇਆ ਤਾਂ ਉਹਨੂੰ ਪਾਣੀ ਲਿਆਉਣ ਲਈ ਕਿਹਾ।

ਫਾਈਲ ਚੋਂ ਇਕ ਕਾਗਜ਼ ਕੱਢ ਕੇ ਕੇਦਾਰ ਨੇ ਕਿਹਾ, 'ਹੈੱਡ ਕੁਆਟਰ ਤੋਂ ਕੁਝ ਕੁਐਰੀਜ਼ ਆਈਆਂ ਨੇ। ਤੁਹਾਡੇ ਚਾਰਜ ਤੋਂ ਇਹਦਾ ਜੁਆਬ ਜਾਣਾ। ਐ ਲਓ ਵੇਖ ਲੈਣਾ।'

ਬੇਦਿਲੀ ਜਿਹੀ ਨਾਲ ਗੁਪਤਾ ਜੀ ਨੇ ਕਾਗਜ਼ ਫੜਿਆ, 'ਵੇਖ ਲਵਾਂਗਾ।'

'ਚਾਹ ਮੰਗਾਵਾਂ?' ਕੇਦਾਰ ਨੇ ਪੁਛਿਆ।

'ਨਹੀਂ ਯਾਰ, ਬਲਦੇਵ ਨੂੰ ਟਾਈਮ ਦਿਤੈ ਸਾਢੇ ਦਸ ਵਜੇ ਦਾ। ਯੂਨਾਈਟਡ ਵਾਲਿਆਂ ਦੇ। ਸਵਾ ਦਸ ਤਾਂ ਹੋ ਗਏ। ਮੈਂ ਤਾਂ ਸਗੋਂ ਲੇਟ ਹੋ ਗਿਆ।' ਕਹਿ ਕੇ ਗੁਪਤਾ ਜੀ ਉੱਠ ਪਏ, ਹੱਥ ਮਿਲਾਇਆ ਤੇ ਬਾਹਰ ਨਿਕਲ ਗਏ।

○ ○

ਨਾਲਦੇ ਕਮਰੇ 'ਚੋਂ ਟਾਈਪ ਦੀ ਟਿਕ-ਟਿਕ ਸੁਣ ਰਹੀ ਸੀ ਕੇਦਾਰ ਨੂੰ। ਰੀਟਰਨਾਂ ਚੈੱਕ ਕਰਨ ਵਿਚ ਮਨ ਨਹੀਂ ਸੀ ਲੱਗ ਰਿਹਾ। ਬੜੀ ਕੋਸਿਸ਼ ਕਰ ਰਿਹਾ ਸੀ ਕਿ ਹਲਕਾ-ਫੁਲਕਾ ਹੋ ਕੇ ਕੰਮ ਕਰੇ, ਪਰ ਹੋ ਨਹੀਂ ਸੀ ਰਿਹਾ। ਏਨਾ ਕੰਮ ਕਿਸ ਵਾਸਤੇ ਕਰ ਰਿਹਾ ਸੀ ਉਹ? ਇਕ ਇਕ ਅੱਖਰ ਵੇਖਣ ਦਾ ਕੀ ਸ਼ੌਕ ਸੀ ਉਹਨੂੰ? ਆਪਣੇ ਸਾਥੀ ਸੁਪਰਡੈਂਟ ਵਾਂਗ ਕਿਉਂ ਨਹੀਂ ਸੀ ਦਸਤਖਤ ਮਾਰ ਕੇ ਡਿਸਪੈਚ ਲਈ ਸੁੱਟਦਾ। ਨਿੱਕੀਆਂ ਮੋਟੀਆਂ ਕੁਐਰੀਜ਼ ਤੋਂ ਇਲਾਵਾ ਕੀ ਵਿਗੜ ਰਿਹਾ ਸੀ ਉਹਦਾ? ਦਫਤਰ ਟਿਕ ਕੇ ਬਹਿਣ 'ਚ ਉਹਨੇ ਕਦੀ ਵਿਸ਼ਵਾਸ ਨਹੀਂ ਸੀ ਰਖਿਆ। ਸਰਕਾਰੀ, ਗੈਰ-ਸਰਕਾਰੀ ਤੌਰ ਤੇ ਇਨਸਪੈਕਸ਼ਨ ਲਈ ਤੁਰਿਆ ਰਹਿੰਦਾ। ਪੈਸਿਆਂ ਨਾਲ ਜੇਬ ਭਰ ਕੇ ਵਾਪਸ ਮੁੜਦਾ। ਹੈੱਡ ਕੁਆਟਰ ਤੋਂ ਆਏ ਅਫਸਰਾਂ ਨੂੰ ਖੂਆ ਪਿਆ ਛੱਡਦਾ। ਉਹ ਵੀ ਨਾਲ ਹੀਂ ਹੀਂ ਕਰ ਛੱਡਦੇ। ਸਭ ਕੁਝ ਆਪਣੇ ਆਪ ਹੋ ਜਾਂਦਾ। ਹਰ ਇਕ ਦੀ ਇੱਛਾ ਪੂਰਤੀ ਹੋ ਜਾਂਦੀ। ਹਰ ਇਕ ਖੁਸ਼ ਹੋ ਜਾਂਦਾ।

ਸਿਵਾਏ ਕੇਦਾਰ ਦੇ। ਉਹ ਛੇਕੇ ਹੋਏ ਖਿਡਾਰੀ ਵਾਂਗ ਬਾਹਰ ਬੈਠਾ ਵੇਂਹਦਾ ਰਹਿੰਦਾ। ਪਰੇਸ਼ਾਨ ਹੁੰਦਾ ਰਹਿੰਦਾ।

ਟਾਈਪ ਹੋਏ ਕਾਗਜ਼ਾਂ ਤੇ ਸਾਈਨ ਕਰਾਉਣ ਮਨਜੀਤ ਉਹਦੇ ਕੈਬਿਨ 'ਚ ਦਾਖਲ ਹੋਈ। ਕਾਗਜ਼ ਅੱਗੇ ਰਖਦਿਆਂ, ਸਵੇਰ ਦੀ 'ਨਮਸਤੇ' ਵੀ ਉਹਨੇ ਕਹੀ।

ਸਿਰ ਹਿਲਾ ਕੇ ਜੁਆਬ ਦਿੱਤਾ ਕੇਦਾਰ ਨੇ। ਮਨਜੀਤ ਵੱਲ ਵੇਖਿਆ। ਉਹਦੀ ਸੁਗੰਧੀ ਵੀ ਮਹਿਸੂਸ ਕੀਤੀ।

'ਬੈਠ ਜਾਓ...।' ਟਾਇਪ ਹੋਏ ਕਾਗਜ਼ਾਂ ਤੇ ਨਜ਼ਰ ਟਿਕਾ ਕੇ ਕੇਦਾਰ ਨੇ ਕਿਹਾ।

'ਥੈਂਕਯੂ।' ਕਹਿ ਕੇ ਮਨਜੀਤ ਬੈਠ ਗਈ।

ਸੋਢੀ ਨੇ ਅੰਦਰ ਆਉਂਦਿਆਂ ਕਿਹਾ, 'ਕੋਈ ਚਾਹ ਚੂਹ ਦਾ ਪ੍ਰੋਗਰਾਮ ਨਹੀਂ ਐ ਅੱਜ ਸਰ, ਯਾਰਾਂ ਵੱਜ ਰਹੇ ਨੇ। ਕਰੋ ਕੁਛ?'

ਕਾਗਜ਼ ਤੋਂ ਨਜ਼ਰ ਚੁੱਕ ਕੇ ਕੇਦਾਰ ਮੁਸਕ੍ਰਾਇਆ, 'ਬੈਠੋ ਮੰਗਵਾ ਲੈਨੇ ਆਂ।' ਤੇ ਨਾਲ ਹੀ ਘੰਟੀ ਦਾ ਸਵਿਚ ਦੱਬਿਆ।

'ਅੱਜ ਤਾਂ ਚਾਹ ਸੋਢੀ ਸਾਹਿਬ ਕੋਲੋਂ ਪੀਣੀ ਚਾਹੀਦੀ ਐ ਸਰ।' ਮਨਜੀਤ ਸੋਢੀ ਦੀ ਆਮਦ ਨਾਲ ਚਹਿਕ ਪਈ।

'ਚਾਹ ਕਿਹੜੀ ਦੁਰਲੱਭ ਸ਼ੈ ਆ, ਮਨਜੀਤ। ਤੂੰ ਆਖੇਂ ਤਾਂ...।' ਕੁਰਸੀ ਤੇ ਬਹਿੰਦਿਆਂ ਸੋਢੀ ਬੋਲਿਆ।

"ਇਹ ਤਾਂ ਐਵੇਂ ਗੱਲਾਂ ਈ ਨੇ।' ਮਨਜੀਤ ਦਾ ਧਿਆਨ ਸੋਢੀ ਵੱਲ ਹੋ ਗਿਆ।

'ਅਜ਼ਮਾ ਕੇ...ਵੇਖ ਲੈ।' ਸੋਢੀ ਨੇ ਮੋੜ ਕੀਤਾ।

ਕੇਦਾਰ ਨੇ ਦੋਹਾਂ ਵੱਲ ਵਾਰੋ ਵਾਰੀ ਵੇਖਿਆ। ਰਾਮ ਬਹਾਦਰ ਚਾਹ ਦਾ ਇਸ਼ਾਰਾ ਪਾ ਕੇ ਚਲਾ ਗਿਆ ਸੀ। ਕਿੰਨੀ ਜਚ ਰਹੀ ਸੀ ਮਨਜੀਤ ਸੋਢੀ ਲਾਗੇ ਬੈਠੀ। ਛਿਣ ਭਰ ਲਈ ਸਾਰੇ ਸਟਾਫ ਦੇ ਆਦਮੀਆਂ ਦੇ ਚਿਹਰੇ ਕੇਦਾਰ ਅੱਗੋਂ ਲੰਘੇ, ਮਨਜੀਤ ਸਭ ਤੋਂ ਵੱਧ ਸੋਢੀ ਦੇ ਨਾਲ ਫੱਬ ਰਹੀ ਸੀ। ਸਾਰੇ ਚਿਹਰੇ ਪਿੱਛੇ ਰਹਿ ਗਏ ਸਨ। ਜਦੋਂ ਆਈ ਸੀ ਮਨਜੀਤ ਤਾਂ ਸਾਰਿਆਂ ਵਿਚ ਉਤਸ਼ਾਹ ਦੀ ਇਕ ਲਹਿਰ ਦੌੜੀ ਸੀ। ਉਹ ਇਕੱਲੀ, ਔਰਤ ਸਟਾਫ ਮੈਂਬਰ, ਕਲਰਕ-ਕਮ-ਟਾਈਪਿਸਟ ਦੀ ਪੋਸਟ ਤੇ ਆਈ ਸੀ। ਕੇਦਾਰ ਸੋਚਦਾ ਸੀ ਔਰਤ ਦੇ ਆਉਣ ਨਾਲ ਦਫ਼ਤਰ ਵਿਚ ਚਲਣ ਵਾਲੀਆਂ ਲੱਚਰ ਗੱਲਾਂ ਦਾ ਸਿਲਸਿਲਾ ਬੰਦ ਹੋ ਜਾਏਗਾ। ਪਰ ਉਹਨੇ ਵੇਖਿਆ, ਇਕ ਨਵਾਂ ਸਿਲਸਿਲਾ ਸ਼ੁਰੂ ਹੋ ਰਿਹਾ ਸੀ। ਇਕ ਦੌੜ ਲੱਗ ਗਈ ਸੀ ਮਨਜੀਤ ਨੂੰ ਜਿੱਤਣ ਦੀ। ਵਰਮਾ, ਹੁਕਮ ਚੰਦ, ਰਾਜ ਕੁਮਾਰ, ਹੀਰਾ ਲਾਲ ਤੇ ਖੁਦ ਗੁਪਤਾ ਸਾਹਿਬ, ਆਪਣੇ ਵਾਲਾਂ ਦੇ ਸਟਾਈਲ ਬਦਲ ਰਹੇ ਸਨ, ਧੌਲੇ ਖਿੱਚ ਰਹੇ ਸਨ ਜਾਂ ਵਾਲ ਰੰਗਣ ਲੱਗੇ ਸਨ। ਤੇ ਏਧਰ ਬਲਦੇਵ, ਸੁੱਚਾ ਸਿੰਘ ਤੇ ਹਰਚੰਦ ਨੇ ਦਾੜੀ ਮੁੱਛਾਂ ਦਾ ਮੁੜ ਤੋਂ ਮੁਆਇਨਾ ਕੀਤਾ ਤੇ ਪੱਗਾਂ ਦੀਆਂ ਨੁੱਕਰਾਂ ਸਵਾਰੀਆਂ ਸਨ। ਸੋਢੀ ਨੇ ਕੀ ਕੀਤਾ? ਇਸ ਦਾ ਕਿਸੇ ਨੂੰ ਵੀ ਪਤਾ ਨਾ ਲੱਗਾ। ਪਤਾ ਉਦੋਂ ਲੱਗਾ ਜਦੋਂ ਖ਼ਬਰ ਉੱਡੀ ਸੋਢੀ ਬਾਜ਼ੀ ਜਿੱਤ ਗਿਐ।

ਵਿਆਹੀ ਵਰੀ ਮਨਜੀਤ ਨੂੰ ਕੀ ਹੋ ਗਿਆ? ਕਿਉਂ ਉਹ ਸੋਢੀ ਦੇ ਜਾਲ 'ਚ ਫਸ ਗਈ? ਵਿਸ਼ਵਾਸ ਦੀ ਕੰਧ ਏਨੀ ਜਲਦੀ ਕਿਉਂ ਤੋੜ ਬੈਠੀ ਉਹ?

ਕੇਦਾਰ ਸੋਚਦਾ, ਪਰ ਉਸ ਨੂੰ ਕੋਈ ਉੱਤਰ ਨਾ ਲੱਭਦਾ।

ਟਾਈਪ ਹੋਏ ਕਾਗਜ਼ ਤੇ ਪਤਾ ਨਹੀਂ ਕਿੱਥੇ ਅਟਕ ਗਈ ਸੀ ਕੇਦਾਰ ਦੀ ਨਜ਼ਰ?

'ਸਰ...।' ਮਨਜੀਤ ਦੇ ਬੋਲਣ ਨਾਲ ਬਿਰਤੀ ਭੰਗ ਹੋਈ ਕੇਦਾਰ ਦੀ, 'ਅੱਜ ਬਰਥ ਡੇ ਐ ਸਾਡੀ ਬੇਟੀ ਦਾ।' ਕੇਦਾਰ ਨੇ ਮਨਜੀਤ ਦੀ ਗੱਲ ਵੱਲ ਧਿਆਂਨ ਮੋੜਿਆ।

'ਖੁਸ਼ੀ ਦੀ ਗੱਲ ਐ, ਆਈ ਵਿਸ਼ ਯੂ ਆਲ ਦੀ ਬੈਸਟ।'

'ਨਹੀਂ ਸਰ, ਇਉਂ ਨਹੀਂ। ਘਰ ਆ ਕੇ ਹੀ ਬੈਸਟ ਵਿਸ਼ਿਸ਼ ਦੇਣਾ। ਤੁਸੀਂ ਇਨਵਾਈਟਡ ਓ ਅੱਜ।' ਮਨਜੀਤ ਉਸੇ ਤਰ੍ਹਾਂ ਟਹਿਕ ਰਹੀ ਸੀ।

'ਅਸੀਂ ਕੀ ਕਰਾਂਗੇ ਆ ਕੇ?' ਕੇਦਾਰ ਨੇ ਸੋਢੀ ਵੱਲ ਵੇਖ ਕੇ ਕਿਹਾ।

'ਚਲੋ, ਕੀ ਹਰਜ਼ ਐ, ਕਹਿ ਰਹੀ ਐ ਤਾਂ...।' ਸੋਢੀ ਨੇ ਕਿਹਾ।

'ਤੁਹਾਡੇ ਲਈ ਇਕ ਵੱਖਰੀ ਪਾਰਟੀ ਆਰਗੇਨਾਈਜ਼ ਕੀਤੀ ਐ ਮੇਰੇ ਹਸਬੈਂਡ ਨੇ। ਸੋ ਨੋ ਐਕਸਕਿਊਜ਼...।' ਮਨਜੀਤ ਨੇ ਅਦਾ ਨਾਲ ਹੱਥ ਮਾਰ ਕੇ ਕਿਹਾ।

'ਠੀਕ ਐ ਬਾਬਾ, ਆ ਜਾਵਾਂਗੇ, ਹੋਰ ਦੱਸ। ਤੂੰ ਆਖੇਂ ਤਾਂ ਜਹੰਨਮ 'ਚ ਚਲੇ ਜਾਈਏ।' ਸੋਢੀ ਹੱਸਿਆ।

ਚਾਹ ਦੀਆਂ ਚੁਸਕੀਆਂ ਵਿਚ ਗੱਲਾਂ ਤੁਰਦੀਆਂ ਰਹੀਆਂ। ਕੇਦਾਰ ਵੀ ਹੱਸਦਾ ਰਿਹਾ, ਕਦੇ ਚਾਹੁੰਦਿਆਂ ਕਦੇ ਨਾ ਚਾਹੁੰਦਿਆਂ।

ਚਾਹ ਮੁੱਕੀ। ਮਨਜੀਤ ਤੇ ਸੋਢੀ ਉੱਠ ਖਲੋਤੇ।

'ਇਕ ਰੀਕੁਐਸਟ ਐ ਸਰ।' ਮਨਜੀਤ ਨੇ ਕਿਹਾ।

'ਦੱਸੋ।'

'ਕੁਝ ਸ਼ਾਪਿੰਗ ਕਰਨੀ ਐ ਮੈਂ। ਸੋਢੀ ਸਾਹਿਬ ਨੂੰ ਹਰ ਚੀਜ਼ ਦੀ ਪਛਾਣ ਚੰਗੀ ਐ। ਇਹਨਾਂ ਨੂੰ ਨਾਲ ਲੈ ਕੇ ਜਾਣੈ ਜ਼ਰਾ। ਸੈਕੰਡ ਹਾਫ਼ ਦੀ ਛੁੱਟੀ ਮੈਂ ਦੇ ਦਿੰਨੀ ਆਂ।'

ਕੇਦਾਰ ਦੇ ਕਿਸੇ ਵੀ ਉੱਤਰ ਤੋਂ ਪਹਿਲਾਂ ਸੋਢੀ ਬੋਲਿਆ, 'ਚੱਲ ਛੁੱਟੀ ਨੂੰ ਕੀ ਐ, ਤੂੰ ਤਿਆਰੀ ਕਰ ਜ਼ਾ ਕੇ। ਤੈਨੂੰ ਨਾਂਹ ਐ ਕਿਤੇ...।'

ਕੇਦਾਰ ਚੁੱਪ ਰਿਹਾ। ਫਿੱਕਾ ਜ਼ਿਹਾ ਮੁਸਕ੍ਰਾਇਆ। ਇਹ ਸਮਝ ਕੇ ਕਿ ਪ੍ਰਵਾਨਗੀ ਮਿਲ ਗਈ ਐ, ਦੋਵੇਂ ਬਾਹਰ ਨਿਕਲ ਗਏ।

○ ○

ਪਾਰਟੀ ਚੱਲ ਰਹੀ ਸੀ। ਸਟੀਰੀਓ ਵੱਜ ਰਿਹਾ ਸੀ। ਪੱਛਮੀ ਢੰਗ ਦੇ ਗੀਤਾਂ ਦੀਆਂ ਧੁਨਾਂ ਤੇ ਲਰਜ਼ ਰਹੇ ਸਨ ਸਾਰੇ। ਗੀਤ ਜਿਨ੍ਹਾਂ ਦਾ ਅਰਥ ਕੋਈ ਨਹੀਂ ਸੀ ਲੱਭਦਾ, ਪਰ ਸੰਗੀਤ ਉਤੇਜਤ ਕਰਨ ਵਾਲਾ ਸੀ, ਆਵਾਜ਼ਾਂ ਉਕਸਾਊ ਸਨ। ਉਸ ਤੇ ਸਿਤਮ ਇਹ ਕਿ ਵਿਚਕਾਰ ਇਕ ਕੁੜੀ ਨੱਚ ਰਹੀ ਸੀ। ਲਚਰ ਅਦਾਵਾਂ ਕਰਦੀ। ਕਦੇ ਇਕ ਪਾਸੇ ਜਾਂਦੀ' ਕਦੇ ਦੂਸਰੇ ਪਾਸੇ। ਸ਼ੋਖ ਮੁਸਕਾਨਾਂ ਛੱਡਦੀ, ਅੱਖਾਂ ਨਾਲ ਇਸ਼ਾਰੇ ਕਰਦੀ।

ਕੌਫ਼ੀ ਚਲ ਰਹੀ ਸੀ। ਨੰਨ੍ਹੀ ਰੇਨੂੰ ਦਾ ਜਨਮ ਦਿਨ ਮਨਾਇਆ ਜਾ ਰਿਹਾ ਸੀ।

ਤਿੱਤਲੀ ਵਾਂਗ ਉੱਡ ਰਹੀ ਸੀ ਮਨਜੀਤ। ਮੁੱਛਾਂ ਨੂੰ ਪੋਲਾ ਪੋਲਾ ਪਲੋਸ ਰਿਹਾ ਸੀ ਸੋਢੀ। ਮਨਜੀਤ ਦਾ ਪਤੀ 'ਗੁਰਬਖਸ਼', ਆਏ ਮਹਿਮਾਨਾਂ ਦੀ ਟਹਿਲ 'ਚ ਰੁੱਝਾ ਹੋਇਆ ਸੀ। ਕੇਦਾਰ ਕਿੱਥੇ ਬੈਠਾ ਸੀ? ਉਹਨੂੰ ਸਮਝ ਨਹੀਂ ਸੀ ਲੱਗ ਰਹੀ।

ਲੋਕ ਤਾੜੀਆਂ ਵਜਾ ਰਹੇ ਸਨ। ਕੇਦਾਰ ਆਪਣੇ ਸਿੱਥਲ ਹੱਥ ਲਈ ਬੈਠਾ ਸੀ।

ਕੁੜੀ ਡਾਂਸ ਕਰ ਰਹੀ ਸੀ। ਆਪਣੀ ਮਾਸੂਮ ਹਿੱਕ ਨੂੰ ਕਦੇ ਅੱਗੇ ਉਭਾਰਦੀ, ਕਦੇ ਪਿੱਛੇ ਲੈ ਜਾਂਦੀ। ਉਹਦੇ ਬੁੱਲ੍ਹ ਹਿੱਲ ਰਹੇ ਸਨ, ਆਵਾਜ਼ ਤੇ ਸੰਗੀਤ ਸਟੀਰੀਓ ਦੇ ਰਿਹਾ ਸੀ।

ਕੇਦਾਰ ਦਾ ਸਿਰ ਘੁੰਮਣ ਲੱਗਾ। ਉਹਨੂੰ ਲੱਗਾ ਜਿਵੇਂ ਰੂਪਾ ਨੱਚ ਰਹੀ ਸੀ। ਅਸ਼ਲੀਲ ਹਰਕਤਾਂ ਕਰਦੀ। ਉਹਦਾ ਜੀ ਕੀਤਾ ਜਾ ਕੇ ਪੰਜ-ਸੱਤ ਕਰਾਰੇ ਥੱਪੜ ਜੜ ਕੇ, ਉਹਨੂੰ ਘਸੀਟ ਕੇ ਉਥੋਂ ਲੈ ਜਾਏ।

ਉਹਨੂੰ ਕਿਸੇ ਨੇ ਜਗਾਇਆ, 'ਸਰ, ਆਓ ਦੂਜੀ ਪਾਰਟੀ ਸ਼ੁਰੂ ਕਰੀਏ। ਦੋਸਤ ਇੰਤਜ਼ਾਰ ਕਰ ਰਹੇ ਨੇ...।' ਇਹ ਗੁਰਬਖਸ਼ ਸੀ, ਮਨਜੀਤ ਦਾ ਪਤੀ।

ਕੇਦਾਰ ਅਣਮੰਨੇ ਜਿਹੇ ਢੰਗ ਨਾਲ ਉਠਿਆ ਤੇ ਦੂਜੇ ਕਮਰੇ ਵਿਚ ਜੁੜੀ ਮਹਿਫਲ 'ਚ ਜਾ ਬੈਠਾ।

ਮਹਿਫਿਲ ਝੂਮ ਰਹੀ ਸੀ। ਗੱਲਾਂ ਹੋ ਰਹੀਆਂ ਸਨ। ਸ਼ਰਾਬ ਵਰਤਾਈ ਜਾ ਰਹੀ ਸੀ।

ਪਤਾ ਨਹੀਂ ਕਿੰਨੇ ਕੁ ਪੈੱਗ ਚਾੜ੍ਹ ਗਿਆ ਕੇਦਾਰ। ਸੋਢੀ ਹੈਰਾਨ ਹੋ ਰਿਹਾ ਸੀ। ਆਏ ਹੋਏ ਹੋਰ ਕੁਲੀਗ ਵੀ ਹੈਰਾਨ ਸਨ। 'ਇਨ੍ਹਾਂ ਤਾਂ ਕਦੇ ਇਕ ਅੱਧੇ ਪੈੱਗ ਤੋਂ ਵੱਧ ਪੀਤੀ ਨਹੀਂ ਸੀ। ਇਹ ਕੀ ਹੋ ਗਿਆ।'

ਮੀਟ ਦੀ ਤਰੀ ਨਾਲ ਗੁਰਬਖਸ਼ ਦੀ ਦਾੜ੍ਹੀ ਲਿਬੜ ਗਈ ਸੀ। ਮੇਜ਼ ਤੇ ਹੱਡੀਆਂ ਰੁਲ ਰਹੀਆਂ ਸਨ। ਸੋਢੀ ਦੀ ਪੱਗ ਢਿਲਕ ਗਈ ਸੀ। ਬਾਹਰ ਹਨੇਰਾ ਉਤਰ ਆਇਆ ਸੀ।

ਲੜਖੜਾਉਂਦੀਆਂ ਆਵਾਜ਼ਾਂ ਇਕ ਦੂਜੇ ਤੋਂ ਵਿਦਾਇਗੀ ਲੈ ਰਹੀਆਂ ਸਨ। ਢਿੱਲੇ ਜਿਸਮ ਇਕ ਦੂਜੇ ਨਾਲ ਖਹਿ ਰਹੇ ਸਨ। ਪਾਰਟੀ ਮੁੱਕ ਚੁੱਕੀ ਸੀ।

ਪਤਾ ਨਹੀਂ ਕਿਸ ਤਰ੍ਹਾਂ ਕੇਦਾਰ ਸਾਈਕਲ ਤੇ ਚੜ੍ਹ ਗਿਆ?

○ ○

ਉਸ ਨੇ ਵੇਖਿਆ, ਇਕ ਵਿਸ਼ਾਲ ਰੇਲਵੇ ਯਾਰਡ ਵਿਚ ਇਕੱਲਾ ਖਲੋਤਾ ਹੈ ਉਹ। ਇਕ ਦੂਜੀ ਨੂੰ ਕੱਟਦੀਆਂ ਬੇਸ਼ੁਮਾਰ ਲਾਇਨਾਂ ਦਾ ਜੰਗਲ ਹੈ। ਆਸੇ ਪਾਸੇ ਧੁੰਦ ਤੇ ਗੁਬਾਰ ਹੈ। ਉਸ ਨੂੰ ਕੁਝ ਵੀ ਨਜ਼ਰ ਨਹੀਂ ਆ ਰਿਹਾ...।

ਗੱਡੀ ਦੀ ਚੀਕ ਸੁਣਦੀ ਹੈ ਅਚਾਨਕ, ਤੇ ਇਕ ਵਿਰਾਟ ਇੰਜਣ ਵਧਦਾ ਆ ਰਿਹਾ ਹੈ। ਉਹ ਦੌੜਨਾ ਚਾਹੁੰਦਾ ਹੈ, ਪਰ ਪੈਰ ਜਿਵੇਂ ਜ਼ਮੀਨ ਨਾਲ ਸੀਤੇ ਗਏ ਹਨ। ਉਹ ਚੀਖ਼ਦਾ ਹੈ, ਛਟਪਟਾਉਂਦਾ ਹੈ, ਪਰ ਇੰਜਣ ਉਹਦੇ ਪਰਖੱਚੇ ਉਡਾ ਕੇ ਨਿਕਲ ਜਾਂਦਾ ਹੈ...।

ਜਾਗ ਖੁੱਲ੍ਹੀ ਤਾਂ ਕੇਦਾਰ ਪਸੀਨੇ ਨਾਲ ਤਰਬਤਰ ਸੀ।

ਉਹਦੀਆਂ ਲੱਤਾਂ ਕੰਬ ਰਹੀਆਂ ਸਨ, ਦਿਲ ਡੁੱਬ ਰਿਹਾ ਸੀ।

ਬੈੱਡ ਤੋਂ ਉੱਠ ਕੇ ਉਹ ਬਾਹਰ ਨਿਕਲਿਆ। ਘਬਰਾਇਆ ਤੇ ਪਰੇਸ਼ਾਨ। ਬਾਹਰ ਘੁੱਪ ਹਨੇਰਾ ਸੀ, ਸਿਰਫ ਪੋਰਚ ਦੀ ਬੱਤੀ ਜਗਦੀ ਪਈ ਸੀ।

ਪੌੜੀਆਂ ਚੜ੍ਹਿਆ ਤੇ ਪੋਰਚ ਦਾ ਢੁਕਿਆ ਦਰਵਾਜ਼ਾ ਉਹਨੇ ਖੋਲ੍ਹਿਆ।

ਮੇਜ਼ ਤੇ ਸਿਰ ਝੁਕਾਈ ਰੂਪਾ ਪੜ੍ਹ ਰਹੀ ਸੀ। ਉਸ ਨੂੰ ਵੇਖ ਕੇ ਬੋਲੀ, 'ਪਾਪਾ ਤੁਸੀਂ...?'

'ਤੂੰ ਕਿੱਥੇ ਸੀ?' ਪਤਾ ਨਹੀਂ ਕੇਦਾਰ ਨੇ ਕਿਉਂ ਪੁੱਛ ਲਿਆ?

'ਮੈਂ ਤਾਂ ਏਥੇ ਈ ਸਾਂ, ਪਾਪਾ। ਪਰ ਤੁਸੀਂ ਆਪਣੇ ਆਪ ਵਿਚ ਨਹੀਂ ਸੀ ਰਾਤੀਂ।' ਰੂਪਾ ਨੇ ਕਿਹਾ।

'ਮੈਂ ਆਪਣੇ ਆਪ ਵਿਚ ਨਹੀਂ ਸਾਂ?' ਕੇਦਾਰ ਹਾਲੇ ਵੀ ਬੌਂਦਲਿਆ ਖਲੋਤਾ ਸੀ।

'ਅੱਜ ਕਲ੍ਹ ਤੁਸੀਂ ਬਹੁਤ ਉੱਖੜ ਰਹੇ ਓ, ਪਾਪਾ। ਪਲੀਜ਼ ਡੌਂਟ ਡੂ ਲਾਈਕ ਦਿਸ।'

ਚੁੱਪ ਚਾਪ ਕੇਦਾਰ ਉਹਦੇ ਵੱਲ ਵੇਖਦਾ ਰਿਹਾ।

ਅਖੀਰ ਬੋਲਿਆ, 'ਚੱਲ ਸੌਂ ਜਾ ਬੇਟੇ ਹੁਣ। ਬਹੁਤ ਰਾਤ ਹੋ ਗਈ ਐ।'

ਰੂਪਾ ਹੱਸ ਪਈ, 'ਹੁਣ ਤਾਂ ਸਵੇਰ ਚੜ੍ਹ ਰਹੀ ਐ, ਪਾਪਾ। ਤੁਸੀਂ ਵੀ ਬੱਸ...। ਅੱਜ ਟੈਸਟ ਐ ਮੇਰਾ। ਸੌਣ ਦਾ ਤਾਂ ਸੁਆਲ ਹੀ ਨਹੀਂ।'

ਕੇਦਾਰ ਨੇ ਵੇਖਿਆ ਰੂਪਾ ਨੇ ਆਪਣਾ ਧਿਆਨ ਕਿਤਾਬ ਤੇ ਕੇਂਦਰਤ ਕਰ ਲਿਆ ਸੀ। ਉਹ ਪੜ੍ਹਨ ਲੱਗ ਪਈ ਸੀ।

ਸੁਪਨੇ ਦੇ ਭੈੜੇ ਖਿਆਲ ਨੂੰ ਤਿਆਗ ਕੇ ਉਹ ਉੱਠਿਆ ਤੇ ਹੌਲੀ ਹੌਲੀ ਪੋਰਚ ਦੀਆਂ ਪੌੜੀਆਂ ਉਤਰ ਆਇਆ।

(61, ਫਰੈਂਡਜ਼ ਕਾਲੋਨੀ, ਮਜੀਠਾ ਰੋਡ, ਅੰਮ੍ਰਿਤਸਰ) □

ਇਕ ਗ਼ਜ਼ਲ ਮਾਂ ਵਾਸਤੇ/ਅਫ਼ਜ਼ਲ ਅਹਿਸਨ ਰੰਧਾਵਾ

ਇਹਦੇ ਲਈ ਹੁਣ ਕੀਹਨੇ ਆਪਣੀਆਂ ਉਮਰਾਂ ਗਾਲਣ ਆਉਣਾ।
ਇਸ ਜਾਤਕ ਨੂੰ ਇਹਦੀ ਮਾਂ ਨੇ ਹੁਣ ਨਹੀਂ ਪਾਲਣ ਆਉਣਾ।

ਹੁਣ ਨੂੰਹਾਂ ਜਿਵੇਂ ਚਾਹੁਣ ਇਹਦੀਆਂ ਵੱਡੀਆਂ ਪਾਣ ਉਜਾੜਨ,
ਅੰਮਾਂ ਨੇ ਨਹੀਂ ਕਬਰਾਂ ਵਿਚੋਂ ਘਰ ਸੰਭਾਲਣ ਆਉਣਾ।

ਹੁਣ ਕਿਸ ਅੱਧੀ ਰਾਤੀਂ ਰੋਟੀ ਲੈ ਲੈ ਪਿੱਛੇ ਫਿਰਨਾ,
ਹੁਣ ਕਿਸ ਸਾਝਰੇ ਦੁੱਧ ਦਾ ਗੜਵਾ ਆਪ ਪਿਆਲਣ ਆਉਣਾ।

ਉੱਠ ਕਿਆਰੇ ਵਿਚੋਂ ਗੋਂਗਲੂ, ਮੂਲੀਆਂ ਪੱਟ ਕੇ ਖਾ ਲੈ,
ਬੱਚਿਆ! ਹੁਣ ਨਹੀਂ ਅੰਦਰੋਂ ਪਕਿਆ ਤਾਜ਼ਾ ਸਾਲਣ ਆਉਣਾ।

ਹੁਣ ਉਹ ਚਿਹਰਾ ਖ਼ਾਬਾਂ ਵਿਚ ਵੀ ਲੱਭੇ ਜਾਂ ਨਾ ਲੱਭੇ,
ਹੁਣ ਕਿਸ ਸੌਂਦਿਆਂ ਉਠਦਿਆਂ ਰੱਬ ਦਾ ਰੂਪ ਵਿਖਾਲਣ ਆਉਣਾ।

ਹੁਣ ਕਿਸ ਪੜ੍ਹ ਪੜ੍ਹ ਪਾਕ ਕਲਾਮਾਂ ਫੂਕਾਂ ਮਾਰਦੇ ਫਿਰਨਾ,
ਹੁਣ ਕਿਸ ਅੰਦਰੋਂ ਬਦ-ਬਲਾਵਾਂ ਪਕੜ ਨਿਕਾਲਣ ਆਉਣਾ।

ਕਿਸੇ ਨਹੀਂ ਆਉਣਾ ਪੋਲੇ ਪੈਰੀਂ ਸੁੱਤੇ ਦਾ ਮੂੰਹ ਚੁੰਮਣ,
ਕਿਸੇ ਹਨੇਰੇ ਕਮਰੇ ਵਿਚ ਨਹੀਂ ਦੀਵਾ ਬਾਲਣ ਆਉਣਾ।

ਹੁਣ ਕਿਸ ਮੱਤ ਹਦਾਇਤ ਦੇਣੀ, ਇਸ ਮੂਰਖ ਦੇ ਤਾਈਂ,
ਇਸ ਅਣਘੜਤੇ ਲੋਹੇ ਨੂੰ ਹੁਣ ਕੀਹਨੇ ਢਾਲਣ ਆਉਣਾ।

ਤਰਸ ਰਿਹਾ ਉਹ ਮੱਧਮ ਮਿੱਠੜੀ ਵਾਜ ਸੁਣਨ ਨੂੰ ਕਦ ਦਾ,
ਉਹਦੀ ਮਹਿਕ ਨੇ ਮਰਦੀ ਰੂਹ ਨੂੰ ਕਦੋਂ ਜਿਲਾਵਣ ਆਉਣਾ।

ਹੁਣ ਕਾਜ਼ੀ ਜਦ ਚਾਹਵੇ ਪਕੜ ਕੇ ਬਾਂਹ ਲੈ ਜਾਏ ਨਾਲੇ,
ਹੁਣ ਦੁਆਵਾਂ ਕਿਸ ਦੀਆਂ ਸਿਰ ਤੋਂ ਹੋਣੀ ਟਾਲਣ ਆਉਣਾ।

ਮਾਲਕੀ ਵੀ ਏ ਓਨੀ ਭਾਵੇਂ, ਫ਼ਸਲ ਵੀ ਓਨੀ ਹੁੰਦੀ ਏ,
ਹੁਣ ਪਿੰਡੋਂ ਨਹੀਂ ਆਟਾ ਦਾਣਾ, ਘਿਓ ਤੇ ਬਾਲਣ ਆਉਣਾ।

ਸੱਠ ਵਰ੍ਹਿਆਂ ਦਾ ਇਹ ਉਨੀਂਦਰੇ ਮਾਰਿਆ ਡਰਿਆ ਬਾਲਕ,
ਅੰਮਾਂ! ਇਸਨੂੰ ਸੀਨੇ ਲਾ ਕੇ ਕਦੋਂ ਸੰਵਾਲਣ ਆਉਣਾ।

ਅਫ਼ਜ਼ਲ ਅਹਿਸਨ! ਗ਼ਜ਼ਲ ਛਵੇੜੀ, ਮਾਂ ਕਹੇ ਬਹੁਤ ਵਧੇਗੀ,
ਤੇਰਿਆਂ ਸ਼ਿਅਰਾਂ ਵਿਚ ਨਹੀਂ ਇਹਦਾ ਪੈਰ ਵੀ ਲਾਵਣ ਆਉਣਾ।

(ਵਰ੍ਹੇਵਾਰ ਸਾਹਿਤ 96 ਚੋਂ)

ਗ਼ਜ਼ਲ/ਪ੍ਰੋ: ਆਸ਼ਕ ਰੁਹੇਲ

ਵੇਖਣ ਵਾਲੀ ਅੱਖ ਓ ਯਾਰ।
ਹੁੰਦੀ ਸਭ ਤੋਂ ਵੱਖ ਓ ਯਾਰ।

ਦਿਲ ਦੀ ਦੌਲਤ ਸਭ ਤੋਂ ਚੰਗੀ,
ਕੀ ਕਰਨੇ ਅਸੀਂ ਲੱਖ ਓ ਯਾਰ।

ਬੰਦਾ ਉਹ ਜੋ ਚੰਗੀ ਗੱਲ ਨੂੰ,
ਲੈਂਦਾ ਦਿਲ ਵਿਚ ਰੱਖ ਓ ਯਾਰ।

ਲੁਤਫ਼ ਕੀ ਹੈ ਦਿਲ ਲਾਵਣ ਦਾ,
ਇਕ ਵਾਰੀ ਤਾਂ ਚੱਖ ਓ ਯਾਰ।

ਜਿਹੜੇ ਹੱਥ ਤਲਵਾਰ ਸਿਤਮ ਦੀ,
ਨਾ ਕਰ ਉਹਦਾ ਪੱਖ ਓ ਯਾਰ।

ਲੱਭੋ ਤਾਂ ਇਨਸਾਨ ਨਾ ਲੱਭਣ,
ਸ਼ਹਿਰ ਨੇ ਜੰਗਲ—ਰੱਖ ਓ ਯਾਰ।

ਸਿੱਧੀ ਰਾਹ ਰੁਹੇਲ ਨਾ ਛੱਡੀਂ,
ਭਾਵੇਂ ਉੱਡਣ ਕੱਖ ਓ ਯਾਰ।

6—ਖ਼ੈਬਰ ਪਾਰਕ, ਸੰਤ ਨਗਰ, ਲਾਹੌਰ (ਪਾਕਿਸਤਾਨ)

ਗ਼ਜ਼ਲ/ਬਾਬਾ ਨਜਮੀ

ਐਨਾ ਕੱਪੜਾ ਲਮਕ ਰਿਹਾ ਸੀ, ਉਹਦੀਆਂ ਕੰਧਾਂ ਨਾਲ।
ਢੱਕ ਸਕਨਾਂ ਵਾਂ ਆਪਣੇ ਪਿੰਡ ਦੇ, ਸਾਰੇ ਨੰਗੇ ਬਾਲ।

ਉਹ ਮੈਂ ਬੋਲੀ ਬੋਲਦਾ ਸੰਗਾਂ, ਮੇਰੇ ਉੱਤੇ ਹੈਫ਼
ਜਿਹੜੀ ਨਾਨਕ ਵਾਰਸ ਬੁੱਲ੍ਹੇ ਬੋਲੀ ਮਾਧੋ ਲਾਲ।

ਮੈਂ ਨਹੀਂ ਡਿੱਗਣਾ ਸਾਰੀ ਧਰਤੀ ਵਿਚ ਨੇ ਮੇਰੇ ਪੈਰ
ਜਿੰਨੇ ਮਰਜ਼ੀ ਕਰ ਕਰ ਹੱਲੇ ਆਵੇ ਪਿਆ ਭੁਚਾਲ।

ਏਹੋ ਜਹੇ ਵੀ ਹਿੰਮਤ ਵਾਲੇ, ਜੱਗ ਤੇ ਵੇਖੇ ਲੋਕ,
ਅੱਖਾਂ ਮੀਟ ਕੇ ਸਿਰ ਤੇ ਜਿਹੜੇ ਝੱਖੜ ਦਿੰਦੇ ਟਾਲ।

ਬਾਲੇ ਕੋਈ ਨਾ ਬਾਲੇ ਦੀਵੇ, ਇਹ ਨਹੀਂ ਤੇਰਾ ਰੋਗ
ਆਪਣੇ ਹਿੱਸੇ ਵਾਲੇ ਬਾਬਾ, ਤੂੰ ਤਾਂ ਦੀਵੇ ਬਾਲ।

(ਵਰ੍ਹੇਵਾਰ ਸਾਹਿਤ 1996 'ਚੋਂ)

ਵਾਦ-ਵਿਵਾਦ—1

1739, ਫੇਜ਼ ਬੀ 2,
ਮੋਹਾਲੀ—160059
16-12-96

ਪਿਆਰੇ ਹੁੰਦਲ ਜੀ, ਚਿਰਾਗ਼ ਅੰਕ ਨੰ: 8 ਵਿਚ ਪ੍ਰਕਾਸ਼ਤ ਸੂਫੀ ਅਮਰਜੀਤ ਦੇ ਖ਼ਤ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਕਿਸੇ ਜਨੂੰਨੀ ਨਾਲ ਵਾਦ-ਵਿਵਾਦ ਨਹੀਂ ਪੁੱਗ ਸਕਦਾ, ਕਿਉਂਕਿ ਉਸ ਨੂੰ ਆਪਣਾ ਗਾਲੀ ਗਲੋਚ ਵੀ ਸਭਿਅਕ ਵਾਰਤਾਲਾਪ ਹੀ ਲਗਦਾ ਹੈ। ਮੈਂ ਸੂਫੀ ਅਮਰਜੀਤ ਦੀ "ਸਭਿਅਕ" ਇਬਾਰਤ ਦਾ ਮੁਕਾਬਲਾ ਨਹੀਂ ਕਰ ਸਕਦਾ, ਕਿਉਂਕਿ ਅਜਿਹੀ ਵਾਰਤਾ ਲਿਖਣਾ ਮੇਰੇ ਵੱਸ ਵਿਚ ਨਹੀਂ ਹੈ। ਚੰਗਾ ਹੁੰਦਾ ਜੇ ਗੱਲ ਮਾਰਕਸ ਦੇ ਦਵੰਦਆਤਮਕ ਪਦਾਰਥਵਾਦ ਤਕ ਹੀ ਸੀਮਤ ਰਹਿੰਦੀ। ਮੈਂ ਕੇਵਲ ਇਹ ਕਿਹਾ ਜੀ ਕਿ ਪਦਾਰਥ ਭੌਤਕ ਵਿਗਿਆਨ ਦਾ ਅਧਿਐਨ ਖੇਤਰ ਹੈ ਅਤੇ ਕਿਸੇ ਵੀ ਭੌਤਿਕ ਵਿਗਿਆਨੀ ਨੇ ਦਵੰਦਆਤਮਕ ਪਦਾਰਥਵਾਦ ਦੀ ਸ਼ਾਹਦੀ ਨਹੀਂ ਭਰੀ। ਸਾਇੰਸ ਵਿਚ ਹਰ ਗੱਲ ਪੜਚੋਲੀ ਅਤੇ ਪੜਤਾਲੀ ਜਾਂਦੀ ਹੈ ਅਤੇ ਜੇ ਕੋਈ ਮਨੌਤ ਪੜਤਾਲ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ ਤਾਂ ਉਸ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਮੈਂ ਹੁਣ ਵੀ ਸੂਫ਼ੀ ਅਮਰਜੀਤ ਜੀ ਨੂੰ ਬੇਨਤੀ ਕਰਾਂਗਾ ਕਿ ਕਿਸੇ ਭੌਤਕ ਵਿਗਿਆਨੀ ਦਾ ਹਵਾਲਾ ਦੇਣ ਜਿਸ ਨੇ ਦਵੰਦਆਤਮਕ ਪਦਾਰਥਵਾਦ ਦੀ ਪੁਸ਼ਟੀ ਕੀਤੀ ਹੋਵੇ। ਇਸ ਖੇਤਰ ਵਿਚ ਜਿੰਨੇ ਤਜਰਬੇ ਹੋਏ ਹਨ ਉਹ ਇਸ ਮਨੌਤ ਦੀ ਪੁਸ਼ਟੀ ਨਹੀਂ ਕਰਦੇ। ਹਾਂ ਕੱਲ੍ਹ ਨੂੰ ਜੇਕਰ ਇਸ ਮਨੌਤ ਨੂੰ ਸਹੀ ਸਿੱਧ ਕਰਨ ਵਾਲਾ ਕੋਈ ਪ੍ਰਮਾਣ ਵਿਗਿਆਨੀਆਂ ਦੀ ਨਜ਼ਰੀਂ ਪਿਆ ਤਾਂ ਉਹ ਜ਼ਰੂਰ ਮੰਨ ਲੈਣਗੇ ਅਤੇ ਇਸ ਤੋਂ ਕੇਵਲ ਇਸ ਕਰਕੇ ਮੁਨਕਰ ਨਹੀਂ ਹੋਣਗੇ ਕਿ ਉਹ ਕਿਸੇ ਦੀ ਨਿਗਾਹ ਵਿਚ ਪੂੰਜੀਵਾਦੀ ਬੁੱਧੀਜੀਵੀ ਹਨ। ਵਿਗਿਆਨ ਦੀ ਰੋਸ਼ਨੀ ਵਿਚ ਸਾਬਤ ਹੋਇਆ ਤੱਥ ਇਸ ਕਿਸਮ ਦੀ ਵੰਡ ਸਹਾਰਨ ਦੇ ਯੋਗ ਨਹੀਂ।

'ਓਰਿਜਨ ਆਫ ਸਪੀਸੀਜ਼' ਦੀ ਗੱਲ ਸੂਫੀ ਅਮਰਜੀਤ ਨੇ ਆਪ ਛੇੜੀ ਸੀ, ਵਰਨਾ ਮੈਂ ਤਾਂ ਪਹਿਲਾਂ ਹੀ ਇਹ ਸਪੱਸ਼ਟ ਕੀਤਾ ਸੀ ਕਿ ਹੁਣ ਜੀਵ ਵਿਗਿਆਨ ਵਿਕਾਸ ਕਰਦਾ ਡਾਰਵਿਨ ਦੇ ਸਮੇਂ ਤੋਂ ਬਹੁਤ ਅੱਗੇ ਨਿਕਲ ਆਇਆ ਹੈ। ਇਸ ਪੜਾਓ ਤੇ ਮਾਰਕਸ ਦੇ ਕਿਸੇ ਸਿਧਾਂਤ ਨੂੰ ਨੂੰ ਸਾਰਥਕ ਸਿੱਧ ਕਰਨ ਲਈ ਡਾਰਵਿਨ ਦਾ ਸਹਾਰਾ ਲੈਣਾ ਕੋਈ ਬਹੁਤਾ ਉਪਯੋਗੀ ਨਹੀ।

ਹੁਣ ਇਕ ਹੋਰ ਵਰਤਾਰੇ ਵੱਲ ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮਾਰਕਸ ਦੇ ਵਿਚਾਰ ਅਨੁਸਾਰ ਮਜ਼ਦੂਰ ਦੀ ਲੁੱਟ ਦਾ ਕਾਰਨ "ਪੂੰਜੀ" ਦਾ ਨਿੱਜੀ ਸਰਮਾਇਆਦਾਰ ਦੇ ਹੱਥ ਵਿਚ ਹੋਣਾ ਹੈ। ਇਸ ਲਈ ਮਾਰਕਸ ਨੇ ਪੈਦਾਵਾਰੀ ਸਾਧਨਾਂ ਦੇ ਸਮਾਜੀਕਰਨ ਵਿਚ ਇਸ ਦਾ ਹੱਲ ਲੱਭਿਆ ਸੀ। ਪਰ ਹੁਣ ਕਮਿਊਨਿਸਟ ਰਾਜ ਇਸ ਸਿਧਾਂਤ ਤੋਂ ਵੀ ਬੇਮੁੱਖ ਹੋ ਰਹੇ ਹਨ। ਇਸ ਵੇਲੇ ਮੈਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿ ਉਹ ਅਜਿਹਾ ਕਿਉਂ ਕਰ ਰਹੇ ਹਨ ਅਤੇ ਅਰਥ ਸ਼ਾਸਤਰ ਵਿਚ ਵੀ ਮਾਰਕਸ ਦੇ ਸਮੇਂ ਤੋਂ ਬਾਅਦ ਕੀ ਤਬਦੀਲੀਆਂ ਆਈਆਂ ਹਨ। ਮੈਂ ਕੇਵਲ ਇਹ ਦੱਸਣਾ ਚਾਹੁੰਦਾ ਹਾਂ ਕਿ ਚੀਨ ਅਤੇ ਵੀਤਨਾਮ ਦੇ ਕਮਿਊਨਿਸਟ ਰਾਜ ਇਸ ਵੇਲੇ ਕਾਇਮ ਹਨ ਪਰ ਉਹ ਵੀ "ਪੂੰਜੀ" ਦੇ ਸਮਾਜੀਕਰਨ ਦੇ ਸਿਧਾਂਤ ਤੋਂ ਮੂੰਹ ਮੋੜ

ਰਹੇ ਹਨ। ਚੀਨ ਵਿਚ ਕਿਸਾਨਾਂ ਨੂੰ ਜ਼ਮੀਨਾਂ ਵੰਡ ਕੇ ਉਨ੍ਹਾਂ ਦੀ ਨਿੱਜੀ ਮਲਕੀਅਤ ਵਿਚ ਦਿੱਤੀਆਂ ਜਾ ਰਹੀਆਂ ਹਨ। ਸਰਮਾਏ ਦੇ ਨਿੱਜੀਕਰਨ ਦੀ ਵੀ ਖੁੱਲ੍ਹ ਦੇ ਦਿੱਤੀ ਗਈ ਹੈ। ਹੋਰ ਤਾਂ ਹੋਰ ਬਦੇਸ਼ੀ ਸਰਮਾਇਆਦਾਰਾਂ ਨੂੰ ਵੀ ਚੀਨ ਵਿਚ ਪੂੰਜੀ ਲਗਾਉਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਅਤੇ ਇਹ ਬਦੇਸ਼ੀ ਸਰਮਾਇਆ ਧੜਾ ਧੜ ਚੀਨ ਵਿਚ ਨਿਵੇਸ਼ ਹੋ ਰਿਹਾ ਹੈ ਅਤੇ ਇਸ ਨਾਲ ਚੀਨੀ ਆਪਣੀ ਆਰਥਕਤਾ ਦਾ ਸੁਧਾਰ ਕਰਕੇ ਫੁੱਲੇ ਨਹੀਂ ਸਮਾਉਂਦੇ। ਹੋਰ ਤਾਂ ਹੋਰ ਵੀਤਨਾਮ ਜਿਸ ਨੇ ਅਮਰੀਕਾ ਵਿਰੁੱਧ ਏਨਾ ਤਕੜਾ ਸੰਘਰਸ਼ ਕੀਤਾ ਸੀ, ਅਮਰੀਕਨਾਂ ਨੂੰ ਆਪਣੇ ਦੇਸ਼ ਵਿਚੋਂ ਮਾਰ ਭਜਾਇਆ ਸੀ, ਹੁਣ ਅਮਰੀਕਨ ਸਰਮਾਏਦਾਰਾਂ ਨੂੰ ਆਪਣੇ ਦੇਸ਼ ਵਿਚ ਪੂੰਜੀ ਲਗਾਉਣ ਦੀ ਪੂਰੀ ਖੁੱਲ੍ਹ ਹੀ ਨਹੀਂ ਦੇ ਰਿਹਾ ਬਲਕਿ ਇਸ ਸਰਮਾਏ ਨੂੰ ਆਪਣੇ ਦੇਸ ਵਿਚ ਲੁਆਉਣ ਲਈ ਹਰ ਸੰਭਵ ਯਤਨ ਵੀ ਕਰ ਰਿਹਾ ਹੈ। ਕੀ ਇਸ ਨਾਲ ਮਾਰਕਸ ਦਾ ਸਿਧਾਂਤ ਕਿ ਪੈਦਾਵਾਰ ਦੇ ਸਾਧਨਾਂ ਦੇ ਨਿੱਜੀ ਹੱਥਾਂ ਵਿਚ ਹੋਣ ਕਾਰਨ ਹੀ ਮਜ਼ਦੂਰ ਦੀ ਲੁੱਟ ਹੁੰਦੀ ਹੈ, ਸਿਰ ਪਰਨੇ ਨਹੀਂ ਕਰ ਦਿੱਤਾ ਗਿਆ? ਚੀਨ ਦੇ ਮਾਰਕਸਵਾਦੀ ਨੇਤਾ ਡੇਂਗ ਸਿਆਓ ਪੇਂਗ ਨੇ ਇਸ ਦਾ ਉੱਤਰ ਇਹ ਕਹਿ ਕੇ ਦਿੱਤਾ ਹੈ ਕਿ ਸਾਡੀ ਦਿਲਚਸਪੀ ਚੂਹੇ ਫੜਨ ਵਿਚ ਹੈ ਨਾ ਕਿ ਇਹ ਦੇਖਣ ਵਿਚ ਕਿ ਜਿਸ ਬਿੱਲੀ ਨੇ ਚੂਹਾ ਫੜਿਆ ਹੈ ਉਸ ਦਾ ਰੰਗ ਕਿਹੋ ਜਿਹਾ ਹੈ? ਦੂਸਰੇ ਸ਼ਬਦਾਂ ਵਿਚ ਅਸਲ ਗੱਲ ਤਾਂ ਆਰਥਕ ਵਿਕਾਸ ਦੀ ਹੈ, ਉਹ ਜਿਸ ਢੰਗ ਨਾਲ ਆ ਜਾਵੇ ਸਾਰਥਕ ਹੈ। ਇਹ ਮਾਰਕਸਵਾਦ ਦਾ ਸੀਸ ਆਸਣ ਹੈ ਜਾਂ ਕੁੱਝ ਹੋਰ?

ਤੱਥ ਬੜੇ ਜ਼ਾਲਮ ਹੁੰਦੇ ਹਨ। ਉਨ੍ਹਾਂ ਤੋਂ ਅੱਖਾਂ ਚੁਰਾਉਣ ਨਾਲ ਬੁੱਤਾ ਨਹੀਂ ਸਰ ਸਕਦਾ। ਨਾ ਹੀ ਕਿਸੇ ਨੂੰ ਬੌਧਕ ਉਦਾਰਤਾ ਦੇ ਅਭਾਵ ਦਾ ਮਿਹਣਾ ਦੇ ਕੇ ਇਨ੍ਹਾਂ ਨੂੰ ਟਾਲਿਆ ਜਾ ਸਕਦਾ ਹੈ। ਨਾ ਹੀ ਟੀਰੀ ਅੱਖ ਦੀ ਇਲਜ਼ਾਮ ਤਰਾਸ਼ੀ ਨਾਲ ਇਨ੍ਹਾਂ ਤੋਂ ਪਿੱਛਾ ਛੁਡਾਇਆ ਜਾ ਸਕਦਾ ਹੈ। ਕਿਸੇ ਨੂੰ ਪੂੰਜੀਵਾਦੀ ਬੁੱਧੀਜੀਵੀ ਕਹਿ ਕੇ ਵੀ ਹਕੀਕਤ ਦੀ ਪਰਦਾ ਪੋਸ਼ੀ ਮੁਮਕਿਨ ਨਹੀਂ ਅਤੇ ਨਾ ਹੀ ਗੁਸੈਲ ਇਬਾਰਤ ਇਸ ਦਾ ਤੋੜ ਹੈ। ਲੋੜ ਹੈ ਦਰਪੇਸ਼ ਹਕੀਕਤ ਤੇ ਠੰਡੇ ਦਿਲ ਅਤੇ ਦਿਮਾਗ ਨਾਲ ਵਿਚਾਰ ਕਰਨ ਦੀ।

—ਹਿਤੂ, ਪ੍ਰੀਤਮ ਸਿੰਘ

ਨੋਟ :—ਏਸ ਖ਼ਤ ਤੋਂ ਬਾਅਦ ਇਹ ਵਾਦ-ਵਿਵਾਦ ਸਮਾਪਤ ਕੀਤਾ ਜਾਂਦਾ ਹੈ, ਕਿਉਂਕਿ ਇਹ ਸਿਰਫ ਦੋ ਵਿਦਵਾਨਾਂ ਤੀਕ ਹੀ ਤੇ ਇਕ ਦੋ ਨੁਕਤਿਆਂ ਤੀਕ ਹੀ ਸੀਮਤ ਹੋ ਕੇ ਰਹਿ ਗਿਆ ਹੈ।

—ਸੰਪਾਦਕ

ਵਾਦ-ਵਿਵਾਦ—2

ਸਤਿਕਾਰਯੋਗ ਹੁੰਦਲ ਜੀ !

'ਕਵਿਤਾ ਤੇ ਸਰੋਤੇ' ਵਿਚ ਕਵਿਤਾ ਦੀ ਸਾਰਥਕਤਾ ਵਾਲਾ ਪ੍ਰਸ਼ਨ ਸੱਚਮੁਚ ਗੰਭੀਰ ਬਹਿਸ ਦੀ ਮੰਗ ਕਰਦਾ ਹੈ। ਗੁਰਨਾਮ ਢਿੱਲੋਂ ਦੇ ਖ਼ਤ ਨੇ ਵੀ ਇਸ ਦੀ ਪੁਸ਼ਟੀ ਕਰ ਦਿੱਤੀ ਹੈ। ਸਵਰਨ ਚੰਦਨ ਦੀ ਰਚਨਾ 'ਕਵਿਤਾ ਨੂੰ ਵਾਪਸ ਲਿਆਓ' ਨੇ ਤਾਂ ਸਥਿਤੀ ਹਾਸੋਹੀਣੀ ਕਰ ਛੱਡੀ। ਅਮਨ ਪਾਲ ਸਾਰਾ ਵੀ ਕਵਿਤਾ ਦੇ ਖਰਪਤਵਾਰ ਤੋਂ ਉਕਤਾ ਗਏ ਲਗਦੇ ਨੇ। ਹਾਲਾਂ ਕਿ ਸਹੀ ਮਾਅਨੇ 'ਚ ਕਵਿਤਾ ਅੱਜ ਵੀ ਲਿਖੀ ਜਾ ਰਹੀ ਹੈ। ਇਹ ਦੀਗਰ ਗਲ ਹੈ ਕਿ ਚੰਗੀ ਰਚਨਾ, ਖਰਪਤਵਾਰ ਦੇ ਕਸਬੂਹ 'ਚ ਜਾਂ ਤਾਂ ਨਜ਼ਰ ਨਹੀਂ ਆ ਰਹੀ—ਜਾਂ ਫੇਰ ਦੀਦਾਵਰੀ ਦੇ ਸੰਕਟ ਦਾ ਸ਼ਿਕਾਰ ਹੋ ਰਹੀ ਹੈ। ਜੋ ਵੀ ਹੈ, ਕਵਿਤਾ 'ਤੇ ਛਾਈ ਧੁੰਦ ਹੁਣ ਛਟ ਜਾਣੀ ਚਾਹੀਦੀ ਹੈ।

'ਨਵੀਆਂ ਚੁਣੌਤੀਆਂ' ਦੇ ਅੰਤਰਗਤ ਤੁਸੀਂ ਬੜੀ ਵਧੀਆ ਗਲ ਕਹੀ ਹੈ। ਸਚਮੁੱਚ 'ਸਮਕਾਲੀ ਯਥਾਰਥ ਇਕ ਪਰਤਾ, ਸਪਸ਼ਟ ਤੇ ਸਰਲ ਕਦੇ ਵੀ ਨਹੀਂ ਹੁੰਦਾ। ਬੇਸ਼ਕ 'ਅਜੋਕੀ ਸਥਿਤੀ ਦੇ ਪ੍ਰਸੰਗ 'ਚ ਨਵਾਂ ਕੀ ਲਿਖਿਆ ਜਾਵੇ' ਦਾ ਉੱਤਰ 'ਸਿਰਜਣਾ ਦੀ ਪੱਧਰ 'ਤੇ ਹੀ ਦੇਣਾ ਪੈਣਾ ਹੈ।' ਕਵਿਤਾ ਨੇ ਵੀ ਇਸੇ ਪੱਧਰ 'ਤੇ ਵਾਪਸ ਆਣਾ ਹੈ।

ਸੁਰਿੰਦਰ ਸੁਹਲ ਦੀਆਂ ਗ਼ਜ਼ਲਾਂ ਪਸੰਦ ਆਈਆਂ। ਵਿਸ਼ਾਲ ਦੀਆਂ ਪਹਿਲੀਆਂ ਦੋ ਨਜ਼ਮਾਂ ਜਚ ਗਈਆਂ। ਜੰਗਲਾਂ ਨੂੰ ਚੀਰ ਕੇ, ਦੁਸ਼ਮਣ ਨਾਲ ਲੋਹਾ ਲੈਣ ਵਾਲੇ ਫੌਜੀ ਦਾ ਕਿਰਦਾਰ ਕਹਾਣੀ 'ਚ ਤਾਂ ਠੱਗਾਂ ਦੇ ਜੰਗਲ 'ਚ ਛਟਪਟਾ ਕੇ ਰਹਿ ਗਿਆ। 'ਕੁਰਸੀ ਅਤੇ ਤਲਵਾਰ' ਪਿਆਰੀ ਰਚਨਾ ਹੈ। ਡਾ: ਅੰਬਰੀਸ਼ ਦਾ ਸਟਾਈਲ ਮਨ ਮੋਹ ਲੈਂਦਾ ਹੈ। ਬਰਜਿੰਦਰ ਚੌਹਾਨ ਵਧੀਆ ਸ਼ਾਇਰ ਹੈ—ਪਰ ਉਸ ਨੂੰ ਗੁਰਨਾਮ ਢਿੱਲੋਂ ਵਰਗੇ ਉਸਤਾਦ ਸ਼ਾਇਰ 'ਤੇ ਤਨਜ਼ ਕਰਨ ਦੀ ਕੀ ਲੋੜ ਸੀ ? ਮੇਰੀ ਜਾਣਕਾਰੀ 'ਚ ਤਾਂ ਸੁਖਬੀਰ, ਅਜਾਇਬ ਕਮਲ ਅਤੇ ਮੋਹਨਜੀਤ ਹੋਰਾਂ ਨੂੰ ਵੀ ਗ਼ਜ਼ਲ ਦੀ ਸਿਨਫ ਤੇ ਇਬਰਤ ਹਾਸਲ ਹੈ। ਗ਼ਜ਼ਲ ਦੇ ਹੀ ਨਹੀਂ, ਨਜ਼ਮ ਦੇ ਵੀ ਅਸੂਲ ਹੁੰਦੇ ਨੇ। ਲੈਅ, ਤਾਲ, ਛੰਦ ਅਤੇ ਬਹਿਰ ਦਾ ਮਹੱਤਵ, ਨਜ਼ਮ 'ਚ ਵੀ ਗ਼ਜ਼ਲ ਨਾਲੋਂ ਘੱਟ ਨਹੀਂ ਹੁੰਦਾ।

ਜਿਥੋਂ ਤਕ 'ਕਵਿਤਾ ਨੂੰ ਵਕਫ਼ਾ ਮਾਰ ਦਿੰਦਾ ਹੈ' ਵਾਲੀ ਗਲ ਦਾ ਸਵਾਲ ਹੈ—ਉਸ ਦਾ ਜਵਾਬ ਵੀ ਹੋਰ ਬਹਿਸ ਦੀ ਮੰਗ ਕਰਦਾ ਹੈ। ਕਿਉਂਕਿ 'ਮੇਰਾ ਸ਼ਹਿਰ ਕਿੱਥੇ ਹੈ' ਵਰਗੀ ਰਚਨਾ ਕਿਤੇ ਭਾਵਾਂ ਦੇ ਫੌਰੀ ਪ੍ਰਗਟਾਅ ਦਾ ਹੀ ਪਰਿਣਾਮ ਤਾਂ ਨਹੀਂ ? ਮਿਆਰੀ ਕਵਿਤਾ ਦੇ ਪ੍ਰਸੰਗ 'ਚ ਵਕਫ਼ੇ ਦੇ ਮਹੱਤਵ ਨੂੰ ਵਿਸਾਰਿਆ ਵੀ ਤਾਂ ਨਹੀਂ ਜਾ ਸਕਦਾ। ਕਵਿਤਾ ਦਾ ਭਾਵ ਕੋਈ ਤਿੱਤਰ ਬਟੇਰ ਨਹੀਂ ਕਿ ਜਿਸ 'ਤੇ ਜੇ ਤੁਰੰਤ ਫਾਇਰ ਨਾ ਕੀਤਾ ਗਿਆ ਤਾਂ ਫੁਰ ਹੋ ਜਾਏਗਾ...

ਕੀ ਪੰਜਾਬ ਵਸਦੇ ਲੇਖਕ ਕਦੀ ਦੇਸ਼-ਵਿਦੇਸ਼ ਦੀ ਯਾਤਰਾ 'ਤੇ ਨਹੀਂ ਜਾਂਦੇ ? ਜਿਹੜੀ ਰਚਨਾ ਉਹ ਪ੍ਰਵਾਸ ਦੌਰਾਨ ਕਰਦੇ ਹਨ ਜਾਂ ਬਾਹਰਲੇ ਜਨ-ਜੀਵਨ ਬਾਰੇ ਲਿਖਦੇ ਹਨ, ਕੀ ਉਸ ਰਚਨਾ ਨੂੰ ਪੰਜਾਬੀ ਸਾਹਿਤ ਦੀ ਮੁਖ-ਧਾਰਾ ਤੋਂ ਬਾਹਰ ਰੱਖ ਕੇ ਵਿਚਾਰਿਆ ਜਾਂਦਾ ਹੈ ? ਜਾਂ ਕੀ ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਲੇਖਕ ਸਿਰਜਣਾ ਦੇ ਛਿਣਾਂ 'ਚ ਆਪਣਾ ਟੀਨ-ਟੱਪਰ ਚੁੱਕ ਕੇ ਪੰਜਾਬ ਚਲੇ ਜਾਇਆ ਕਰਨ ?

ਪੰਜਾਬੋਂ ਬਾਹਰ ਵਸਦੇ ਪੰਜਾਬੀ ਭਾਸ਼ਾ ਦੇ ਲੇਖਕਾਂ ਦੀ ਰਚਨਾ ਨੂੰ 'ਪੰਜਾਬੋਂ ਬਾਹਰ ਦੀ' ਕਹਿਕੇ ਵਿਚਾਰਨ ਵਾਲਿਆਂ ਦੀ ਮਾਨਸਿਕਤਾ ਨੂੰ ਤਾਂ ਬਿਮਾਰ ਮਾਨਸਿਕਤਾ ਦੀ ਸੰਗਿਆ ਹੀ ਦਿੱਤੀ ਜਾ ਸਕਦੀ ਹੈ। ਇਹ ਪ੍ਰਵਿਰਤੀ ਜੇਕਰ ਨਾ ਬਦਲੀ ਤਾਂ ਸਾਡੇ ਸਾਹਿਤ ਵਿਚ ਤੁਲਨਾਤਮਕ ਅਧਿਅਨ ਦੀ ਸੰਭਾਵਨਾ ਵੀ ਮੂਰਛਤ ਹੋ ਜਾਵੇਗੀ। ਜਦ ਕਿ ਤੁਲਨਾਤਮਕ ਕਸੌਟੀ 'ਤੇ ਪਰਖੇ ਜਾਣ ਉਪਰੰਤ ਹੀ ਰਚਨਾਵਾਂ ਦੇ ਪੱਧਰ ਦਾ ਨਾ ਕੇਵਲ ਨਿਰਣਾ ਹੁੰਦਾ ਹੈ ਬਲਕਿ ਸਾਹਿਤ ਦਾ ਮਿਆਰ ਵੀ ਉੱਪਰ ਉਠਦਾ ਹੈ।

'ਪੰਜਾਬੋਂ ਬਾਹਰਲਾ ਸਾਹਿਤਕਾਰ' ਕਹਿ ਕੇ ਜਦ ਇਨਾਮ ਦੀ ਘੋਸ਼ਣਾ ਕੀਤੀ ਗਈ ਸੀ, ਤਾਂ ਸੁਖਬੀਰ ਜੀ ਨੇ ਇਨਾਮ ਹੀ ਠੁਕਰਾ ਦਿੱਤਾ ਸੀ। ਚਪੇੜ ਖਾ ਕੇ, ਅਗਲਿਆਂ ਨੂੰ ਅਕਲ ਤਾਂ ਕੀ ਆਈ ਸੀ, ਉਲਟਾ ਕਹਿਣ ਲਗ ਪਏ ਕਿ ਭਵਿੱਖ ਵਿਚ ਇਨਾਮ ਦੀ ਘੋਸ਼ਣਾ ਤੋਂ ਪਹਿਲਾਂ ਇਨਾਮ ਪਾਣ ਵਾਲੇ ਲੇਖਕ ਦੀ ਹਾਂ-ਨਾਂਹ ਪ੍ਰਾਪਤ ਕਰ ਲੈਣੀ ਚਾਹੀਦੀ ਹੈ ਤਾਂ ਕਿ ਇਨਾਮ ਦੀ ਬੇਸੁਆਦੀ

ਨਾ ਹੋਵੇ। ਸੁਆਦ ਦੇ ਪੱਟੇ ਹੋਏ ਜਣਿਆਂ ਤੋਂ ਕੋਈ ਪੁੱਛੇ ਪਈ ਲੇਖਕ ਨੂੰ ਨੀਵਾਂ ਤੇ ਹੀਣਾ ਕਰਕੇ ਇਨਾਮ ਦੇਣ ਨਾਲ ਜਿਹੜੀ ਬੇਸੁਆਦੀ ਲੇਖਕ ਦੀ ਹੁੰਦੀ ਹੈ, ਕੀ ਉਸ ਨਾਲ ਲੇਖਕ ਦੀ ਮਾਨਹਾਨੀ ਦਾ ਸਵਾਲ ਖੜਾ ਨਹੀਂ ਹੁੰਦਾ ?

ਕੋਈ ਵੀ ਇਮਾਨਦਾਰ ਲੇਖਕ ਹੱਦ-ਬੰਦੀਆਂ ਅਤੇ ਵਲਗਣਾ ਤੋਂ ਉਪਰ ਹੁੰਦਾ ਹੈ। ਝਗੜਾ ਪੰਜਾਬ 'ਚ ਵਸਦੇ ਜਾਂ ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਸਾਹਿਤ ਦੇ ਲੇਖਕ ਦਾ ਨਹੀਂ—ਮਸਲਾ ਤਾਂ ਲੇਖਕ ਦੀ ਪ੍ਰਤਿਸ਼ਠਾ ਦਾ ਹੈ। ਅੱਜ ਤਾਂ ਲੇਖਕ ਦੀ ਹੋਂਦ ਨੂੰ ਹੀ ਚੁਣੌਤੀ ਮਿਲ ਰਹੀ ਹੈ। ਜਗਤਾਰ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਜਦ ਦੇਣਾ ਹੀ ਸੀ ਤਾਂ ਦੇਰ ਨਾਲ ਕਿਉਂ ਦਿੱਤਾ ਗਿਆ ? ਜਿਸ ਕਿਤਾਬ ਨੂੰ ਦਿੱਤਾ ਗਿਆ, ਕੀ ਉਸ ਸਿਨਫ਼ ਦਾ ਅਨੁਵਾਦ ਭਾਰਤ ਦੀਆਂ ਦੂਜੀਆਂ ਜ਼ੁਬਾਨਾਂ 'ਚ ਸੰਭਵ ਹੈ ?

ਕਿਉਂਕਿ ਸਵਾਲ ਇਥੇ ਲੇਖਕ ਦੀ ਪ੍ਰਤਿਸ਼ਠਾ ਦਾ ਹੈ ਇਸ ਲਈ ਜ਼ਰੂਰੀ ਹੈ ਕਿ ਲੇਖਕ ਦੀ ਰਚਨਾ ਛਾਪ ਕੇ, ਲੇਖਕ 'ਤੇ ਅਹਿਸਾਨ ਕਰਨ ਦੀ ਮਾਨਸਿਕਤਾ ਵੀ ਟੁੱਟਣੀ ਚਾਹੀਦੀ ਹੈ। ਕਿਉਂਕਿ ਗਲ ਕਿਸੇ ਦੇ ਅਹਿਸਾਨ ਦੀ ਨਹੀਂ, ਮਿਲਵਰਤਣ ਦੇ ਅਹਿਸਾਸ ਦੀ ਹੋਣੀ ਚਾਹੀਦੀ ਹੈ। ਜਿਹੜਾ ਸੰਪਾਦਕ, ਲੇਖਕ ਦੀ ਰਚਨਾ ਦੇ ਛਪਣ ਦੀ ਸੂਚਨਾ ਕਈ ਮਹੀਨਿਆਂ ਬਾਦ ਵੀ ਨਹੀਂ ਭੇਜਦੇ, ਉਹ ਸੰਪਾਦਕ ਜਦ ਲੇਖਕ ਦੀ ਉਹੀ ਰਚਨਾ ਕਿਸੇ ਹੋਰ ਪਰਚੇ ਜਾਂ ਅਖ਼ਬਾਰ 'ਚ ਛਪੀ ਵੇਖ ਲੈਂਦੇ ਹਨ ਤਾਂ ਝੱਗੋ-ਝੱਗ ਮੂੰਹ ਨਾਲ ਘੋਸ਼ਣਾ ਕਰ ਦਿੰਦੇ ਹਨ ਕਿ ਭਵਿਖ ਵਿਚ ਉਹ ਉਸ ਲੇਖਕ ਦੀ ਕੋਈ ਰਚਨਾ ਆਪਣੇ ਪਰਚੇ 'ਚ ਨਹੀਂ ਛਾਪਣਗੇ। ਇਹ ਧੌਂਸ ਨਹੀਂ ਤਾਂ ਹੋਰ ਕੀ ਹੈ ? ਰਚਨਾ ਦੇ ਛਪਣ ਦੀ ਉਡੀਕ ਦਾ ਕੋਈ ਅੰਤ ਵੀ ਤਾਂ ਹੋਣਾ ਚਾਹੀਦੈ। ਕੋਈ ਲੇਖਕ, ਰਚਨਾ ਦੇ ਛਪਣ ਦੀ ਉਡੀਕ ਕਰੇ ਤਾਂ ਕਿਸ ਆਸ 'ਤੇ ? ਸੰਪਾਦਕਾਂ ਅਤੇ ਪ੍ਰਕਾਸ਼ਕਾਂ ਨੂੰ ਭੁੱਲ ਨਹੀਂ ਜਾਣਾ ਚਾਹੀਦਾ ਕਿ ਉਨ੍ਹਾਂ ਦੇ ਠਾਠ-ਬਾਠ ਦੀ ਮਿੱਟੀ ਲੇਖਕਾਂ ਦੇ ਮੁੜ੍ਹਕੇ ਨਾਲ ਗੁੰਨ੍ਹੀ ਜਾਂਦੀ ਹੈ।

ਰਚਨਾ ਦੀ ਪ੍ਰਾਪਤੀ, ਛਪਣ ਨਾ ਛਪਣ ਦੀ ਸੂਚਨਾ ਸੰਬੰਧਤ ਲੇਖਕ ਨੂੰ ਵੇਲੇ ਸਿਰ ਭੇਜਣ, ਛਪਣ ਵਿਚ ਦੇਰ ਹੋਣ ਦੀ ਸੂਰਤ ਵਿਚ ਰਚਨਾ ਦੇ ਰਖ-ਰਖਾਉ ਆਦਿ ਦੀ ਕੁਲ ਜਵਾਬ ਦੇਹੀ ਸਬੰਧਤ ਸੰਪਾਦਕ ਅਤੇ ਪ੍ਰਕਾਸ਼ਕ ਦੀ ਹੁੰਦੀ ਹੈ। ਪਰ ਇਥੇ ਤਾਂ ਹਮਾਤੜ ਜੇ ਕਿਸੇ ਸੰਪਾਦਕ ਜਾਂ ਪ੍ਰਕਾਸ਼ਕ ਕੋਲੋਂ ਆਪਣੀ ਰਚਨਾ ਦੀ ਪੁਛ-ਪੜਤਾਲ ਕਰ ਹੀ ਬੈਠੇ ਤਾਂ ਅਗਲਾ ਕਣਤਾਅ ਮਨਾਉਂਦਾ ਹੈ। ਕਈ ਵਾਰ ਤਾਂ ਇੰਝ ਟੁੱਟ ਕੇ ਪੈ ਜਾਂਦਾ ਹੈ ਕਿ ਲੇਖਕ ਆਪਣੀ ਜ਼ਾਤ ਨੂੰ ਕੱਸ ਕੇ ਰਹਿ ਜਾਂਦਾ ਹੈ।

ਸੰਪਾਦਕਾਂ ਵਲੋਂ ਰੱਖੀਆਂ ਗਈਆਂ ਸ਼ਰਤਾਂ ਵੀ ਉਨ੍ਹਾਂ ਦੀਆਂ ਹੀ ਹਿਤ-ਸਾਧਕ ਹੁੰਦੀਆਂ ਹਨ। ਬੜੇ ਅਫ਼ਸੋਸ ਦੀ ਗਲ ਹੈ ਕਿ ਲੇਖਕਾਂ ਦੇ ਹਿਤ ਅਤੇ ਹੱਕਾਂ ਦੀ ਰੱਖਿਆ ਲਈ ਕੋਈ ਸੰਸਥਾ ਪੰਜਾਬੀ ਸਾਹਿਤ ਜਗਤ 'ਚ ਨਹੀਂ ਹੈ। ਲੇਖਕਾਂ ਦੀ ਸੁਣਨ ਵਾਲਾ ਕੋਈ ਨਹੀਂ। ਲੇਖਕ ਦਾ ਸ਼ੋਸ਼ਣ ਕਰਨ ਵਾਲੀ ਪ੍ਰਵਿਰਤੀ ਨੂੰ ਨਕੇਲ ਪਾਣ ਦੀ ਲੋੜ ਵਲ ਕਿਸੇ ਦਾ ਧਿਆਨ ਨਹੀਂ ਹੈ। 'ਸੁਖਬੀਰ ਬਨਾਮ ਨਵਾਂ ਜ਼ਮਾਨਾ' ਵਾਲੇ ਕੇਸ 'ਚ ਪਾਠਕਾਂ ਦੀ ਅਦਾਲਤ ਤਾਂ ਟਾਂਏਂ-ਟਾਂਏਂ-ਫਿਸ ਹੋ ਕੇ ਰਹਿ ਗਈ। ਕਿਉਂ ਨਾ 'ਲੇਖਕ ਸ਼ਿਕਾਇਤ ਮੰਚ' ਦੀ ਸਥਾਪਨਾ ਲਈ ਅਵਾਜ਼ ਉਠਾਈ ਜਾਵੇ ?

ਪਰ ਸਭ ਤੋਂ ਪਹਿਲਾਂ ਲੇਖਕਾਂ ਨੂੰ ਆਪਣੇ ਪੀੜ੍ਹੀ ਹੇਠ ਵੀ ਸੋਟਾ ਫੇਰਨਾ ਪੈਣਾ ਹੈ। ਲੇਖਕਾਂ ਵਲੋਂ, ਰਚਨਾ ਛਪਾਣ, ਚਰਚਾ ਕਰਾਣ ਅਤੇ ਪੁਰਸਕਾਰ ਪਾਣ ਆਦਿ ਦੀ ਭੁੱਖ 'ਤੇ ਕਾਬੂ ਪਾਏ

'ਬਿਨਾ ਸੰਪਾਦਕਾਂ, ਪ੍ਰਕਾਸ਼ਕਾਂ ਅਤੇ ਅਲੋਚਕਾਂ ਨੂੰ ਸਾਹਿਤ ਦੇ ਭੁੱਲ ਚੁੱਕੇ ਸ਼ਿਸ਼ਟਾਚਾਰ ਦੀ ਯਾਦ ਨਹੀਂ ਦਿਲਾਈ ਜਾ ਸਕਦੀ। ਜਿਥੇ ਲੇਖਕ ਮਿੱਤਰਾਂ ਦੀ ਮਾਨਸਿਕਤਾ ਦਾ ਪੱਧਰ ਹੀ ਧੂੜ ਚੱਟ ਰਿਹਾ ਹੋਵੇ, ਉਥੇ ਸੰਪਾਦਕਾਂ, ਆਲੋਚਕਾਂ ਅਤੇ ਸਾਹਿਤ ਦੇ ਆੜ੍ਹਤੀਆਂ ਦੀਆਂ ਦੁਕਾਨਾਂ ਦੇ ਸ਼ਟਰ ਕੌਣ ਬੰਦ ਕਰ ਸਕਦਾ ਹੈ ? ਹਰ ਪ੍ਰਕਾਰ ਦੇ ਸ਼ੋਸ਼ਣ ਦਾ ਵਿਰੋਧ ਕਰਨ ਵਾਲੇ ਲੇਖਕ ਤਾਂ ਖ਼ੁਦ ਸਾਹਿਤਕ ਅਤੇ ਆਰਥਕ ਸ਼ੋਸ਼ਣ ਦੇ ਡਬਲ-ਬੈੱਡ 'ਤੇ ਘੂਕ ਸੁੱਤੇ ਪਏ ਹਨ।

ਲੇਖਕਾਂ ਵਿਚ ਇਕ-ਦੂਜੇ ਨੂੰ ਛੁਟਿਆਣ ਦੀ ਪ੍ਰਵਿਰਤੀ ਦਾ ਆਲਮ ਵੀ ਇਹ ਹੈ ਕਿ ਜੇ ਦੋ ਲੇਖਕ ਕਿਤੇ ਮਿਲ ਬੈਠਦੇ ਹਨ ਤਾਂ ਤੀਜੇ ਲੇਖਕ ਬਾਰੇ ਕਹਿਣ ਲਗ ਪੈਂਦੇ ਹਨ—'ਵੇਖਿਆ ਜਾਵੇ ਤਾਂ ਉਹ ਹੈ ਈ ਕੀ ?'

ਤੇ ਥੋੜੀ ਕੁ ਦੇਰ ਪਿੱਛੋਂ ਇਕ ਲੇਖਕ ਦੂਜੇ ਨੂੰ ਆਖ ਦਿੰਦਾ ਹੈ—'ਉਂਝ ਵੇਖਿਆ ਜਾਵੇ ਤਾਂ ਤੂੰ ਵੀ ਕੁਝ ਖ਼ਾਸ ਨਹੀਂ......'

—ਪ੍ਰੇਮ ਸਾਹਿਲ (ਯੂ. ਪੀ.)

ਵਾਦ-ਵਿਵਾਦ—3

ਪਿਆਰੇ ਹੁੰਦਲ ਜੀ,

ਚਿਰਾਗ਼ ਦੇ ਅੰਕ ਅਕਤੂਬਰ-ਦਸੰਬਰ 1996 ਵਿਚ ਤੁਸਾਂ ਅਮਨ ਪਾਲ ਸਾਰਾ ਹੋਰਾਂ ਦੇ ਵਿਚਾਰ ਛਾਪੇ ਹਨ, ਜਿਸ ਵਿਚ ਉਹਨਾਂ ਨੇ ਲਿਖਿਆ ਹੈ ਕਿ, "ਪੰਜਾਬ ਤੋਂ ਬਾਹਰ ਵਸਦਾ ਪੰਜਾਬੀ ਲੇਖਕ ਆਪਣੇ ਉਥੋਂ ਦੇ ਅਨੁਭਵ ਵਿਚੋਂ ਸਾਹਿਤ ਰਚਨਾ ਕਰਦਾ ਹੈ ਤਾਂ ਉਹ ਨਿਸਚੇ ਹੀ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਅਮੀਰੀ ਪ੍ਰਦਾਨ ਕਰਦਾ ਹੈ, ਇਹ ਗੱਲ ਸਮੁੱਚੀ ਪੰਜਾਬੀ ਦਾ ਗੁਣ ਗਿਣੀ ਜਾਣੀ ਚਾਹੀਦੀ ਹੈ, ਔਗੁਣ ਨਹੀਂ।

ਮੈਂ ਅਮਨ ਪਾਲ ਸਾਰਾ ਹੋਰਾਂ ਦੀ ਏਸ ਗੱਲ ਨਾਲ ਮੁਤਫਿਕ ਹਾਂ, ਕਿਉਂਕਿ ਅੱਜ ਦੇ ਦੌਰ ਵਿਚ ਯੂਰਪ ਜਾਂ ਅਮਰੀਕਾ ਜਾਂ ਫੇਰ ਸਕੈਂਡੇ ਨੇਵੀਆ ਦੇ ਮੁਮਾਲਿਕ ਵਿਚ ਬੈਠਾ ਲਿਖਾਰੀ ਉਸ ਮੁਲਕ ਦੀ ਜ਼ੁਬਾਨ ਛੱਡ ਕੇ ਪੰਜਾਬੀ ਜ਼ੁਬਾਨ ਵਿਚ ਲਿਖ ਰਿਹਾ ਹੈ ਤਾਂ ਇਹ ਉਸ ਦੀ ਧੰਜਾਬੀ ਜ਼ੁਬਾਨ ਨਾਲ ਮੁਹੱਬਤ ਦਾ ਸਬੂਤ ਹੈ। ਆਪਣੀ ਧਰਤੀ ਤੇ ਆਪਣੇ ਲੋਕਾਂ ਦੀ ਖਿੱਚ ਹੈ, ਜਿਹੜੀ ਉਸ ਨੂੰ ਯਾਦ ਰੱਖਦੀ ਹੈ ਤੇ ਆਪਣੇ ਵੱਲ ਖਿੱਚਦੀ ਹੈ। ਵਰਨਾ ਉਹ ਜਿਸ ਮੁਲਕ ਵਿਚ ਬੈਠਾ ਹੈ, ਜਿਸ ਰਹਿਤਲ ਵਿਚ ਜ਼ਿੰਦਗੀ ਬਿਤਾ ਰਿਹਾ ਹੈ, ਜ਼ਿਆਦਾ ਬਿਹਤਰ ਲਿਖ ਸਕਦਾ ਹੈ। ਅੱਜ ਅਗਰ ਕਿਹਰ ਸ਼ਰੀਫ਼ ਜਰਮਨੀ ਵਿਚ ਬੈਠਾ ਪੰਜਾਬੀ ਲਿਖ ਰਿਹਾ ਹੈ, ਤਾਂ ਇਹ ਉਸ ਦੀ ਆਪਣੀ ਧਰਤੀ ਨਾਲ ਮੁਹੱਬਤ ਦਾ ਸਬੂਤ ਹੈ, ਵਰਨਾ ਉਹ ਜਰਮਨ ਜ਼ੁਬਾਨ ਵਿਚ ਲਿਖ ਕੇ ਸ਼ੁਹਰਤ ਵੀ ਪ੍ਰਾਪਤ ਕਰ ਸਕਦਾ ਹੈ, ਅਤੇ ਆਪਣੇ ਮੁਆਸ਼ੀ ਹਾਲਾਤ ਵੀ ਬਿਹਤਰ ਬਣਾ ਸਕਦਾ ਹੈ। ਬਿਲਕੁਲ ਇੰਝ ਹੀ ਅਮਰੀਕਾ, ਬਰਤਾਨੀਆਂ ਤੇ ਕੈਨੇਡਾ ਵਸਦੇ ਪੰਜਾਬੀ ਲੇਖਕ, ਜੋਗਿੰਦਰ ਸਮਸ਼ੇਰ, ਰਵਿੰਦਰ ਰਵੀ, ਅਮਨ ਪਾਲ ਸਾਰਾ, ਸਵਰਨ ਚੰਦਨ, ਆਤਮਜੀਤ, ਹਰਭਜਨ ਸਿੰਘ ਬੈਂਸ ਵਗੈਰਾ ਅੰਗਰੇਜ਼ੀ ਲਿਖ ਕੇ ਜ਼ਿਆਦਾ ਸ਼ੁਹਰਤ ਹਾਸਲ ਕਰ ਸਕਦੇ ਸਨ, ਕਿਉਂਕਿ ਪੰਜਾਬੀ ਨਾਲੋਂ ਅੰਗਰੇਜ਼ੀ ਦਾ ਕੈਨਵਸ਼ ਵੀ ਵਸੀਹ ਹੈ ਤੇ ਰੀਡਰਸ਼ਿੱਪ ਵੀ ਜ਼ਿਆਦਾ ਹੈ।

ਅਦਬ ਸਿਰਫ ਅਦਬ ਹੁੰਦਾ ਹੈ, ਇਹ ਕਿਸੇ ਰਿਆਇਤ ਦਾ ਮੁਸਤਹੱਕ ਨਹੀਂ ਹੁੰਦਾ। ਬਿਲਕੁਲ ਏਸੇ ਤਰ੍ਹਾਂ ਪੰਜਾਬੀ ਅਦਬ ਵੀ ਸਿਰਫ਼ ਪੰਜਾਬੀ ਅਦਬ ਹੀ ਹੈ। ਉਹ ਭਾਵੇਂ ਭਾਰਤੀ ਪੰਜਾਬ ਵਿਚ

ਲਿਖਿਆ ਜਾ ਰਿਹਾ ਹੋਵੇ; ਪਾਕਿਸਤਾਨੀ ਪੰਜਾਬ ਵਿਚ, ਜਾਂ ਫੇਰ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਰਚਿਆ ਜਾ ਰਿਹਾ ਹੋਵੇ। ਪੰਜਾਬੀ ਭਾਸ਼ਾ ਵਿਚ ਰਚਿਆ ਜਾ ਰਿਹਾ ਅਦਬ ਸਿਰਫ ਪੰਜਾਬੀ ਹੈ, ਉਹਨੂੰ ਖਿੱਤਿਆਂ ਵਿਚ ਵੰਡ ਕੇ ਰਿਆਇਤ ਯਾ ਕੜਕੀ ਨਹੀਂ ਹੋਣੀ ਚਾਹੀਦੀ। ਬਿਲਕੁਲ ਇੰਝ ਹੀ ਜੇ ਭਾਰਤੀ ਪੰਜਾਬ ਵਿਚ ਰਚਿਆ ਜਾ ਰਿਹਾ ਸਾਰਾ ਪੰਜਾਬੀ ਅਦਬ ਆਹਲਾ ਤੇ ਅਰਫ਼ਹਿ ਅਦਬ ਨਹੀਂ ਹੈ ਅਤੇ ਨਾ ਹੀ ਯੂਰਪ, ਅਮਰੀਕਾ ਜਾਂ ਸਕੈਂਡੇਨੇਵੀਆ ਦੇ ਮੁਮਾਲਕ ਵਿਚ ਰਚਿਆ ਜਾ ਰਿਹਾ ਸਾਰਾ ਪੰਜਾਬੀ ਅਦਬ ਕਮਤਰ ਤੇ ਘਟੀਆ ਹੈ। ਮਿਯਾਰ ਦੀ ਕਸੌਟੀ ਇਕੋ ਹੋਣੀ ਚਾਹੀਦੀ ਏ। ਉਸ ਕਸੌਟੀ ਦੀ ਅਣੀ ਉੱਤੇ ਹੀ ਸਾਰੇ ਪੰਜਾਬੀ ਅਦਬ ਨੂੰ ਪਰਖਣਾ ਚਾਹੀਦਾ ਹੈ। ਭਾਰਤੀ ਪੰਜਾਬੀ ਅਦਬ, ਪਾਕਿਸਤਾਨੀ ਪੰਜਾਬੀ ਅਦਬ ਜਾਂ ਪਰਵਾਸੀ ਪੰਜਾਬੀ ਅਦਬ ਦੇ ਨਾਂ ਹੇਠ ਇਲਾਕਾਈ ਤਹਿਮੀਜ਼ ਨਹੀਂ ਹੋਣੀ ਚਾਹੀਦੀ। ਅਸਾਂ ਜੇ ਪੰਜਾਬੀ ਅਦਬ ਨੂੰ ਇਲਾਕਿਆਂ ਤੇ ਖਿੱਤਿਆਂ ਵਿਚ ਵੰਡਾਂਗੇ ਤਾਂ ਪੰਜਾਬੀ ਅਦਬ ਦੇ ਘੇਰੇ ਨੂੰ ਖੁੱਲ੍ਹਾ ਡੁੱਲ੍ਹਾ ਅਤੇ ਮੋਕਲਾ ਕਰਨ ਦੀ ਥਾਂ ਸੌੜਾ ਕਰ ਦਿਆਂਗੇ। ਬਿਲਕੁਲ ਇੰਝ ਹੀ ਜਿਵੇਂ ਦੁਨੀਆਂ ਦੀ ਕਿਸੇ ਵੀ ਭਾਸ਼ਾ ਦਾ ਸ਼ਬਦ ਜਦੋਂ ਪੰਜਾਂਬੀ ਲਿਖਤ ਵਿਚ ਆਉਂਦਾ ਹੈ ਤਾਂ ਉਹ ਪੰਜਾਬੀ ਬਣ ਜਾਂਦਾ ਹੈ, ਬਿਲਕੁਲ ਉਂਝ ਹੀ ਪੂਰੀ ਦੁਨੀਆਂ ਵਿਚ ਕਿਧਰੇ ਵੀ ਰਚਿਆ ਜਾ ਰਿਹਾ ਪੰਜਾਬੀ ਅਦਬ ਭਾਰਤੀ, ਪਾਕਿਸਤਾਨੀ ਜਾਂ ਪ੍ਰਵਾਸੀ ਨਹੀਂ, ਸਿਰਫ ਪੰਜਾਬੀ ਅਦਬ ਹੈ। ਸਾਨੂੰ ਏਸ ਬਾਰੇ ਹੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਹੀ ਅਸਾਂ ਪੰਜਾਬੀ ਭਾਸ਼ਾ ਨੂੰ ਖੇਤਰੀ ਭਾਸ਼ਾ ਤੋਂ ਗਲੋਬਲ ਭਾਸ਼ਾ ਸਕਦੇ ਹਾਂ।

ਜੀਏ ਪੰਜਾਬੀ, ਸਦਾ ਜੀਏ। ਪੰਜਾਬੀ ਦੀ ਚੰਗੀ ਭਲਕ ਦਾ ਚਾਹਵਾਨ, ਖ਼ਾਲਦ ਸ਼ੇਖ਼।

ਸੰਪਾਦਕ ਤਿਮਾਹੀ, ਬਹਾਵਲ ਨਗਰ, ਪਾਕਿਸਤਾਨ

ਚਿਰਾਗ਼ ਦੀ ਮਾਲਕੀ ਸਬੰਧੀ ਵੇਰਵਾ

ਫ਼ਾਰਮ ਨੰ: IV

1. ਪ੍ਰਕਾਨ ਸਥਾਨ—ਜਲੰਧਰ
2. ਪ੍ਰਕਾਸ਼ਨ ਦਾ ਸਮਾਂ—ਤ੍ਰੈ-ਮਾਸਕ
3. ਮਾਲਕ ਤੇ ਪ੍ਰਕਾਸ਼ਕ— ਡਾ: ਅਨੂਧ ਸਿੰਘ C/O
   ਭਾਈ ਰਤਨ ਸਿੰਘ ਯਾਦਗਾਰੀ ਟਰੱਸਟ, ਜਲੰਧਰ
   ਕੌਮ—ਭਾਰਤੀ
4. ਸੰਪਾਦਕ—ਹਰਭਜਨ ਸਿੰਘ ਹੁੰਦਲ
   ਪਿੰਡ ਫੱਤੂ ਚੱਕ, ਡਾ: ਢਿਲਵਾਂ
   ਕੌਮੀ—ਭਾਰਤੀ
5. ਮੈਂ ਡਾ: ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਡਾ: ਅਨੂਪ ਸਿੰਘ

ਤੀ 1-1-97

ਪ੍ਰਕਾਸ਼ਕ ਦੇ ਦਸਖਤ

ਇੰਗਲੈਂਡ ਦੀ ਯਾਤਰਾ ਦੇ ਕਵੀ ਦੇ ਪ੍ਰਭਾਵ : ਯਾਤਰੀ ਦੀ ਅੱਖ/ਡਾ: ਚਮਨ ਲਾਲ

ਹਰਭਜਨ ਸਿੰਘ ਹੁੰਦਲ ਪੰਜਾਬੀ ਦਾ ਚਰਚਤ ਕਵੀ ਹੈ, ਜਿਸ ਨੂੰ ਸਰਕਾਰੀ ਨੌਕਰੀ ਤੋਂ ਰਿਟਾਇਰਮੈਂਟ ਬਾਅਦ ਹੀ ਬਦੇਸ਼ ਜਾਣ ਦਾ ਮੌਕਾ ਮਿਲਿਆ। ਪਾਕਿਸਤਾਨ ਦੀ ਯਾਤਰਾ ਤੇ ਜਾਂਦਿਆਂ ਤਾਂ ਉਸਨੂੰ ਗੱਡੀ ਵਿਚ ਬੈਠਿਆਂ ਟਿਕਟ ਕਟਾਇਆਂ ਵੀ ਸਰਹੱਦ ਤੋਂ ਅਗਾਂਹ ਨਹੀਂ ਲੰਘਣ ਦਿੱਤਾ, ਇੰਗਲੈਂਡ ਦੀ ਯਾਤਰਾ ਕਰਨ ਵਿਚ ਉਹ ਸਫ਼ਲ ਤਾਂ ਹੋ ਗਿਆ, ਪਰ ਇਸ ਸਫ਼ਲਤਾ ਨੂੰ ਹਾਂਸਲ ਕਰਨ ਲਈ ਉਸਨੂੰ ਆਪਣੇ ਹੀ ਮੁਲਕ ਵਿਚ ਕਿੰਨੀਆਂ ਮੁਸੀਬਤਾਂ ਵਿਚੋਂ ਲੰਘਣਾ ਪਿਆ। ਹੁੰਦਲ ਨੇ ਆਪਣੀ 'ਯਾਤਰਾ ਦੀ ਅੱਖ' ਨਾਲ ਪਹਿਲਾਂ ਤਾਂ ਆਪਣੇ ਮੁਲਕ ਦੇ ਔਂਝੜ ਪੈਂਡਿਆਂ ਦਾ ਵਰਨਣ ਇਸ ਪੁਸਤਕ ਦੇ ਪਹਿਲੇ ਹਿੱਸੇ ਵਿਚੋਂ ਕੀਤਾ ਹੈ। ਪੁਸਤਕ ਦੇ ਦੂਜੇ ਹਿੱਸੇ 'ਯਾਤਰੀ ਦੀ ਅੱਖ' ਵਿਚ ਉਸਨੇ ਭਾਰਤੀ ਸਮਾਜ ਤੋਂ ਬਿਲਕੁਲ ਵੱਖਰੇ ਤਜ਼ਰਬੇ ਦੀ ਬਰਤਾਨਵੀ ਸਮਾਜ ਦੀ ਸਥਿਤੀ ਬਿਆਨ ਕੀਤੀ ਹੈ। ਪਰ ਚਾਰ ਕੁ ਮਹੀਨਿਆਂ ਦੀ ਹੀ ਬਦੇਸ਼ ਫੇਰੀ ਤੋਂ ਕਵੀ ਆਪਣੀ ਧਰਤੀ ਲਈ ਏਨਾਂ ਓਦਰ ਜਾਂਦਾ ਹੈ ਕਿ ਉਸਦਾ ਪ੍ਰਗਟਾਅ ਆਪਣੀਆਂ ਦੋ ਕਵਿਤਾਵਾਂ ਵਿਚ ਕਰਦਾ ਹੈ ਜੋ ਇਸ ਯਾਤਰਾ ਨਿਬੰਧਾਂ ਦੀ ਪੁਸਤਕ ਦਾ ਅੰਤਲਾ ਭਾਗ ਹਨ।

ਪੁਸਤਕ ਦੇ ਪਹਿਲੇ ਭਾਗ 'ਔਝੜ ਪੈਂਡੇ' ਦੇ ਦਸ ਛੋਟੇ ਲੇਖਾਂ ਵਿਚ ਭਾਰਤੀ ਰਾਜਨੀਤਕ ਵਿਵਸਥਾ ਜਿਸਨੂੰ ਕਿਹਾ ਤੇ ਜਮਹੂਰੀਅਤ ਅਤੇ ਕਾਨੂੰਨ ਤੇ ਅਧਾਰਤ ਰਾਜ ਹੈ, ਪਰ ਜੋ ਹਕੀਕਤ ਵਿਚ ਅੱਤਿ ਦੀ ਭ੍ਰਿਸ਼ਟ, ਆਪਾਚਾਰੀ ਅਤੇ ਗੈਰ-ਕਾਨੂੰਨੀ ਖਾਸੇ ਵਾਲਾ ਰਾਜ ਹੈ ਦਾ ਚਿੱਤਰ ਅੰਕਿਤ ਕੀਤਾ ਗਿਆ ਹੈ। ਲੇਖਕ ਨੇ ਸ਼ੁਰੂ ਹੀ ਇਸ ਪੰਕਤੀ ਤੋਂ ਕੀਤਾ ਹੈ—'ਪੰਜਾਬ ਵਿਚ, ਇਕ ਸਰਕਾਰੀ ਕਰਮਚਾਰੀ ਲਈ ਪਾਸਪੋਰਟ ਲੈਣਾ ਬਹੁਤ ਹੀ ਔਖਾ ਕੰਮ ਹੈ।' ਇਹ ਕਿੰਨਾ ਔਖਾ ਹੈ, ਇਸਦਾ ਵਰਨਣ ਉਨ੍ਹਾਂ ਅਗਲੇ ਦਸ ਛੋਟੇ ਅਧਿਆਇਆਂ ਵਿਚ ਕੀਤਾ ਹੈ। ਲੇਖਕ ਨੇ 1981 ਵਿਚ ਪਾਸਪੋਰਟ ਲਈ ਦਰਖਾਸਤ ਦਿੱਤੀ, ਐਮ. ਐਲ. ਏ. ਤੋਂ ਤਸਦੀਕ ਕਰਵਾ ਦਿੱਤੀ ਚਾਲ ਚਲਣ ਦੀ ਤਸਦੀਕ ਵੀ ਕਰਵਾ ਦਿੱਤੀ।

ਹਾਲਾਂਕਿ ਪਾਸਪੋਰਟ ਦੀ ਦਰਖਾਸਤ ਦੇਣ ਬਾਅਦ ਹਰ ਹਾਲਤ ਵਿਚ ਤਿੰਨ ਮਹੀਨਿਆਂ ਵਿਚ ਪਾਸਪੋਰਟ ਦੇਣਾ ਜ਼ਰੂਰੀ ਹੁੰਦਾ ਹੈ, ਪਰ ਲੇਖਕ ਦਾ ਪਾਸਪੋਰਟ ਫਸ ਗਿਆ ਸੀ। ਕਈ ਮਹੀਨਿਆਂ ਬਾਅਦ ਪਾਸਪੋਰਟ ਅਫਸਰ ਨੇ ਦੱਸਿਆ ਕਿ ਸੀ. ਆਈ. ਡੀ. ਨੇ ਉਸ ਨੂੰ ਪਾਸਪੋਰਟ ਦੇਣ ਤੋਂ ਰੋਕਿਆ ਹੈ। ਫਿਰ ਲੇਖਕ ਕੋਲੋਂ ਮਹਿਕਮੇ ਕੋਲੋਂ ਇਤਰਾਜ਼ਹੀਣਤਾ ਦਾ ਸਰਟੀਫਿਕੇਟ ਮੰਗਿਆ ਗਿਆ ਤੇ 1982 ਵਿਚ ਕਿਸੇ ਵੇਲੇ ਪਾਸਪੋਰਟ ਮਿਲਿਆ।

ਪਾਸਪੋਰਟ ਤਾਂ ਲੇਖਕ ਨੂੰ ਮਿਲ ਗਿਆ, ਪਰ ਉਹਦਾ ਆਪਣੀ ਜਨਮ ਭੋਂ ਬੰਡਾਲਾ ਚੱਕ ਨੰ: 64, ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ ਵਿਚ) ਦੇਖਣ ਦੀ ਇੱਛਾ ਪੂਰੀ ਨਹੀਂ ਹੋ ਸਕੀ ਕਿਉਂਕਿ ਪਾਕਿਸਤਾਨ ਸਰਕਾਰ ਵਲੋਂ ਵੀਜ਼ਾ ਮਿਲਣ ਉਪਰੰਤ ਵੀ ਸਰਹੱਦ ਤੋਂ ਭਾਰਤੀ ਪੁਲਸ ਨੇ ਹੀ ਲੇਖਕ ਨੂੰ ਬਰੰਗ ਵਾਪਸ ਮੋੜ ਦਿੱਤਾ। ਹੋਇਆ ਇਹ ਕਿ ਲੇਖਕ ਨੂੰ ਸ਼੍ਰੋਮਣੀ ਕਮੇਟੀ ਵਲੋਂ ਗੁਰਦਵਾਰਿਆਂ ਦੀ ਯਾਤਰਾ ਲਈ ਭੇਜੇ ਜਾਣ ਵਾਲੇ ਜੱਥੇ ਵਿਚ ਤਾਂ ਜਗ੍ਹਾ ਮਿਲ ਗਈ, ਵੀਜ਼ਾ ਵੀ ਮਿਲ ਗਿਆ ਤੇ ਲੇਖਕ ਤਿਆਰ ਹੋਕੇ 6 ਜੂਨ ਨੂੰ ਲਾਹੌਰ ਜਾਣ ਲਈ ਪਾਕਿਸਤਾਨ ਪਹੁੰਚ ਗਿਆ। ਮੋਹਨ ਸਿੰਘ ਰਾਹੀ ਵੀ ਨਾਲ ਜਾ ਰਿਹਾ ਸੀ।

ਪਰ ਅਟਾਰੀ ਸਟੇਸ਼ਨ ਤੇ ਰਾਹੀ ਹੁਰੀ ਵਿਛੜ ਗਏ ਅਤੇ ਹੁੰਦਲ ਹੁਰਾਂ ਨੂੰ ਪੁਲਸ ਨੇ ਅੱਗੋਂ ਜਾਣੋਂ ਰੋਕ ਲਿਆ ਅਤੇ ਪਾਸਪੋਰਟ ਤੇ ਲਿਖ ਦਿੱਤਾ, 'ਸਰਕਾਰੀ ਹਦਾਇਤਾਂ ਅਨੁਸਾਰ ਬਦੇਸ਼ ਜਾਣ ਦੀ ਆਗਿਆ ਨਹੀਂ ਹੈ।' ਤੇ ਲੇਖਕ ਲਿਖਦਾ ਹੈ :

"ਸਟੇਸ਼ਨ ਤੋਂ ਬਾਹਰ ਆ ਕੇ ਅੱਖਾਂ ਚੁੱਕ ਕੇ ਨੀਲੇ ਅੰਬਰ ਤੇ ਵਿਸ਼ਾਲ ਖੇਤਾਂ ਵੱਲ ਨਜ਼ਰ ਮਾਰੀ, ਚਾਰੇ ਪਾਸੇ ਏਸ਼ੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦੂਰ-ਦੂਰ ਤੱਕ ਫੈਲੀ ਨਜ਼ਰ ਆਈ !! ਜਮਹੂਰੀਅਤ ਜਿਸ ਵਿਚ ਇਕ ਸਰਕਾਰੀ ਮੁਲਾਜ਼ਮ, ਇਕ ਸਾਹਿਤਕਾਰ, ਪਾਸਪੋਰਟ ਤੇ ਵੀਜ਼ੇ ਦੇ ਹੁੰਦਿਆਂ, ਧਾਰਮਕ ਯਾਤਰਾ ਲਈ ਪਾਕਿਸਤਾਨ ਨਹੀਂ ਜਾ ਸਕਦਾ ਸੀ !!"

ਪਰ ਲੇਖਕ ਲਈ ਏਨੀ ਹੀ ਸਜ਼ਾ ਕਾਫੀ ਨਹੀਂ ਸੀ। ਹੁੰਦਲ ਨੇ ਇਸ ਘਟਨਾਂ ਵਿਰੁੱਧ ਅਖ਼ਬਾਰਾਂ ਵਿਚ ਬਿਆਨ ਦੇ ਦਿੱਤਾ ਤੇ ਕੁਝ ਹੋਰ ਸਾਹਿਤਕ ਅਤੇ ਮੁਲਾਜ਼ਮ ਜਥੇਬੰਦੀਆਂ ਨੇ ਵੀ ਸਰਕਾਰ ਦੀ ਨਿੰਦਾ ਦੇ ਬਿਆਨ ਦੇ ਦਿੱਤੇ। ਲੇਖਕ ਨੇ ਹਾਈਕੋਰਟ ਵਿਚ ਕੇਸ ਕਰ ਦਿੱਤਾ ਅਤੇ ਹਾਈਕੋਰਟ ਨੇ ਪਾਸਪੋਰਟ ਵਿਚ ਲਿਖੇ ਲਫ਼ਜ਼ ਵੀ ਕਟਵਾ ਦਿੱਤੇ ਅਤੇ ਸਰਕਾਰ ਉਪਰ ਪੰਜ ਸੌ ਰੁਪੈ ਦਾ ਖਰਚਾ ਵੀ, ਜੋ ਅਦਾਲਤ ਦੇ ਫੈਸਲੇ ਦੀ ਨਾਂ ਪਾਲਣਾ ਤੋਂ ਪੈਦਾ ਹੋਏ ਡਰ ਬਾਅਦ ਹੀ ਲੇਖਕ ਨੂੰ ਦਿੱਤੇ ਗਏ।

ਲੇਖਕ ਨੂੰ ਪੰਜ ਸੌ ਰੁਪੈ ਤਾਂ ਪੁਲਸ ਵਾਲਿਆਂ ਨੇ ਦੇ ਦਿੱਤੇ, ਪਰ ਇਹ ਉਸ ਨੂੰ ਪਏ ਕਾਫੀ ਮਹਿੰਗੇ। 19-8-1985 ਨੂੰ ਲੇਖਕ ਦਾ ਪਾਸਪੋਰਟ ਜ਼ਬਤ ਕਰਨ ਦੇ ਹੁਕਮ ਜਾਰੀ ਹੋ ਗਏ। ਪਾਸਪੋਰਟ ਮੋੜ ਦਿੱਤਾ ਗਿਆ ਜੋ ਚੀਫ ਪਾਸਪੋਰਟ ਅਫਸਰ ਦਿੱਲੀ ਨੇ ਲੇਖਕ ਨੂੰ ਵਾਪਸ ਕਰਵਾ ਦਿੱਤਾ। ਪਾਸਪੋਰਟ ਦੀ ਮਿਆਦ 19-8-89 ਨੂੰ ਖਤਮ ਹੋਈ ਤਾਂ 3-6-87 ਨੂੰ ਲੇਖਕ ਨੇ ਥਾਣੇਦਾਰ ਤੋਂ ਰਸੀਦ ਲੈ ਕੇ ਪਾਸਪੋਰਟ ਉਸਨੂੰ ਦੇ ਦਿੱਤਾ, ਜੋ ਉਸ ਲਈ ਮੁਸੀਬਤਾਂ ਦੀ ਜੜ੍ਹ ਬਣਿਆ।

1991 ਵਿਚ ਲੇਖਕ ਨੂੰ ਪ੍ਰਗਤੀਸ਼ੀਲ ਲੇਖਕ ਸਭਾ, ਇੰਗਲੈਂਡ ਵਲੋਂ ਸੱਦਾ ਪੱਤਰ ਮਿਲਿਆ ਮਸਲਾ ਫਿਰ ਪਾਸਪੋਰਟ ਦਾ। ਪਾਸਪੋਰਟ ਦੁਬਾਰਾ ਬਣਾਉਣ ਲਈ ਪਹਿਲੀ ਕਾਪੀ ਜ਼ਰੂਰੀ ਹੈ, ਜੋ ਲੇਖਕ ਪੁਲਸ ਨੂੰ ਦੇ ਬੈਠਾ ਸੀ ਇਸ ਸੰਘਰਸ਼ ਦਾ ਦੌਰ ਸ਼ੁਰੂ ਹੋਇਆ, ਜਿਸ ਵਿਚ ਹਰਕਿਸ਼ਨ ਸਿੰਘ ਸੁਰਜੀਤ ਤੇ ਬਲਵੰਤ ਸਿੰਘ ਰਾਮੂਵਾਲੀਆਂ ਵਰਗੇ ਕਿਰਦਾਰਾਂ ਨੇ ਵੀ ਹਿੱਸਾ ਪਾਇਆ। ਹੋਮ ਸੈਕਟਰੀ ਚੱਠਾ ਨੂੰ ਵੀ ਲੇਖਕ ਮਿਲਦਾ ਹੈ ਅਤੇ ਅਖੀਰ ਮਸਲਾ ਲੋਕ ਸਭਾ ਵਿਚ ਸੋਮਨਾਥ ਚੈਟਰਜੀ ਐਮ. ਪੀ. ਵਲੋਂ ਉਠਾਉਣ ਤੋਂ ਬਾਅਦ ਹੀ ਲੇਖਕ ਨੂੰ 27-4-92 ਨੂੰ ਪਾਸਪੋਰਟ ਮੋੜਿਆ ਗਿਆ। ਇਸ ਤੋਂ ਬਾਅਦ ਹੀ ਲੇਖਕ ਦਾ ਨਵਾਂ ਪਾਸਪੋਰਟ ਫਿਰ ਕਈ ਮਹੀਨਿਆਂ ਬਾਦ ਬਣਾਇਆ।

ਇੰਗਲੈਂਡ ਦਾ ਵੀਜ਼ਾ ਲੱਗਣ ਵਿਚ ਤਾਂ ਲੇਖਕ ਨੂੰ ਵਧੇਰੇ ਪਰੇਸ਼ਾਨੀ ਨਹੀਂ ਹੋਈ, ਪਰ ਜਦ ਤੱਕ ਉਹ ਹਵਾਈ ਜ਼ਹਾਜ ਵਿਚ ਬੈਠ ਕੇ ਭਾਰਤ ਦੀਆਂ ਹੱਦਾਂ ਤੋਂ ਪਾਰ ਨਹੀਂ ਪਹੁੰਚ ਜਾਂਦਾ, ਹੁੰਦਲ ਨੂੰ ਇਹ ਸੰਸਾ ਬਣਿਆ ਹੀ ਰਹਿੰਦਾ ਹੈ ਕਿ ਉਸਨੂੰ ਹੁਣ ਮੋੜਿਆ ਕਿ ਹੁਣ। ਅਟਾਰੀ ਤੋਂ ਬਰੰਗ ਮੋੜੇ ਜਾਣ ਦੀ ਘਟਨਾ ਨੇ ਲੇਖਕ ਨੂੰ ਕਾਫੀ ਅਸੁਰੱਖਿਅਤ ਮਹਿਸੂਸ ਕਰਨ ਲਾ ਦਿੱਤਾ ਸੀ।

ਉਜ਼ਬੈਕ ਏਅਰਲਾਈਨ ਦੇ ਜ਼ਹਾਜ਼ ਵਿਚ ਲੇਖਕ ਏਅਰ ਹੋਸਟੈਸ ਨੂੰ ਸਮਾਜਵਾਦ ਦੇ ਪਤਨ ਬਾਦ ਉਥੋਂ ਦੇ ਸਮਾਜ ਬਾਰੇ ਪੁੱਛਦਾ ਹੈ, ਲੜਕੀ ਨਿਰਾਸ਼ਾ ਵਿਚ ਉੱਤਰ ਦਿੰਦੀ ਹੈ।

ਪੁਸਤਕ ਦੇ ਦੂਜੇ ਤੇ ਕੁਝ ਲੰਮੇਰੇ ਭਾਗ ਵਿਚ ਲੇਖਕ ਆਪਣੀ ਇੰਗਲੈਂਡ ਫੇਰੀ ਦੇ ਅਨੁਭਵਾਂ ਨੂੰ ਕਲਮਬੰਦ ਕਰਦਾ ਹੈ। ਪਹਿਲੇ ਹੀ ਨਿਬੰਧ ਵਿਚ ਉਹ ਕਾਵਿ ਮਹਿਫਲਾਂ ਤੋਂ ਗੱਲ ਸ਼ੁਰੂ ਕਰਦਾ ਹੈ। ਜੂਨ 1993 ਤੋਂ ਸ਼ੁਰੂ ਹੋਈ ਇਸ ਯਾਤਰਾ ਵਿਚ ਕਵੀ ਦੀ ਕਾਵਿ-ਪੇਸ਼ਕਾਰੀ ਸਾਰੇ ਯਾਤਰਾ ਪ੍ਰੋਗਰਾਮ ਦਾ ਪ੍ਰਮੁੱਖ ਹਿੱਸਾ ਹੈ, ਜੋ ਉਹ ਵੱਖ-ਵੱਖ ਸ਼ਹਿਰਾਂ ਤੇ ਮਹਿਫਲਾਂ ਵਿਚ ਪੇਸ਼ ਕਰਦਾ ਹੈ। 'ਬੱਸ ਦਾ ਸਫਰ' ਨਿਬੰਧ ਵਿਚ ਉਹ ਇੰਗਲੈਂਡ ਦੀਆਂ ਬੱਸਾਂ ਦੇ ਹਵਾਈ ਜ਼ਹਾਜਾਂ ਵਾਂਗ ਵਧੀਆ ਤੇ ਸਭ ਸਹੂਲਤਾਂ ਸੰਪੰਨ ਹੋਣ ਦੀ ਜਾਣਕਾਰੀ ਦਿੰਦਾ ਹੈ। ਇੰਗਲੈਂਡ ਦੇ ਪਲ-ਪਲ ਬਦਲਦੇ ਮੌਸਮ ਨੂੰ ਵੀ ਉਹ ਕਲਮਬੰਦ ਕਰਦਾ ਹੈ। ਪਾਕਿਸਤਾਨੀ ਲੇਖਕ ਡਾ: ਅਯੂਬ ਮਿਰਜ਼ਾ ਨਾਲ ਉਸਦੀ ਖੁਸ਼ਨੁਮਾ ਮੁਲਾਕਾਤ ਹੁੰਦੀ ਹੈ ਜੋ ਬਾਅਦ ਵਿਚ 'ਚਿਰਾਗ਼' ਦਾ ਵੀ ਲੇਖਕ ਬਣ ਜਾਂਦਾ ਹੈ।

'ਅੱਥਰੂਆਂ ਦਾ ਰੰਗ' ਨਿਬੰਧ ਸੰਗ੍ਰਹਿ ਦਾ ਇਕੋ ਇਕ ਨਿਬੰਧ ਹੈ, ਇਸ ਵਿਚ ਲੇਖਕ ਦਾ ਕਵੀ ਹਿਰਦਾ ਧੜਕਦਾ ਪ੍ਰਤੀਤ ਹੁੰਦਾ ਹੈ, ਵਰਨਾ ਇਸ ਨਿਬੰਧ ਸੰਗ੍ਰਹਿ ਵਿਚ ਕਾਵਿਆਤਮਕਤਾ ਦਾ ਅੰਸ਼ ਬਹੁਤ ਘੱਟ ਹੈ ਅਤੇ ਸਥਿਤੀਆਂ ਦਾ ਯਥਾ-ਤੱਥ ਬਿਆਨ ਵਧੇਰੇ ਹੈ। ਕਵੀ ਇੰਗਲੈਂਡ ਦੇ ਸਮਾਜ ਵਿਚ ਬੁੱਢੇ ਠੇਰਿਆਂ ਦਾ 'ਰੈਣ-ਬਸੇਰਾ' ਆਦਿ ਦੇ ਵਰਨਣ ਰਾਹੀਂ ਉਥੋਂ ਦੇ ਸਮਾਜ ਦੇ ਕਲਿਆਣਕਾਰੀ ਰੂਪ ਦਾ ਚਿੱਤਰ ਖਿੱਚਦਾ ਹੈ। ਰਘੁਵੀਰ ਢੰਡ ਦੇ ਘਰ ਜਾ ਕੇ ਤੇ ਉਸਦੀ ਵਿਧਵਾ ਸਾਥਣ ਪ੍ਰਕਾਸ਼ ਅਤੇ ਪੁੱਤਰ, ਪਰਵਾਰ ਨੂੰ ਮਿਲਕੇ ਵੀ ਲੇਖਕ ਨੂੰ ਉਤਸ਼ਾਹ ਮਿਲਦਾ ਹੈ। ਇਕ ਪਾਦਰੀ ਨਾਲ ਮੁਲਾਕਾਤ ਵਿਚ ਉਹ ਪਾਦਰੀ ਦੇ ਸਮਾਜਵਾਦੀ ਵਿਚਾਰਾਂ ਤੋਂ ਪ੍ਰਭਾਵਤ ਹੋਣ ਦਾ ਚਿੱਤਰ ਵੀ ਖਿੱਚਦਾ ਹੈ

ਚਾਰ ਮਹੀਨੇ ਇੰਗਲੈਂਡ 'ਚ ਰਹਿਣ ਬਾਅਦ ਲੇਖਕ ਓਦਰ ਜਾਂਦਾ ਹੈ ਅਤੇ ਵਤਨ ਪਰਤ ਕੇ ਭਾਵੁਕ ਹੋ ਜਾਂਦਾ ਹੈ।

"ਆਹ! ਮੇਰੇ ਵਤਨ! ਮੈਂ ਤੇਰੇ ਧੂੜਾਂ ਭਰੇ ਰਾਹਾਂ ਨੂੰ ਤਰਸ ਗਿਆ ਸੀ। ਤੂੰ ਮੈਨੂੰ ਆਪਣੇ ਗਲ ਨਾਲ ਲਗਾ ਲੈ! ਤੇ ਮੇਰੀ ਚਾਰ ਮਹੀਨੇ ਦੀ ਗੈਰ-ਹਾਜ਼ਰੀ ਨੂੰ ਮੁਆਫ ਕਰ ਦੇ। ਵੇਖ ਮੈਂ ਤੇਰੇ ਕੋਲ ਪਰਤ ਆਇਆ ਹਾਂ।"

ਪੁਸਤਕ ਦੇ ਅੰਤਲੇ ਹਿੱਸੇ ਵਿਚ ਦਰਜ ਦੋ ਕਵਿਤਾਵਾਂ 'ਆਪਣੀ ਮਿੱਟੀ' ਅਤੇ 'ਦੇਸ਼ ਪਰਾਏ' ਵੀ ਇਸੇ ਵਤਨ ਹੇਰਵੇ ਤੇ ਅਧਾਰਤ ਹਨ।

ਸ਼ਾਇਦ ਇਸ ਕਾਰਣ ਕਿ ਲੇਖਕ ਨੇ ਬਦੇਸ਼ ਦੀ ਯਾਤਰਾ ਹੀ ਕਾਫੀ ਵੱਡੀ ਉਮਰ ਵਿਚ ਕੀਤੀ, ਉਸਦੀ ਪੂਰੀ ਲੇਖਣੀ ਵਿਚ ਯਾਤਰਾ ਦਾ ਚਾਅ ਬਹੁਤ ਘੱਟ ਨਜ਼ਰ ਆਉਂਦਾ ਹੈ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਏਨਾ ਪ੍ਰਤੀਬੱਧ ਲੇਖਕ ਹੋ ਕੇ ਵੀ ਉਸਨੇ ਨਾ ਤਾਂ ਬਰਤਾਨਵੀ ਸਮਰਾਜੀ ਲੁਟ ਦੇ ਪਿਛੋਕੜ ਦਾ ਅਤੇ ਨਾ ਹੀ ਬਰਤਾਨਵੀ ਸਮਾਜ ਵਿਚ ਫੈਲੇ ਨਸਲਵਾਦ ਦਾ ਕੋਈ ਬਹੁਤ ਵਿਸਥਾਰ ਨਾਲ ਵਰਨਣ ਕੀਤਾ ਹੈ।

ਰਾਹੁਲ ਸ਼ੰਕਰ ਤਾਇਨ, ਜੋ ਕਿ ਖੁਦ ਬੜਾ ਵੱਡਾ ਯਾਤਰੂ ਅਤੇ ਯਾਤਰਾ ਲੇਖਕ ਸੀ, ਨੇ ਕਿਹਾ ਸੀ ਕਿ—

ਸੈਰ ਕਰ ਦੁਨੀਆ ਕੀ ਗ਼ਾਫਿਲ, ਜ਼ਿੰਦਗਾਨੀ ਫਿਰ ਕਹਾਂ,
ਜ਼ਿੰਦਗਾਨੀ ਗਰ ਕੁਛ ਰਹੀ, ਤੋਂ ਨੌਜਵਾਨੀ ਫਿਰ ਕਹਾ।

ਸ਼ਾਇਦ ਯਾਤਰੂ ਲਈ ਨੌਜਵਾਨੀ ਦੀ ਮਾਨਸਿਕਤਾ ਹੋਣੀ ਬਹੁਤ ਜ਼ਰੂਰੀ ਹੈ, ਜਦੋਂ ਹੀ ਉਹ ਕਿਸੇ ਵੀ ਪੱਥਰ, ਘਾਟੀ, ਪਹਾੜ, ਸਮੁੰਦਰ ਜਾਂ ਸੰਸਾਰ ਦੇ ਕਿਸੇ ਦੇਸ਼ ਦੀ ਯਾਤਰਾ ਦਾ ਆਨੰਦ ਮਾਣ ਸਕਦਾ ਹੈ, ਜਾਪਦਾ ਹੈ ਕਿ ਹੁੰਦਲ ਨੇ ਇੰਗਲੈਂਡ ਦੀ ਯਾਤਰਾ ਤਾਂ ਕੀਤੀ ਹੈ, ਪਰ ਉਸ ਕੋਲ ਯਾਤਰੂ ਦੀ ਰੂਹ ਨਹੀਂ ਸੀ, ਇਸੇ ਕਰਕੇ 'ਯਾਤਰੀ ਦੀ ਅੱਖ' ਕੁਝ ਜਾਣਕਾਰੀ ਦੇਣ ਵਾਲੀ ਪੁਸਤਕ ਤਾਂ ਹੈ, ਪਰ ਇਸ ਵਿਚ ਨਾ ਤਾਂ ਯਾਤਰਾ ਦੇ ਅਨੰਦ ਦੀ ਅਨੁਭੂਤੀ ਹੈ, ਨਾ ਹੀ ਗੱਦ ਵਿਚ ਰਸਾਤਮਕਤਾ।

ਪਾਕਿਸਤਾਨ ਵਿਚੋਂ ਛਪਦੇ ਕੁਝ ਪੰਜਾਬੀ ਪਰਚੇ

1. ਮਾਂ ਬੋਲੀ—ਮਾਸਕ ਪੱਤਰ,
   ਸੰਪਾਦਕ : ਮਕਸੂਦ ਸਾਕਿਬ,
   ਫਲੈਟ ਨੰ: : 2, ਅਲੀ ਆਰਕੇਡ,
   14 ਮੂਨ ਮਾਰਕੀਟ, ਗੁਲਸ਼ਨ ਰਾਵੀ, ਲਾਹੌਰ।
2. ਲਹਿਰਾਂ—ਮਾਸਕ ਪੱਤਰ,
   ਸੰਪਾਦਕ : ਡਾ: ਅਖ਼ਤਰ ਹੁਸੈਨ ਅਖ਼ਤਰ
   7/57, ਸੋਢੇਵਾਲ ਕਾਲੋਨੀ, ਮੁਲਤਾਨ ਰੋਡ. ਲਾਹੌਰ
   —54504, ਪਾਕਿਸਤਾਨ
3. ਵਰ੍ਹੇ-ਵਾਰ—'ਸਾਹਿਤ'
   ਸੰਪਾਦਕ : ਇਲਿਆਸ ਘੁੰਮਣ
   ਸਰਦਾਰ ਕਲਿਨਿਕ, ਅਮੀਰ ਰੋਡ, ਬਿਲਾਲ ਗੰਜ, ਲਾਹੌਰ
   ਪਾਕਿਸਤਾਨ 54000
4. ਤ੍ਰੈ-ਮਾਸਕ "ਤਿਮਾਹੀ"
   ਸੰਪਾਦਕ : ਖ਼ਾਲਦ ਸ਼ੇਖ਼
   ਗਲੀ ਨੰ: : 2, ਮਦਨੀ ਕਾਲੋਨੀ
   ਬਹਾਵਲ ਨਗਰ, 62300
   ਪੰਜਾਬ—ਪਾਕਿਸਤਾਨ।

ਸੂਚਨਾ

ਚਿਰਾਗ਼ ਲਈ ਚੰਦੇ ਭੇਜਣ ਸਮੇਂ ਬੈਂਕ ਡਰਾਫਟ, ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ। ਨਿਰਾ 'ਚਿਰਾਗ਼' ਲਿਖਣ ਨਾਲ ਅਦਾਇਗੀ ਵਿਚ ਦੇਰੀ ਲੱਗਦੀ ਹੈ ਤੇ ਮੁਸ਼ਕਿਲ ਵੀ ਆਉਂਦੀ ਹੈ। —ਸੰਪਾਦਕ

ਪਾਕਿਸਤਾਨ ਤੋਂ ਪ੍ਰਾਪਤ ਹੋਈਆਂ ਪੁਸਤਕਾਂ

ਚਿਰਾਗ਼ ਤ੍ਰੈ-ਮਾਸਕ ਪੱਤਰ ਵਿਚ ਵਾਘ੍ਹੇ ਪਾਰ ਦੇ ਪੰਜਾਬੀ ਅਦਬ ਨੂੰ ਲਗਾਤਾਰ ਗੁਰਮੁਖੀ ਅੱਖਰਾਂ ਵਿਚ ਛਾਪਦੇ ਰਹਿਣ ਦੇ ਨਤੀਜੇ ਵਜੋਂ ਸਾਨੂੰ ਡਾਕ ਰਾਹੀਂ ਜਾਂ ਗੁਰਦਵਾਰਿਆਂ ਦੀ ਯਾਤਰਾ ਤੇ ਗਏ ਪੰਜਾਬੀ ਦੋਸਤਾਂ ਮਿੱਤਰਾਂ ਰਾਹੀਂ ਢੇਰ ਸਾਰੀਆਂ ਪੰਜਾਬੀ ਪੁਸਤਕਾਂ ਪ੍ਰਾਪਤ ਹੋਣ ਲੱਗੀਆਂ ਹਨ, ਜਿਹਨਾਂ ਦਾ ਸੰਖੇਪ ਰੀਵੀਊ ਜਾਂ ਵਿਸ਼ਲੇਸ਼ਣ/ਮੁਲਾਂਕਣ ਕਰਨਾ ਤਾਂ ਸਾਡੇ ਲਈ ਸੰਭਵ ਨਹੀਂ ਹੁੰਦਾ, ਫੇਰ ਵੀ ਇਹਨਾਂ ਦੀ ਸੂਚਨਾ ਤੇ ਸੰਖੇਪ ਟਿੱਪਣੀ ਰਾਹੀਂ ਅਸੀਂ ਏਧਰ ਦੇ ਪੰਜਾਬੀ ਪਾਠਕਾਂ/ ਲੇਖਕਾਂ ਤੇ ਖੋਜੀਆਂ ਦੀ ਸੂਚਨਾ ਹਿੱਤ ਅਤੇ ਪਰਲੇ ਪਾਰ ਦੇ ਲੇਖਕਾਂ ਦੇ ਇਸ ਉੱਦਮ ਤੇ ਉਤਸ਼ਾਹ ਲਈ ਧੰਨਵਾਦ ਦੇ ਚਾਰ ਸ਼ਬਦ ਲਿਖੇ ਬਿਨਾਂ ਨਹੀਂ ਰਹਿ ਸਕਦੇ। ਸ਼ੁਰੂ ਸ਼ੁਰੂ ਵਿਚ ਪੰਜਾਬੀ ਮਾਸਕ-ਪੱਤਰ ਮਾਂ ਬੋਲੀ (ਲਾਹੌਰ) ਦੇ ਸੰਪਾਦਕ ਮਕਸੂਦ ਸਾਕਿਬ ਰਾਹੀਂ ਗੁਰਦਾਸਪੁਰ ਦੇ ਇਕ ਮਿੱਤਰ ਰਾਹੀਂ ਦਸ ਦੇ ਕਰੀਬ ਪੁਸਤਕਾਂ ਦਾ ਵੱਡਾ ਪੈਕਟ ਪ੍ਰਾਪਤ ਹੋਇਆ ਸੀ, ਜਿਸ ਵਿਚ 'ਉੱਦਮ' ਪ੍ਰਕਾਸ਼ਨ ਵੱਲੋਂ ਛਾਪੀਆਂ ਪੁਸਤਕਾਂ ਤੋਂ ਇਲਾਵਾ, ਦਾਮਨ ਅਕਾਡਮੀ ਵੱਲੋਂ ਪੰਜਾਬੀ ਦੇ ਪ੍ਰਮੁੱਖ ਲੋਕ-ਕਵੀ ਉਸਤਾਦ ਦਾਮਨ ਦਾ ਸਮੁੱਚਾ ਕਲਾਮ 'ਦਾਮਨ ਤੇ ਮੋਤੀ' ਨਾਂ ਹੇਠ ਛਾਪਿਆ ਪ੍ਰਾਪਤ ਹੋਇਆ ਸੀ। ਸਾਡੀ ਰੀਝ ਹੈ ਕਿ ਦਾਮਨ ਦਾ ਕਲਾਮ ਏਧਰ ਵੀ ਸਮੁੱਚੇ ਰੂਪ ਵਿਚ ਛਪੇ, ਪਰ ਹਾਲੀ ਕੋਈ ਪ੍ਰਕਾਸ਼ਕ ਇਸ ਕੰਮ ਨੂੰ ਹੱਥ ਪਾਉਂਦਾ ਪ੍ਰਤੀਤ ਨਹੀਂ ਹੁੰਦਾ ਤੇ ਅਦਾਰਾ ਚਿਰਾਗ਼ ਕੋਲ ਏਨੇ ਸਾਧਨ ਨਹੀਂ ਹਨ ਕਿ ਅਸੀਂ ਖ਼ੁਦ ਇਹ ਕੰਮ ਕਰ ਸਕੀਏ। ਫੇਰ ਵੀ ਅਸੀਂ ਚਾਹੁੰਦੇ ਹਾਂ ਕਿ ਚਿਰਾਗ਼ ਦਾ ਇਕ ਅੰਕ ਦਾਮਨ ਦੀ ਚੋਣਵੀਂ ਕਵਿਤਾ ਨੂੰ ਸਮਰਪਤ ਕਰ ਸਕੀਏ। ਇਸ ਦੇ ਨਾਲ ਹੀ, ਸਾਨੂੰ ਕਰਕਾਰ ਸਿੰਘ ਦੁੱਗਲ ਦੀ ਚੋਣਵੀਂ ਕਹਾਣੀ ਦਾ ਸੰਗ੍ਰਹਿ 'ਟੈਰੇਸ', ਅਜੀਤ ਕੌਰ ਦਾ ਕਹਾਣੀ-ਸੰਗ੍ਰਹਿ, 'ਨਹੀਂ, ਸਾਨੂੰ ਕੋਈ ਤਕਲੀਫ ਨਹੀਂ', ਸ਼ਿਵ ਕੁਮਾਰ ਬਟਾਲਵੀ ਦਾ 'ਸ਼ਰੀਂਹ ਦਾ ਫੁੱਲ' ਤੇ ਪ੍ਰਮੁੱਖ ਪੰਜਾਬੀ ਕਵੀ ਪ੍ਰੋ: ਨਜਮ ਹੁਸੈਨ ਸੱਯਦ ਦੇ ਕੁਝ ਕਾਵਿ-ਸੰਗ੍ਰਹਿ ਪ੍ਰਾਪਤ ਹੋਏ ਸਨ। ਮਾਂ-ਬੋਲੀ ਦੇ ਐਡੀਟਰ ਮਕਸੂਦ ਸਾਕਿਬ ਤੇ ਪਰਚੇ ਦੇ ਮੁੱਖ ਪ੍ਰਬੰਧਕ ਮਨੀਰ ਉਲਦੀਨ ਚੋਣਵੀਆਂ ਪੁਸਤਕਾਂ ਨੂੰ ਸ਼ਾਹ ਮੁਖੀ ਅਥਵਾ ਉਰਦੂ ਲਿੱਪੀ ਵਿਚ ਛਾਪਣ ਦਾ ਪ੍ਰਸ਼ੰਸਾਯੋਗ ਉੱਦਮ ਕਰ ਰਹੇ ਹਨ ਇਹਨਾਂ ਦਿਨਾਂ ਵਿਚ ਇਹਨਾਂ ਸੱਜਣਾਂ ਨੇ ਪਾਸ਼ ਦੀ ਚੋਣਵੀਂ ਕਵਿਤਾ ਤੇ ਬਲਵੰਤ ਗਾਰਗੀ ਦਾ ਨਾਟਕ 'ਲੋਹਾ-ਕੁੱਟ' ਉਰਦੂ/ਫਾਰਸੀ ਲਿੱਪੀ ਵਿਚ ਪ੍ਰਕਾਸ਼ਤ ਕੀਤਾ ਹੈ।

ਸਾਨੂੰ ਡਾਕ ਰਾਹੀਂ ਪੰਜਾਬੀ ਯੂਨੀਵਰਸਟੀ ਲਾਹੌਰ ਦੇ ਪੰਜਾਬੀ ਵਿਭਾਗ ਦੇ ਮੁੱਖੀ ਡਾ: ਸ਼ਹਿਬਾਜ਼ ਮਲਕ ਦੀ ਸੰਪਾਦਨਾ ਅਧੀਨ ਛਾਪੀ ਜਾ ਰਹੀ ਖੋਜ-ਪੱਤ੍ਰਿਕਾ, "ਖੋਜ" ਦਾ ਵਿਸ਼ੇਸ਼ ਅੰਕ ਪ੍ਰਾਪਤ ਹੋਇਆ ਹੈ। 448 ਸਫਿਆਂ ਦੇ ਇਸ ਅੰਕ ਵਿਚ ਪਾਕਿਸਤਾਨ ਦੇ ਭੁੱਲੇ ਵਿਸਰੇ ਪੰਜਾਬੀ ਲੇਖਕਾਂ ਸਬੰਧੀ ਖੋਜ-ਭਰੇ ਲੇਖ ਛਾਪੇ ਗਏ ਹਨ। ਇਹ ਅੰਕ ਪੰਜਾਬੀ ਵਿਭਾਗ ਵੱਲੋਂ ਸਿਲਵਰ ਜੁਬਲੀ ਅੰਕ **(1970-1995)** ਦੇ ਰੂਪ ਵਿਚ ਛਾਪਿਆ ਗਿਆ ਹੈ। ਤੇ ਪੰਜਾਬੀ ਲੇਖਕਾਂ ਬਾਰੇ ਵਡਮੁੱਲੀ ਸਮੱਗਰੀ ਪੇਸ਼ ਕਰਦਾ ਹੈ।

ਏਸੇ ਹੀ ਲੜੀ ਅਧੀਨ ਸਾਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧਕਾਂ ਦੇ ਹੱਥ ਪ੍ਰਸਿੱਧ ਖੋਜੀ ਤੇ ਵਿਦਵਾਨ ਜਨਾਬ ਸਿਲਤੁਲ ਹਸਨ ਜ਼ੈਗਮ ਵੱਲੋਂ ਸੰਪਾਦਤ ਕੀਤਾ ਤੇ ਪੈਕੇਜਿਜ਼ ਲਿਮਟਿਡ ਲਾਹੌਰ ਵੱਲੋਂ ਬਹੁਤ ਹੀ ਸੁੰਦਰ ਰੂਪ ਵਿਚ ਛਾਪਿਆ ਗਿਆ ਕਿੱਸਾ ਸੈਫ਼ਲ-ਮਲੂਕ ਕ੍ਰਿਤ ਮੀਆਂ ਮੁਹੰਮਦ ਬਖ਼ਸ਼ (1830-1907) ਪ੍ਰਾਪਤ ਹੋਇਆ ਹੈ। ਇਸ ਪੁਸਤਕ ਦੇ ਆਕਾਰ, ਸੁੰਦਰ ਛਪਾਈ ਤੇ ਗੈਟ-ਅੱਪ ਦੀ ਸਿਫਤ ਤਾਂ ਕਰਨੀ ਬਣਦੀ ਹੈ, ਪਰ ਇਸ ਦੇ

ਸੰਪਾਦਕ ਜ਼ੈਗਮ ਸਾਹਿਬ ਨੇ ਮੀਆਂ ਮੁਹੰਮਦ ਬਖ਼ਸ਼ ਦੇ ਇਸ ਕਲਾਸਿਕ ਪੱਧਰ ਦੇ ਕਿੱਸੇ ਦੀਆਂ ਹੁਣ ਤੀਕ ਛਪੀਆਂ ਕੁੱਲ 47 ਦੇ ਕਰੀਬ ਛਪੀਆਂ ਐਡੀਸ਼ਨਾਂ ਨੂੰ ਇਕੱਤਰ ਕਰਕੇ ਵਿਚਾਰ ਅਧੀਨ ਲਿਆਂਦਾ ਹੈ ਤੇ ਕਿੱਸੇ ਦਾ ਸ਼ੁਧ ਪਾਠ ਤਿਆਰ ਕਰਨ ਦੇ ਨਾਲ ਨਾਲ ਲੰਮੇਰੀ ਭੂਮਿਕਾ ਰਾਹੀਂ ਕਈ ਨਵੇਂ ਨੁਕਤੇ ਉਜਾਗਰ ਕੀਤੇ ਹਨ। ਸਾਹਿਤ ਦੇ ਖੋਜੀਆਂ ਲਈ ਇਹ ਪੁਸਤਕ ਵਡਮੁੱਲੀ ਸਮੱਗਰੀ ਪ੍ਰਦਾਨ ਕਰਨ ਦੇ ਨਾਲ ਨਾਲ ਠੀਕ ਪਾਠ (Text) ਵੀ ਪੇਸ਼ ਕਰਦੀ ਹੈ। ਅਸੀਂ ਇਸ ਕਾਰਜ ਲਈ ਜ਼ੈਗਮ ਸਾਹਿਬ ਦੀ ਭਰਪੂਰ ਪ੍ਰਸ਼ੰਸਾ ਕਰਦੇ ਹਾਂ। ਇਸ ਗ੍ਰੰਥ ਦੀ ਕੀਮਤ 500/- ਹੈ ਤੇ ਇਹ ਵਧੀਆ ਕਾਗਜ਼ ਉੱਤੇ ਫੁੱਲਕਾਰੀ ਦੇ ਨਮੂਨੇ ਦੀ ਦੁਰੰਗੀ ਛਪਾਈ ਨਾਲ ਸਜਾਇਆ ਗਿਆ ਹੈ।

ਏਸੇ ਹੀ ਸਿਲਸਿਲੇ ਵਿਚ 'ਵਰ੍ਹੇਵਾਰ ਸਾਹਿਤ' ਦੇ ਸੰਪਾਦਕ ਜਨਾਬ ਇਲਿਆਸ ਘੁੰਮਣ ਵੱਲੋਂ ਡਾਕ ਰਾਹੀਂ ਚਾਰ ਸੌ ਰੁਪਏ ਖਰਚ ਕੇ ਭੇਜਿਆ ਵੱਡਾ ਗ੍ਰੰਥ ਪ੍ਰਾਪਤ ਹੋਇਆ ਹੈ। ਉਰਦੂ ਦੇ ਪ੍ਰਮੁੱਖ ਸਾਹਿਤ-ਰਿਸਾਲੇ 'ਨਕੂਸ਼' ਦੀ ਰਵਾਇਤ ਨੂੰ ਪੰਜਾਬੀ ਵਿਚ ਪ੍ਰਚਲਤ ਕਰਨ ਦਾ ਇਕ ਵੱਡਾ ਉਪਰਾਲਾ ਹੈ, ਜਿਸ ਵਿਚ ਦੇਸ਼-ਵਿਦੇਸ਼ ਦੇ **1995-96** ਵਿਚ ਰਚੇ ਗਏ ਪੰਜਾਬੀ ਸਾਹਿਤ ਨੂੰ ਉਰਦੂ ਲਿੱਪੀ ਵਿਚ ਛਾਪਿਆ ਗਿਆ ਹੈ। ਲੱਖਾਂ ਰੁਪਏ ਦੇ ਇਸ ਕਾਰਜ ਨੂੰ ਵਿੱਢਣ ਦਾ ਸਿਹਰਾ ਜਨਾਬ ਘੁੰਮਣ ਨੂੰ ਜਾਂਦਾ ਹੈ। ਇਹ ਗ੍ਰੰਥ ਵੇਖ ਮੈਨੂੰ ਕਾਫ਼ੀ ਸਾਲ ਪਹਿਲਾ ਚੇਤਨਾ ਦੇ ਸੰਪਾਦਕ ਐਸ. ਸਵਰਨ ਵੱਲੋਂ ਛਾਪੇ ਗਏ ਵੱਡ-ਆਕਾਰੀ ਗ੍ਰੰਥ ਦਾ ਚੇਤਾ ਆਉਂਦਾ ਹੈ। ਵਰ੍ਹੇਵਾਰ 'ਸਾਹਿਤ' ਦੀ ਆਰੰਭੀ ਗਈ ਏਸ ਲੜੀ ਨੂੰ ਜਾਰੀ ਰੱਖਣ ਦਾ ਦ੍ਰਿੜ੍ਹ ਸੰਕਲਪ ਲੈ ਕੇ ਤੁਰੇ ਨੌਜਵਾਨ ਗਲਪਕਾਰ ਇਲਿਆਸ ਘੁੰਮਣ ਦੇ ਏਸ ਉੱਦਮ ਦੀ ਭਰਪੂਰ ਸ਼ਲਾਘਾ ਕਰਨੀ ਬਣਦੀ ਹੈ। ਇਸ ਯਤਨ ਸਦਕਾ ਸਾਨੂੰ ਪਾਕਿਸਤਾਨ ਦੇ ਵਰਤਮਾਨ ਪੰਜਾਬੀ ਸਾਹਿਤ ਬਾਰੇ ਇਕ ਹਵਾਲਾ-ਯੋਗ ਗ੍ਰੰਥ ਦੀ ਪ੍ਰਾਪਤੀ ਹੋਈ ਹੈ।

ਰਿਸ਼ਤੇਦਾਰਾਂ ਨੂੰ ਮਿਲਣ ਗਏ ਸਾਡੇ ਗਵਾਂਢੀ ਪਿੰਡ ਮੀਨਾਰ ਦੇ ਵਸਨੀਕ ਨੌਜਵਾਨ ਲੇਖਕ ਸੋਢੀ ਸੁਲਤਾਨ ਦੇ ਹੱਥ ਸਾਨੂੰ ਦੋ ਪੁਸ਼ਤਕਾਂ ਪ੍ਰਾਪਤ ਹੋਈਆਂ ਹਨ। ਉੱਘੇ ਗਲਪਕਾਰ ਤੇ ਦਾਮਨ ਅਕਾਡਮੀ ਦੇ ਪ੍ਰਧਾਨ ਜਨਾਬ ਫਰਜ਼ੰਦ ਅਲੀ ਦਾ ਸੱਜਰਾ ਕਹਾਣੀ-ਸੰਗ੍ਰਹਿ, 'ਕੰਡ ਪਿੱਛੇ ਅੱਖਾਂ', ਜਿਸ ਵਿਚ 17 ਕਹਾਣੀਆਂ ਸ਼ਾਮਿਲ ਹਨ। 'ਕੰਡ ਪਿੱਛੇ ਅੱਖਾਂ', 'ਮੈਂ ਕੁੱਤਾ ਨਹੀਂ', 'ਮਾਂ ਦੀ ਚੁੱਪ' ਤੇ 'ਦਾਊ ਘੋੜੇ' ਕਹਾਣੀਆਂ ਵਿਸ਼ੇਸ਼ ਤੌਰ ਤੇ ਕਾਬਲੇ ਜ਼ਿਕਰ ਹਨ ਤੇ ਅਸੀਂ ਉਹਨਾਂ ਦੀ ਰਚਨਾ ਨੂੰ ਚਿਰਾਗ਼ ਦੇ ਅਗਲੇਰੇ ਅੰਕਾਂ ਵਿਚ ਯੋਗ ਥਾਂ ਦੇਣ ਦੀ ਕੋਸ਼ਿਸ਼ ਕਰਾਂਗੇ। ਫਰਜ਼ੰਦ ਅਲੀ ਦਾ ਨਾਵਲ 'ਭੁੱਬਲ' ਜੋ ਕਿ ਮੁੱਖ ਤੌਰ ਤੇ ਲੋਕ-ਕਵੀ ਉਸਤਾਦ-ਦਾਮਨ ਦੀ ਜ਼ਿੰਦਗੀ ਤੇ ਆਧਾਰਤ ਹੈ, ਏਧਰ ਸਾਡੇ ਦੇਸ਼ ਵਿਚ ਗੁਰਮੁਖੀ ਲਿੱਪੀ ਵਿਚ ਛਪਕੇ ਚੰਗਾ ਨਾਮਣਾ ਖੱਟ ਰਿਹਾ ਹੈ।

ਦਾਊਦ ਕਾਲਜ ਆਫ ਇੰਜਨੀਅਰਿੰਗ ਕਰਾਚੀ ਦੇ ਪੰਜਾਬੀ ਸਟੂਡੈਂਟਸ ਵੱਲੋਂ ਇਲਿਆਸ ਘੁੰਮਣ ਦੀ ਨਿਗਰਾਨੀ ਹੇਠ ਇਕ ਖ਼ੂਬਸੂਰਤ ਸੋਵੀਨਾਰ, 'ਸੋਹਣੀ ਧਰਤੀ' ਛਾਪਿਆ ਗਿਆ ਹੈ, ਜਿਸ ਵਿਚ ਇਲਿਆਸ ਘੁੰਮਣ, ਫਰਖੰਦਾ ਲੋਧੀ, ਜਮੀਦ ਅਹਿਮਦ ਪਾਲ, ਨਜ਼ੀਰ ਕਹੋਟ ਹੋਰਾਂ ਦੀਆਂ ਸੱਜਰੀਆਂ ਕਹਾਣੀਆਂ ਤੇ ਵਿਦਿਆਰਥੀਆਂ ਦੀਆਂ ਨਵੀਆਂ ਰਚਨਾਵਾਂ ਤੋਂ ਬਿਨਾਂ ਦੋਹਾਂ ਪੰਜਾਬਾਂ ਦੇ, ਪੰਜਾਬੀ ਕਵੀਆਂ ਦੀ ਕਲਮ ਤੋਂ ਅੱਜ ਤੀਕ ਪੰਜਾਬੀ ਜ਼ਬਾਨ ਬਾਰੇ ਲਿਖੀਆਂ ਗਈਆਂ ਕਾਵਿ-ਟੁਕਾਂ ਸ਼ਾਮਿਲ ਕਰਕੇ ਇਸ ਨਿਸ਼ਾਨੀ ਨੂੰ ਸਾਹਿਤਕ ਦਸਤਾਵੇਜ਼ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਅੰਮ੍ਰਿਤਸਰ ਦੇ ਜੰਮਪਲ ਜਨਾਬ ਅਸਗਰ ਅੰਬਰਸਰੀ ਦੀ ਕਿਤਾਬ 'ਟੂਣੇ ਟੋਟਕਿਆਂ ਦਾ ਸਾਇੰਸੀ ਵੇਰਵਾ' ਇਕ ਵੱਖਰੀ ਭਾਂਤ ਦੀ ਕਿਤਾਬ ਹੈ, ਜਿਸ ਵਿਚ ਪੰਜਾਬ ਵਿਚ ਸਦੀਆਂ ਤੋਂ ਵਰਤੇ ਜਾਂਦੇ ਟੂਣੇ ਟੋਟਕਿਆਂ ਦਾਂ ਵਿਗਿਆਨਕ ਆਧਾਰ ਲੱਭਣ ਦਾ ਸੁਚੱਜਾ ਯਤਨ ਕੀਤਾ ਹੈ। ਇਹ ਕਿਤਾਬ ਬੜੇ ਸਰਲ ਤੇ ਦਿਲਚਸਪ ਢੰਗ ਨਾਲ ਲਿਖੀ ਗਈ ਹੈ ਤੇ ਬੱਚਿਆਂ ਵਿਚ ਖਾਸ ਤੌਰ ਤੇ ਵਿਗਿਆਨਕ ਸਮਝ ਪੈਦਾ ਕਰਨ ਵਿਚ ਸਹਾਈ ਹੋ ਸਕਦੀ ਹੈ। ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਨੂੰ ਅਜਿਹਾ ਸਾਹਿਤ ਗੁਰਮੁਖੀ ਵਿਚ ਲਿੱਪੀ-ਅੰਤਰਣ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ।

"ਤਿਮਾਹੀ" ਪਰਚੇ ਦੇ ਸੰਪਾਦਕ ਜਨਾਬ ਖਾਲਦ ਸ਼ੇਖ਼ ਹੋਰਾਂ ਬਹਾਵਲ ਨਗਰ ਦੇ ਉੱਘੇ ਮਾਰਕਸਵਾਦੀ ਚਿੰਤਕ, ਰਸ਼ੀਲ ਉਲ-ਜ਼ਮਾਂ ਦੀ ਪੁਸਤਕ 'ਨਿਰਵਾਰ' ਲੱਭ ਕੇ ਭੇਜੀ ਹੈ। ਪੜ੍ਹ ਕੇ ਸਾਨੂੰ ਹੈਰਾਨੀ ਵੀ ਹੋਈ ਤੇ ਖੁਸ਼ੀ ਵੀ ਕਿ ਵਾਘ੍ਹਾ ਪਾਰ ਵਿਚ ਅਜੇਹਾ ਦਾਨਸ਼ਵਰ ਮੌਜੂਦ ਹੈ ਜਿਸ ਨੇ ਆਰਟ, ਫਿਲਾਸਫੀ ਤੇ ਅਦਬ ਬਾਰੇ ਗੰਭੀਰ ਭਾਂਤ ਦੀ ਪੁਸਤਕ ਲਿਖੀ ਹੈ। ਇਸ ਦੇ ਕਾਂਡਾਂ ਦੇ ਨਾਂ ਏਧਰ ਦੇ ਪੰਜਾਬੀ ਚਿੰਤਕਾਂ ਤੇ ਆਲੋਚਕਾਂ ਲਈ ਦਿਲਚਸਪੀ ਦਾ ਕਾਰਨ ਬਣਨਗੇ। (1) ਮਾਰਕਸ, ਮਾਰਕਸੀ ਤੇ ਗ਼ੈਰ-ਮਾਰਕਸੀ, (2) ਕੁਝ ਫਰਾਈਡ ਦੀ ਲੱਫਾਜ਼ੀ ਬਾਰੇ। (3) ਮਾਰਕਸ, ਫਰਾਈਡ ਤੇ ਮਾਰਕੂਊਜ਼, ਇਨਕਲਾਬ ਦੀ ਇਕ ਨਵੀਂ ਤਿਕੋਨ, (4) ਮੁਆਸ਼ੀ ਤੇ ਰਹਿਤਲੀ ਇਨਕਲਾਬ ਦੀ ਜੁੜਤ, (5) ਆਰਟ ਤੇ ਆਈਡੀਆਲੋਜੀ। ਇਹ ਪੁਸਤਕ ਬਹਾਵਲ ਨਗਰ ਤੋਂ 1978 ਵਿਚ ਪ੍ਰਕਾਸ਼ਤ ਹੋਈ ਸੀ। ਅਜੇਹੀਆਂ ਦਾਰਸ਼ਨਕ ਭਾਂਤ ਦੀਆਂ ਪੁਸਤਕਾਂ ਅਵੱਸ਼ ਹੀ ਗੁਰਮੁਖੀ ਲਿਪੀ ਵਿਚ ਰੁਪਾਂਤਰਤ ਹੋਣੀਆਂ ਚਾਹੀਦੀਆਂ ਹਨ। ਆਸ ਹੈ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਰਬਰਾਹ ਇਸ ਪਾਸੇ ਵੀ ਧਿਆਨ ਦੇਣਗੇ।

ਏਸ ਸਾਲ ਯਾਤਰਾ ਤੇ ਗਏ ਪੱਤਰਕਾਰ ਮਿੱਤਰ ਸ੍ਰੀ ਹਰਬੀਰ ਭੰਵਰ ਦੇ ਹੱਥੀਂ ਦੋ ਕਾਵਿ-ਸੰਗ੍ਰਹਿ ਪ੍ਰਾਪਤ ਹੋਏ ਹਨ 'ਅੰਗ ਤਰੇੜਾਂ ਪਈਆਂ' ਦੇ ਲੇਖਕ ਇਕਬਾਲ ਕੈਸਰ ਨੇ ਤੇ 'ਬਰਫਾਂ ਹੇਠ ਤੰਦੂਰ' ਦੇ ਲੇਖਕ ਜਨਾਬ 'ਤਜੱਮਲ ਕਲੀਮ' ਹਨ। ਦੋਵੇਂ ਸ਼ਾਇਰ ਨਵੇਂ ਹਨ ਤੇ ਚੰਗਾ ਲਿਖਣ ਵਾਲੇ ਹਨ। ਇਕਬਾਲ ਕੈਸਰ, ਇਲਿਆਸ ਘੁੰਮਣ ਦੇ ਸਹਿਯੋਗੀ ਤੇ ਮਿੱਤਰ ਹਨ, ਤੇ ਪੰਜਾਬੀ ਜ਼ੁਬਾਨ ਨੂੰ ਤਾਲੀਮ ਦਾ ਜ਼ਰੀਆ ਬਣਾਉਣ ਲਈ ਚੱਲ ਰਹੇ ਅੰਦੋਲਨ ਵਿਚ ਵੀ ਸਰਗਰਮ ਰਹਿੰਦੇ ਹਨ। ਨਜ਼ਮਾਂ ਦੇ ਇਸ ਮਜਮੂਏ ਵਿਚੋਂ ਆਧੁਨਿਕ ਸ਼ਾਇਰੀ ਦੇ ਨਕਸ਼ ਉਘੜਦੇ ਹਨ। ਤੇ ਸ਼ਾਇਰ ਆਪਣੇ ਸੂਫੀ ਸਾਹਿਤ ਦੇ ਵਿਰਸੇ ਤੋਂ ਪ੍ਰਭਾਵਤ ਹੋ ਕੇ ਨਜ਼ਮ ਕਹਿੰਦਾ ਹੈ ਤੇ ਆਜ਼ਾਦ ਨਜ਼ਮ ਵਿਚ ਵੀ ਲੈ ਤਾਲ ਨੂੰ ਕਾਇਮ ਰੱਖਦਾ ਹੋਇਆ ਗੱਲ ਕਰਦਾ ਹੈ। 'ਬਰਫਾਂ ਹੇਠ ਤੰਦੂਰ' ਸੰਗ੍ਰਹਿ ਵਿਚ ਨਿਰੋਲ ਗ਼ਜ਼ਲਾਂ ਹਨ। ਇਹ ਕਵੀ ਦੀ ਪਹਿਲੀ ਪੁਸਤਕ ਪ੍ਰਤੀਤ ਹੁੰਦੀ ਹੈ। ਤਜੱਮਲ ਨੂੰ ਸ਼ਿਅਰ ਕਹਿਣਾ ਆਉਂਦਾ ਹੈ। ਪਰ ਰਵਾਇਤੀ ਭਾਂਤ ਦੀ ਤੁਕਬੰਦੀ ਤੋਂ ਬਚਣ ਦੀ ਲੋੜ ਹੈ ਤੇ ਲੋਕ-ਜੀਵਨ ਦੀਆਂ ਦੁਸ਼ਵਾਰੀਆਂ, ਸੁਪਨੇ, ਤਾਂਘਾਂ ਤੇ ਜਦੋ-ਜਹਿਦਾਂ ਨੂੰ ਸ਼ਿਅਰਾਂ ਵਿਚ ਬੰਨ੍ਹਣ ਨਾਲ ਕਵਿਤਾ ਜਨ-ਜੀਵਨ ਨਾਲ ਵੀ ਜੁੜੇਗੀ ਤੇ ਪ੍ਰਵਾਨ ਵੀ ਚੜ੍ਹੇਗੀ। ਪਾਕਿਸਤਾਨ ਦੀ ਪੰਜਾਬੀ ਸ਼ਾਇਰੀ ਚੋਂ ਉਥੋਂ ਦੀ ਸਮਾਜੀ, ਸਿਆਸੀ ਜ਼ਿੰਦਗੀ ਦੀ ਅਫਰਾ-ਤਫਰੀ ਗਾਇਬ ਨਹੀਂ, ਸਗੋਂ ਭਰਪੂਰ ਰੂਪ ਵਿਚ ਪ੍ਰਗਟ ਹੋਣੀ ਚਾਹੀਦੀ ਹੈ।

ਮੈਂ ਆਸ ਕਰਦਾ ਹਾਂ ਕਿ ਪੁਸਤਕਾਂ ਦੇ ਅਦਾਨ-ਪ੍ਰਦਾਨ ਦਾ ਇਹ ਸਿਲਸਿਲਾ ਜਾਰੀ ਰਹੇਗਾ ਤੇ ਹੋਰ ਵੀ ਵਧੇ ਫੁੱਲੇਗਾ।

—ਹਰਭਜਨ ਸਿੰਘ ਹੁੰਦਲ

ਰਾਜਨੀਤਕ ਵਿਦਰੋਹ ਦਾ ਪ੍ਰਤੀਰੂਪ—'ਬੂੰਦ-ਬੂੰਦ ਬਰਸਾਤ'

ਰਮਨ ਦੀ ਕਾਵਿ-ਪੁਸਤਕ 'ਬੂੰਦ-ਬੂੰਦ ਬਰਸਾਤ' ਦਾ ਆਗਮਨ ਇਸ ਧਾਰਨਾ ਦੀ ਪੁਸ਼ਟੀ ਕਰਦਾ ਹੈ ਕਿ ਪੰਜਾਬ ਸੰਕਟ ਦੁਆਰਾ ਆਪਣੀ ਸਿਰਜਣਾਤਮਕ ਥੀਮਕ ਸਮਰੱਥਾ ਹੰਢਾ ਲੈਣ ਉਪਰੰਤ, ਪੰਜਾਬੀ ਕਵਿਤਾ ਮਾਨਵੀ ਰਿਸ਼ਤਿਆਂ ਦੇ ਅਸੀਮ ਸੰਸਾਰ ਨੂੰ ਗਾਹੁਣ ਨਿਕਲ ਪਈ ਹੈ। ਰਾਜਸੀ ਦ੍ਰਿਸ਼ ਉੱਪਰ ਕਿਸੇ ਸਪੱਸ਼ਟ ਹਿਲਜੁਲ ਦੀ ਗੈਰ-ਮੌਜੂਦਗੀ ਵਿਚ ਸ਼ਾਇਰ, ਸੰਵੇਦਨਾ ਦੀ ਪੱਧਰ ਉੱਤੇ ਵਧੇਰੇ ਸਹਿਜ ਹੈ, ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਲੱਗੇ ਹਨ। ਥੀਮਕ ਪੱਧਰ ਉੱਤੇ ਇਹ ਪਰਿਵਰਤਨ ਕਵਿਤਾ ਦੇ ਰੂਪ ਨੂੰ ਵੀ ਪ੍ਰਭਾਵਿਤ ਕਰਨ ਲੱਗਾ ਹੈ ਤੇ ਸ਼ਾਇਰ ਆਪਣੇ ਥੀਮ ਦੇ ਅਨੁਸਾਰੀ ਨਵੇਂ ਕਾਵਿ-ਮੁਹਾਵਰੇ ਦੀ ਸਿਰਜਣਾ ਲਈ ਯਤਨਸ਼ੀਲ ਹੈ, ਪਿਛਲੇ ਦੋ ਦਹਾਕਿਆਂ ਦੌਰਾਨ ਛਾਏ ਰਹੇ ਜੁਝਾਰ ਵਿਦਰੋਹੀ ਕਾਵਿ-ਮੁਹਾਵਰੇ ਨੂੰ ਤਿਲਾਂਜਲੀ ਦੇਣ ਲੱਗ ਪਏ ਹਨ।

ਰਮਨ ਆਪਣੀ ਪਹਿਲੀ ਕਾਵਿ-ਪੁਸਤਕ 'ਮੋਰਚੇ ਤੋਂ ਬਾਹਰ' ਨਾਲ ਇਕ ਵਿਦਰੋਹੀ ਸੁਰ ਵਾਲੇ ਸ਼ਾਇਰ ਵਜੋਂ ਉਭਰਿਆ ਸੀ। 'ਬੂੰਦ-ਬੂੰਦ ਬਰਸਾਤ' ਵਿਚ ਉਸ ਨੇ ਸਮਾਜਿਕ ਤੇ ਸੱਭਿਆਚਾਰਕ ਪਰਿਪੇਖ ਵਿਚ ਰਾਜਨੀਤਕ ਵਿਦਰੋਹ ਦੇ ਪ੍ਰਤੀਰੂਪ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਇਹ ਪ੍ਰਤੀਰੂਪ ਮਾਨਵੀ ਰਿਸ਼ਤਿਆਂ ਦੇ ਸੰਬੰਧ ਵਿਚ ਪ੍ਰਤੀਕੂਲ ਪ੍ਰਸਥਿਤੀਆਂ ਤੇ ਵਿਅਕਤੀਗਤ ਇੱਛਾਵਾਂ ਦਰਮਿਆਨ ਤਨਾਉ ਦੇ ਰੂਪ ਵਿਚ ਵੀ ਅਭਿਵਿਅਕਤ ਹੁੰਦੇ ਹਨ ਅਤੇ ਮਾਨਵੀ ਸੰਵੇਦਨਾਵਾਂ ਤੇ ਸੂਖਮਤਾਵਾਂ ਦੇ ਦੁਸ਼ਮਣ, ਸਭ ਕੁਝ ਖੰਡਿਤ ਕਰ ਦੇਣ ਦੇ ਨਿਹਿਤ ਸੁਭਾਅ ਵਾਲੇ, ਇਸ ਪ੍ਰਬੰਧ ਵਿਚ ਮਾਨਵੀ ਰਿਸ਼ਤਿਆਂ ਦੀ ਪੱਧਰ ਉੱਤੇ ਇਕਸੁਰਤਾ ਤੇ ਸੁਹਿਰਦਤਾ ਦੇ ਅਨੁਭਵ ਰਾਹੀਂ ਵੀ ਪੇਸ਼ ਹੁੰਦੇ ਹਨ। ਪ੍ਰਤੀਕੂਲ ਪ੍ਰਸਥਿਤੀਆਂ ਕਾਰਨ ਹੀ

ਤੂੰ ਹਾਰ ਗਈ
ਗਿੱਧਾ ਵੀ ਹਾਰ ਗਿਆ
ਤੇ
ਉਸ ਦਾ ਚਿਹਰਾ ਚੁੱਪ ਬਣ ਗਿਆ
ਸੰਘਣੀ ਗਹਿਰੀ ਧੁੰਦ ਹੋ ਗਿਆ

ਪ੍ਰਬੰਧ ਦੀ ਵਿਕਰਾਲਤਾ ਕਾਰਨ ਹੀ :

ਮੇਰਾ ਸ਼ੋਰ ਸੰਵਾਦ ਨਹੀਂ ਬਣ ਸਕਣਾ
ਕਿਉਂਕਿ
ਜ਼ਿੰਦਗੀ ਗਹਿਰਾਈਆਂ ਖਾਮੋਸ਼ੀਆਂ ਨਾਲ
ਕਰਵਾ ਰਹੀ ਹੈ
ਰੂਬਰੂ ਮੇਰਾ

ਪੰਜੂ 'ਅਭਾਵ', 'ਅਸਚਰਜ', 'ਬੂੰਦ-ਬੂੰਦ ਬਰਸਾਤ', 'ਮੈਂ ਸਮੁੰਦਰ ਹੋਣਾ ਨਹੀਂ ਚਾਹੁੰਦਾ'

ਆਦਿ ਕਵਿਤਾਵਾਂ ਤੇ ਕੁਝ ਸ਼ੇਅਰਾਂ ਵਿਚ ਮਾਨਵੀ ਰਿਸ਼ਤਿਆਂ ਦੀ ਪ੍ਰਭਾਵਕਤਾ, ਪ੍ਰਬੰਧ ਦੀ ਉਪਜ ਦਰਦ ਤੇ ਉਦਾਸੀ ਨੂੰ ਉਲੰਘਣ ਦਾ ਸਾਧਨ ਬਣਦੀ ਹੈ। ਸੰਵੇਦਨਾ ਦੀ ਪੱਧਰ ਉੱਤੇ ਮਾਨਵੀ ਰਿਸ਼ਤਿਆਂ ਦੀ ਇਕਸੁਰਤਾ, ਕਰਤਾ ਤੇ ਕਰਮ ਦੁਆਰਾ ਥਾਵਾਂ ਵਟਾ ਲੈਣ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ 'ਮੇਰੇ ਲਈ ਨਹੀਂ' ਦੇ ਅਪਵਾਦ ਨੂੰ ਛੱਡ ਕੇ ਕਿਤੇ ਵੀ ਇਹ ਕਾਰਜ ਭਾਂਜਵਾਦੀ ਨਹੀਂ ਬਣਦਾ ਸਗੋਂ ਨਿੱਜ ਦੀ ਪੱਧਰ ਉੱਤੇ ਜ਼ਿੰਦਗੀ ਨੂੰ ਖੰਡਿਤ ਹੋਣ ਤੋਂ ਬਚਾਉਣ ਦੀ ਇੱਛਾ ਦੇ ਪ੍ਰਗਟਾਉ ਵਜੋਂ ਹੀ ਸਾਹਮਣੇ ਆਉਂਦਾ ਹੈ। ਇੱਥੋਂ ਤੱਕ ਕਿ 'ਉਖੜਿਆ ਸੰਵਾਦ' ਸਿਰਲੇਖ ਵਾਲੀਆਂ ਚਾਰ ਕਵਿਤਾਵਾਂ ਵਿਚ ਵੀ ਸੰਵਾਦ ਕਿਤੇ ਨਹੀਂ ਉੱਖੜਦਾ ਤੇ ਸ਼ਾਇਰ ਸੱਚ-ਸੁਪਨੇ ਤੇ ਸੁਹਜ ਦੇ ਛਿਣ ਭੰਗਰਤਾ ਵਾਲੇ ਸੁਭਾਅ ਬਾਰੇ ਗੱਲ ਕਰਦਾ ਪਰੰਪਰਕ ਰੁਮਾਂਟਿਕਤਾ ਤੋਂ ਪਾਰ ਜਾਂ ਕਿਸੇ ਨਵੇਂ ਸੰਬੋਧਨ ਦੀ ਤਲਾਸ਼ ਕਰਦਾ ਨਜ਼ਰ ਆਉਂਦਾ ਹੈ।

'ਬੂੰਦ-ਬੂੰਦ ਬਰਸਾਤ' ਵਿਚ ਰਮਨ ਵਿਦਰੋਹ ਦੇ ਜਜ਼ਬੇ ਨੂੰ ਪੇਸ਼ ਕਰਨ ਲਈ ਵਿਆਕਰਣਕ ਵਾਕ ਬਣਤਰ ਉਲਟਟਾਉਂਦਾ ਨਹੀਂ, ਸਗੋਂ ਢੁਕਵੇਂ ਸ਼ਬਦਾਂ ਤੇ ਸਤਰਾਂ ਦੀ ਖਾਸ ਲੰਬਾਈ ਰਾਹੀਂ ਲੈਅ-ਤਾਲ ਉਪਜਾਉਣ ਦੀ ਕੋਸ਼ਿਸ਼ ਕਰਦਾ, ਕੁਝ ਥਾਵਾਂ ਉੱਤੇ ਤੁਕਾਂਤ-ਮੇਲ ਦਾ ਵੀ ਆਸਰਾ ਲੈਂਦਾ ਹੈ। ਉਂਝ ਬਾਹਰਮੁਖੀ ਅਨੁਭਵ ਵਾਲੀਆਂ ਕਵਿਤਾਵਾਂ 'ਕੁਝ ਨਹੀਂ ਕਿਹਾ ਤੂੰ', 'ਇਤਿਹਾਸ', 'ਅਣਕਿਹਾ' ਆਦਿ ਵਿਚ ਉਹ ਰੂਪਕ ਪੱਖੋਂ ਵਧੇਰੇ ਸਫਲ ਹੈ।

ਇਸ ਪੁਸਤਕ ਵਿਚ ਨਜ਼ਮਾਂ ਤੋਂ ਇਲਾਵਾ 11 ਗ਼ਜ਼ਲਾਂ ਵੀ ਸ਼ਾਮਿਲ ਹਨ ਤੇ ਨਜ਼ਮਾਂ ਵਾਲੇ ਹੀ ਸਭ ਗੁਣਾਂ-ਔਗੁਣਾਂ ਦੀਆਂ ਧਾਰਨੀ ਹਨ।

—ਹਰਵਿੰਦਰ ਭੰਡਾਲ

—116, ਮਾਡਲ ਟਾਊਨ, ਕਪੂਰਥਲਾ।

ਮਨੁੱਖ ਹੋਣ ਦੇ ਅਹਿਸਾਸ ਵੱਲ ਪ੍ਰੇਰਦੀਆਂ ਕਹਾਣੀਆਂ

ਇਕ ਸੱਚ ਮੇਰਾ ਵੀ/(ਹਰਜੀਤ ਅਟਵਾਲ)

ਹੱਥਲੇ ਕਹਾਣੀ ਸੰਗ੍ਰਹਿ ਦੇ ਪਾਠ ਉਪਰੰਤ ਜੋ ਗੱਲ ਮੁੱਖ ਤੌਰ 'ਤੇ ਉਜਾਗਰ ਹੁੰਦੀ ਹੈ ਉਨ੍ਹਾਂ ਪ੍ਰਵਾਸੀ ਭਾਰਤੀਆਂ (ਸਮੇਤ ਪਾਕਿਸਤਾਨ, ਬੰਗਲਾ ਦੇਸ਼ ਆਦਿ ਜੋ ਕਿ ਬਸਤੀਵਾਦੀ ਮੁਲਕਾਂ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ 'ਚ ਜਾ ਵਸੇ ਹਨ, ਦੀ ਅਜਿਹੀ ਦਸ਼ਾ ਹੈ ਕਿ ਉਹ ਬਯਕ-ਵਕਤ ਆਰਥਿਕ, ਮਾਨਸਿਕ, ਸਭਿਆਚਾਰਕ ਮਸਲਿਆਂ ਵਿਚ ਉਲਝੇ ਹੋਏ ਹਨ। ਪ੍ਰਵਾਸ ਕਰਨ ਦਾ ਜੋ ਕਾਰਨ ਉੱਭਰਦਾ ਹੈ ਉਹ ਸਪੱਸ਼ਟ ਰੂਪ ਵਿਚ ਸਾਡਾ ਅਜਿਹਾ ਆਰਥਿਕ ਢਾਂਚਾ ਹੈ—ਜੋ ਇਸ ਕਦਰ ਗੜਬੜਾਇਆ ਹੋਇਆ ਹੈ ਜਾ ਗੜਬੜਾ ਦਿੱਤਾ ਗਿਆ ਹੈ—ਕਿ ਆਰਥਿਕ ਨੀਤੀਆਂ ਦਾ ਲਾਭ ਕੁਝ ਗਿਣੇ ਚੁਣੇ ਘਰਾਣੇ ਹੀ ਉਠਾ ਰਹੇ ਹਨ। ਫਲਸਰੂਪ ਮੁਲਕ ਵਿਚ ਇਕ ਅਜਿਹੀ ਵਰਗ ਵੰਡ ਹੋ ਗਈ ਹੈ ਜੋ ਇਕ ਤਰ੍ਹਾਂ ਨਾਲ 'ਸਰਵਹਾਰਾ' ਅਤੇ ਸਰਵਭਖ਼ਸ਼ੀ' ਦੀ ਸੰਖਿਆ ਨਾਲ ਆਂਕੀ ਜਾ ਸਕਦੀ ਹੈ। ਆਮ ਮਨੁੱਖ ਜੋ ਆਪਣੀ ਰੋਟੀ/ਰੋਜ਼ੀ ਲਈ ਤੇ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਲਈ ਆਤੁਰ ਦਿਸਦਾ ਹੈ ਬੇਰੁਜ਼ਗਾਰੀ ਨੂੰ ਮੋਢਿਆਂ ਤੇ ਚੁੱਕੀ, ਜਲਦੀ ਅਮੀਰ ਬਣ ਜਾਣ ਦੇ ਸੁਪਨੇ ਸੰਜੋ ਕੇ, ਕਿਸੇ ਹੀਲੇ ਵੀ ਵਿਦੇਸ਼ ਜਾ ਕੇ ਧਨ ਕਮਾਉਣ ਦੀ ਲਾਲਸਾ ਨਾਲ ਲੈਸ ਹੋ ਕੇ, ਇਨ੍ਹਾਂ ਮੁਲਕਾਂ ਵਿਚ ਅੱਪੜਦਾ ਹੈ। ਪਰਵਾਸ ਵਿਚ ਆਪਣੇ ਦੇਸੀ ਸਭਿਆਚਾਰ ਦੇ ਮੁਕਾਬਲਨ ਯੂਰਪੀਅਨ ਸਭਿਆਚਾਰ ਦੇ ਟਕਰਾਉ 'ਚ ਨਵੀਆਂ ਸਮੱਸਿਆਵਾਂ ਨਾਲ ਉਸਨੂੰ ਜੂਝਣਾ ਪੈਂਦਾ ਹੈ। ਨਤੀਜਨ ਉਹ ਜਿਸ ਉਪ-ਨਿਵੇਸ਼ੀ ਗੁਲਾਮੀ ਦੇ ਛੁਟਕਾਰੇ ਉਪਰੰਤ ਅਜ਼ਾਦ ਹੋਣ ਦਾ ਭਰਮ ਪਾਲ

ਰਿਹਾ ਸੀ, ਫਿਰ ਉਸੇ ਗੁਲਾਮੀ ਦੀਆਂ ਜੰਜੀਰਾਂ 'ਚ ਜਕੜੇ ਹੋਣ ਉਪਰੰਤ ਵੀ ਅਜ਼ਾਦ ਹੋਣ ਦਾ ਇਕ ਨਵਾਂ ਭਰਮ ਪਾਲਦਾ ਰਹਿੰਦਾ ਹੈ।

ਹਰਜੀਤ ਅਟਵਾਲ ਦੀਆਂ ਇਸ ਸੰਗ੍ਰਹਿ 'ਚ ਸੰਕਲਿਤ ਕਹਾਣੀਆਂ ਭ੍ਰੂ-ਹੇਰਵੇ ਦੇ ਪ੍ਰਚਲਿਤ ਵੇਰਵੇ ਤੋਂ ਭਾਵੇਂ ਸਿੱਧੇ ਰੂਪ ਵਿਚ ਮੁਕਤ ਪ੍ਰਤੀਤ ਹੁੰਦੀਆਂ ਹਨ ਪਰ ਭ੍ਰੂ-ਹੇਰਵਾ ਪਾਤਰਾਂ ਦੇ ਜ਼ਿਹਨ ਤੇ ਮਹੀਨ ਰੂਪ ਵਿਚ ਅੰਕਿਤ ਹੈ। ਕਿਤੇ ਇਹ ਪਿੱਛੇ ਰਹਿ ਗਏ ਮੁਹੱਬਤੀ ਪਲਾਂ 'ਚ ਜੁੜਿਆ ਦਿਸਦਾ ਹੈ, ਕਿਤੇ ਉਸਤਾਦ ਰਹਿ ਗਏ ਪਾਤਰਾਂ ਦੀਆਂ ਮਨ 'ਤੇ ਅੰਕਿਤ ਸਿਖਿਦਾਇਕ ਟਿੱਪਣੀਆਂ 'ਚ ਨਿਹਿਤ ਹੈ।

ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦੇ ਵੇਰਵੇ-ਵਿਹਾਰ ਨੂੰ ਆਰਥਿਕ ਹਾਲਤਾਂ ਕੰਟਰੋਲ ਕਰਦੀਆਂ ਵਿਖਾਈ ਦਿੰਦੀਆਂ ਹਨ। ਰਿਸ਼ਤਿਆਂ ਦੇ ਨਵੇਂ ਆਯਾਮ ਉੱਭਰਦੇ ਹਨ। ਮਨੁੱਖਤਾ ਵਸਤ 'ਚ ਕਿਵੇਂ ਤਬਦੀਲ ਹੋ ਰਹੀ ਦਾ ਆਭਾਸ ਪਾਠਕ ਨੂੰ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ। ਕਹਾਣੀਕਾਰ ਆਪਣੀ ਗੱਲ ਨੂੰ ਕਹਿਣ ਲਈ ਕਹਾਣੀਆਂ ਦੇ ਨਾਮਕਰਣ ਚਿਹਨਕ ਸ਼ਬਦਾਵਲੀ 'ਚ ਕਰਦਾ ਹੈ। ਇਹਨਾਂ ਚਿਹਨਕਾਂ ਦੀ ਪਛਾਣ 'ਚੋਂ ਹੀ ਉਸਦੀ ਕਹਾਣੀ ਦੀ ਪਛਾਣ ਲੱਭੀ ਜਾ ਸਕਦੀ ਹੈ।

ਔਰਤ ਦੀ ਅਜ਼ਾਦੀ ਦੀ ਗੱਲ ਭਾਵੇਂ ਕਿ ਅਜੋਕੇ ਸਮੇਂ ਵਿਚ ਐਨੀ ਵਧ ਚੜ੍ਹ ਕੇ ਕੀਤੀ ਜਾ ਰਹੀ ਹੈ ਕਿ ਇਹ ਵੀ ਇਕ ਫ਼ੈਸ਼ਨ ਦਾ ਰੂਪ ਹੀ ਧਾਰਨ ਕਰ ਚੁੱਕੀ ਹੈ। ਪਰੰਤੂ ਅੱਜ ਵੀ ਕਿਵੇਂ ਔਰਤ 'ਤੇ ਮਾਨਸਿਕ, ਸਰੀਰਕ ਤਸ਼ੱਦਦ ਹੀ ਨਹੀਂ ਹੋ ਰਿਹਾ ਸਗੋਂ ਉਸਨੂੰ ਮੰਡੀ ਦੀ ਇਕ ਵਸਤ ਵਾਂਗ ਵਿਹਾਰ 'ਚ ਲਿਆਂਦਾ ਜਾ ਰਿਹਾ ਹੈ। ਇਹ ਵੀ ਕਿਸੇ ਬਾਹਰਲੇ ਵੱਲੋਂ ਨਹੀਂ ਬਲਕਿ ਉਸਦੇ ਆਪਣੇ (ਮਾਂ/ਪਿਉ/ਪਤੀ/ਭਰਾ ਆਦਿ) ਕਿਵੇਂ ਉਸਦਾ ਸ਼ੋਸ਼ਣ ਆਪਣੇ ਜਾਤੀ ਹਿੱਤਾਂ ਲਈ ਕਰਦੇ ਹਨ ਦੀ ਮਿਸਾਲ ਅਟਵਾਲ ਦੀਆਂ ਕਹਾਣੀਆਂ 'ਪੌੜੀ', 'ਮੱਛੀਆਂ', 'ਰਾਵਣ', 'ਉਡੀਕ ਦੇ ਆਰ-ਪਾਰ', 'ਜਿੰਨ', 'ਬੋਝ', 'ਬੁੱਲਬੁਲ' ਆਦਿ ਵਿਚ ਵੇਖੀ ਜਾ ਸਕਦੀ ਹੈ। ਇਉਂ ਪ੍ਰਤੀਤ ਹੋਣ ਲਗਦਾ ਹੈ ਕਿ ਜਗੀਰਦਾਰੀ ਪ੍ਰਬੰਧ ਤੋਂ ਬਾਹਰੋਂ ਤਾਂ ਭਾਵੇਂ ਸਾਨੂੰ ਮੁਕਤੀ ਮਿਲ ਗਈ ਹੈ ਪਰ ਇਹ ਸਾਡੇ ਖ਼ੂਨ 'ਚ ਸੰਚਾਰਿਆ ਹੈ। ਵਿਡੰਬਨਾ ਇਹ ਹੈ ਕਿ ਜਿਸ ਔਰਤ ਨੂੰ ਮਰਦ ਆਪਣੀ ਖ਼ੁਸ਼ਹਾਲੀ ਲਈ 'ਪੌੜੀ' ਦੇ ਰੂਪ ਵਿਚ ਵਰਤਦਾ ਹੈ ਉਹ ਵੀ ਸਮਾਂ ਪੈਣ 'ਤੇ ਮਰਦ ਨੂੰ ਵਿਦੇਸ਼ੀ ਜ਼ਿੰਦਗੀ 'ਚ ਸੈੱਟ ਹੋਣ ਲਈ ਪੌੜੀ ਵਜੋਂ ਵਰਤਣ ਲਈ ਰੁਚਿਤ ਵਿਖਾਈ ਦਿੰਦੀ ਹੈ। ਫ਼ਲਸਵਰੂਪ ਰਿਸ਼ਤਿਆਂ ਦਾ ਕੋਈ ਨਿੱਘ/ਆਭਾ ਨਹੀਂ ਦਿੱਸ ਰਹੀ ਸਗੋਂ ਦੂਜੇ ਨੂੰ ਵਰਤਣ' ਦੀ ਰੁੱਚੀ ਪ੍ਰਧਾਨ ਵਿਖਾਈ ਦਿੰਦੀ ਹੈ। ਅਜਿਹੇ ਮਨੁੱਖ ਨਜ਼ਰੀਂ ਪੈਂਦੇ ਹਨ ਜੋ ਅਹਿਸਾਸ ਦੇ ਹੁੰਦੇ ਹੋਏ ਵੀ ਅਹਿਸਾਸ-ਹੀਣ ਹਨ, ਜਾਨਦਾਰ ਹੁੰਦਿਆਂ ਵੀ ਨਿਰਜਿੰਦ ਵਿਖਾਈ ਦਿੰਦੇ ਹਨ। ਉਹਨਾਂ ਦਾ ਵਰਤਾਰਾ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਅਨੁਕੂਲ ਹੈ ਜਾਂ ਇਉਂ ਕਹਿ ਲਿਆ ਜਾਵੇ ਕਿ ਜਿਸ ਪਰਿਵੇਸ਼ ਵਿਚ ਉਹ ਰਹਿ ਰਹੇ ਹਨ—ਉਹਨਾਂ ਪ੍ਰਸਥਿਤੀਆਂ ਵਿਚ ਉਹ ਉਵੇਂ ਕਰਨ ਲਈ ਮਜ਼ਬੂਰ ਹਨ। ਨਹੀਂ ਤਾਂ ਉਹ ਜ਼ਿੰਦਗੀ ਮੂਹਰੇ ਹਾਰ ਖਾ ਜਾਣਗੇ। ਇਸੇ ਕਰਕੇ ਉਹਨਾਂ ਦੇ ਕਰੂਰ ਵਰਤਾਰੇ ਤੇ ਪਾਠਕ ਹੈਰਾਨ ਨਹੀਂ ਹੁੰਦਾ ਸਗੋਂ ਜ਼ਿੰਦਗੀ ਦੇ ਕਰੂਰ ਹਾਲਾਤਾਂ ਤੋਂ ਜਾਣੂ ਹੁੰਦਾ ਹੈ। 'ਪੌੜੀ' ਕਹਾਣੀ ਦੀ ਸਿਮਰਨ, 'ਮੱਛੀਆਂ' ਦੀ ਮਨਜੀਤ, 'ਰਾਵਣ' ਦੀ ਦਮਯੰਤੀ ਉਰਫ਼ ਸੀਤਾ, 'ਉਡੀਕ ਦੇ ਆਰ-ਪਾਰ' ਦੀ ਚੰਦਾ ਮੂਲਚੰਦਾਨੀ, 'ਜਿੰਨ' ਦੀ ਸ਼ਰਨਜੀਤ, 'ਬੋਝ' ਦੀ ਅਮਰਜੋਤ, 'ਬੁਲਬੁਲ' ਦੀ ਕਲਾਕਾਰ ਕੁੜੀ ਸਿੰਮੀ, 'ਗੱਲ ਸੁਾਬਪੁਰੇ ਜਾਣ ਦੀ' ਦੀ ਜੀਤਾਂ, ਜ਼ਿੰਦਗੀ, ਰਾਜੀ-ਆਦਿ ਔਰਤ

ਰੂਪ ਵਿਚ ਤਸ਼ੱਦਦ ਦਾ ਸ਼ਿਕਾਰ ਹੋ ਰਹੀਆਂ ਹਨ। ਕਿਤੇ ਉਹ ਬੁੱਲਬੁਲ ਵਾਂਗ ਘਰੇਲੂ ਪਿੰਜਰੇ ਦੀ ਕੈਦ ਭੁਗਤ ਰਹੀਆਂ ਹਨ। ਕਿਤੇ ਜਿੰਨ ਵਾਂਗ ਮਰਦ ਉਹਨਾਂ ਨੂੰ ਚਿੰਬੜੇ ਹੋਏ ਹਨ। ਉਹ ਕੈਦ ਤੋਂ ਰਿਹਾਈ ਭਾਲਦੀਆਂ ਹਾਉਕੇ ਲੈ ਰਹੀਆਂ ਹਨ। ਰਾਮ ਦੀ ਕੈਦ 'ਚ ਰਾਵਣ ਤੋਂ ਸੁੱਖ ਮੰਗਦੀਆਂ ਹਨ। ਸਭਿਆਚਾਰਕ ਗੁਲਾਮੀ ਕਾਰਨ 'ਬੋਝ' ਮਹਿਸੂਸ ਹੁੰਦੀਆਂ ਹਨ ਤਾਂ ਦੇਸ਼ ਜਾਕੇ 'ਐਕਸੀਡੈਂਟ' ਦਾ ਬਹਾਨਾ ਬਣਾਕੇ ਖਤਮ ਕਰ ਦਿੱਤੀਆਂ ਜਾਂਦੀਆਂ ਹਨ। ਜੀਣ ਹਾਲਤਾਂ ਅਨੁਕੂਲ ਹੁੰਦਿਆਂ ਹੋਇਆਂ ਵੀ ਇਹਨਾਂ ਦਾ ਪ੍ਰਭਾਵ ਪ੍ਰਤੀਕੂਲ ਪੈ ਰਿਹਾ ਵਿਖਾਈ ਦਿੰਦਾ ਹੈ। ਇਹ ਸਾਰਾ ਵਰਤਾਰਾ ਆਰਥਿਕ ਹਿੱਤਾਂ ਦੀ ਪਹਿਲ 'ਚੋਂ ਨਿਕਲ ਰਿਹਾ ਹੈ। ਔਰਤ ਨਾਲ ਹਰ ਤਰ੍ਹਾਂ ਦਾ ਰਿਸ਼ਤਾ ਜੋ ਸਮਾਜ 'ਚ ਮਰਦ ਨਾਲ ਜੁੜਿਆ ਹੈ ਕਿਵੇਂ ਮਹੀਨ ਰੂਪਾਂਤਰਨ ਦੇ ਦੌਰ 'ਚ ਗੁਜ਼ਰ ਰਿਹਾ ਹੈ, ਦੀ ਅਕਾਸ਼ੀ ਇਹਨਾਂ ਕਹਾਣੀਆਂ 'ਚੋਂ ਵੇਖੀ ਜਾ ਸਕਦੀ ਹੈ। ਨਾਲ ਹੀ ਅਟਵਾਲ ਕੁਝ ਅਜਿਹੇ ਕਿਰਦਾਰ ਵੀ ਬੇਨਕਾਬ ਕਰਦਾ ਹੈ ਜੋ ਵਿਦੇਸ਼ੀਂ ਰਹਿਕੇ ਕਮਾਈ ਹੋਈ ਜਾਂ ਕਮਾਈ ਜਾ ਰਹੀ ਦੌਲਤ ਦੀ ਆੜ ਵਿਚ ਆਪਣੇ ਅਪੂਰਨ ਰਹਿ ਗਏ ਅਰਮਾਨਾਂ ਨੂੰ ਪੂਰਨਤਾ ਵੱਲ ਲਿਜਾਣ ਵੱਲ ਰੁਚਿਤ ਵਿਖਾਈ ਦਿੰਦੇ ਹਨ। ਇਹ ਅਰਮਾਨ ਅਜਿਹੇ ਹਨ ਜੋ ਗੈਰ-ਸਮਾਜਿਕ ਹਨ। ਪਰੰਤੂ ਦੌਲਤ ਦੀ ਆੜ ਵਿਚ ਉਹ ਇਹਨਾਂ ਨੂੰ ਸਮਾਜਿਕ ਪ੍ਰਵਾਨਗੀ ਵਾਂਗ ਮਾਣਦੇ ਹਨ। ਫ਼ਤਿਹਚੰਦ ਮੂਲਚੰਦਾਨੀ(ਉਡੀਕ ਦੇ ਆਰ-ਪਾਰ) 'ਜਿੰਨ' ਦਾ ਜਵਾਈ, 'ਗੱਲ ਸੁਾਬਪੁਰੇ ਜਾਣ ਦੀ' ਦਾ ਧਰਮ ਸਿੰਘ ਅਜਿਹੇ ਹੀ ਕਿਰਦਾਰ ਹਨ।

ਪਾਤਰਾਂ ਦੇ ਮਾਨਸਿਕ ਜਗਤ ਦੀ ਪੇਸ਼ਕਾਰੀ ਅਟਵਾਲ ਬੜੀ ਪ੍ਰਵੀਨਤਾ ਨਾਲ ਕਰਦਾ ਹੈ। ਕਹਾਣੀਕਾਰ ਇਹ ਗੱਲ ਦ੍ਰਿੜ ਕਰਵਾਉਂਦਾ ਹੈ ਕਿ ਮਨੁੱਖ ਦਾ ਬਾਹਰੀ ਵਿਵਹਾਰ ਉਸਦੀ ਅੰਦਰਲੀ ਕਿਸੇ ਮਹੀਨ ਤੰਦ ਨਾਲ ਜੁੜਿਆ ਹੁੰਦਾ ਹੈ। ਇਥੋਂ ਤੱਕ ਵੀ ਕਿ ਬਾਹਰੀ ਸਰੀਰਕ ਸੁੰਦਰਤਾ ਦਾ ਸੰਬੰਧ ਮਨੁੱਖੀ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ। ਇਹਨਾਂ ਕਹਾਣੀਆਂ ਵਿਚ ਜਦੋਂ ਅਨੁਕੂਲ ਵਤੀਰਾ ਆਪਣੇ ਸੁਭਾਅ ਮੁਤਾਬਿਕ ਪਾਤਰਾਂ ਨੂੰ ਪ੍ਰਾਪਤ ਹੋ ਜਾਂਦਾ ਹੈ ਤਾ ਉਹ ਕੁਸ਼ਲ ਵਿਵਹਾਰ ਵਾਲੇ ਹੀ ਨਹੀਂ ਬਣ ਜਾਂਦੇ ਸਗੋਂ ਇਕ ਖਾਸ ਤਰ੍ਹਾਂ ਦਾ ਸਹਿਜ ਤੇ ਸੁਹਜ ਉਹਨਾਂ 'ਚ ਪ੍ਰਵੇਸ਼ ਕਰ ਜਾਂਦਾ ਹੈ। 'ਲੌਂਗ ਫ਼ਲੂਮ' ਦੀ ਸਵਿੱਤਰੀ ਅਨੁਕੂਲ ਪ੍ਰਸਥਿਤੀਆਂ ਪੈਦਾ ਹੋਣ ਸਾਰ ਜ਼ਿੰਦਗੀ ਨੂੰ ਪਿਆਰ ਕਰਨ ਲਗਦੀ ਹੈ। 'ਉਡੀਕ ਦੇ ਆਰ-ਪਾਰ' ਦੀ ਪਾਗਲ ਕਹੀ ਜਾਣ ਵਾਲੀ ਚੰਦਾ ਸੂਲਚੰਦਾਨੀ ਫਾਰੂਖ਼ ਨੂੰ ਆਪਣਾ ਅੰਦਰਲਾ ਦੁੱਖ ਦੱਸ ਕੇ ਤ੍ਰੇਲ ਧੋਤੇ ਫੁੱਲ ਜਿਹੀ ਹੋ ਜਾਂਦੀ ਹੈ। ਉਸਦੇ ਬੇਟੇ ਕਾਲੀ ਨੂੰ ਦੇਵੀ ਜਿਹੀ ਪ੍ਰਤੀਤ ਹੋਣ ਲਗਦੀ ਹੈ ਜਿਹੜਾ ਕਿ ਸਦਾ ਹੀ ਉਸ ਨੂੰ ਪਾਗਲ ਤਸੱਵਰ ਕਰਦਾ ਰਿਹਾ ਸੀ। 'ਕਾਸਾ' ਦੀ ਨੀਰਜਾਂ ਤੇ ਮੈਂ ਪਾਤਰ ਸਾਲਾਂ ਪਿੱਛੋਂ ਮਿਲਣ ਤੇ ਵੀ ਜਵਾਨੀ ਵੇਲੇ ਜਿਹੇ ਨੌਜਵਾਨ ਅਹਿਸਾਸਮੰਦ ਮਹਿਸੂਸ ਹੁੰਦੇ ਹਨ। 'ਪੁਲ' ਕਹਾਣੀ ਦੇ ਸ਼ਾਮ ਵਰਮਾ ਤੇ ਰਾਧਾ ਵਰਮਾ ਦੀ ਜਿੰਦਗੀ ਰਵੀ ਜਿਹੇ ਪੁਲ ਬਣੇ ਪਾਤਰ ਸਹਾਰੇ ਚੱਲ ਰਹੀ ਸੀ। ਅੰਤਮ ਸਤਰ 'ਚ ਰਵੀ ਦਾ ਰਾਧਾ ਅੰਦਰ ਸਮੇਟਿਆ ਅਕਸ ਉਸ ਨੂੰ ਸ਼ਾਮ ਤੇ ਰਾਧਾ ਦੀ ਜ਼ਿੰਦਗੀ ਦੇ ਪ੍ਰਸੰਗ ਵਿਚ ਨਵੇਂ ਅਰਥਾਂ 'ਚ ਪੇਸ਼ ਕਰਦਾ ਹੈ। ਪਾਤਰਾਂ ਦੇ ਮਾਨਸਿਕ ਵਿਵਹਾਰ ਨੂੰ ਸੰਦਰਭਗਤ ਪ੍ਰਸਥਿਤੀਆਂ ਵਿਚ ਲੇਖਕ ਪੂਰੀ ਤਰ੍ਹਾਂ ਉਜਾਗਰ ਕਰਨ ਵਿਚ ਸਫ਼ਲ ਰਿਹਾ ਹੈ।

ਗੁਜ਼ਰ ਚੁੱਕੇ ਸਾਲਾਂ ਵਿਚ ਦਹਿਸ਼ਤਜ਼ਦਾ ਵਰਤਾਰੇ ਦਾ ਪ੍ਰਭਾਵ ਅੰਤਰਰਾਸ਼ਟਰੀ ਪੱਧਰ ਤੱਕ

ਕਿਵੇਂ ਪੰਜਾਬੀਆਂ ਤੇ ਪਿਆ ਹੈ, ਇਸਦਾ ਉਲੇਖ ਕਰਦੀਆਂ ਹਨ ਅਟਵਾਲ ਦੀਆਂ ਕਹਾਣੀਆਂ 'ਤੂੜੀ' ਅਤੇ 'ਗੂੰਗੀ ਰੁੱਤ ਦੇ ਪੰਛੀ'। ਪਰਵਾਸੀ ਪੰਜਾਬੀਆਂ ਦੇ ਪਰਿਵਾਰਾਂ ਨੂੰ ਦਹਿਸ਼ਤਪ੍ਰਸਤ ਤਾਕਤਾਂ ਵਲੋਂ ਇਸ ਲਈ ਹੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਕਿਉਂ ਜੋ ਇਹ ਕਿਆਸ ਕੀਤਾ ਗਿਆ ਕਿ ਉਹਨਾਂ ਨੂੰ ਉਹਨਾਂ ਦੇ ਬਾਹਰ ਗਏ ਸੰਬੰਧੀਆਂ ਵਲੋਂ ਚੋਖਾ ਧਨ ਭੇਜਿਆ ਗਿਆ ਹੋਵੇਗਾ। ਜਦ ਕਿ ਤ੍ਰਾਸਦੀ ਇਹ ਸਾਹਮਣੇ ਆਉਂਦੀ ਹੈ ਕਿ ਵਿਦੇਸ਼ਾਂ 'ਚ ਰੋਟੀ-ਰੋਜ਼ ਲਈ ਜੂਝ ਰਹੇ ਮਨੁੱਖਾਂ ਕੋਲ ਮਸ਼ੀਨੀ ਜ਼ਿੰਦਗੀ ਹੈ। ਘਰ ਨੂੰ ਚਿੱਠੀ ਲਿਖਣ ਦਾ ਵਕਤ ਵੀ ਉਹਨਾਂ ਨੂੰ ਮਸਾਂ ਹੀ ਮਿਲਦਾ ਹੈ। ਉਹ ਦੋਹਰਾ ਸੰਤਾਪ ਸਹਿ ਰਹੇ ਹਨ। ਉਥੋਂ ਦੇ ਨਸਲਵਾਦੀ ਵਿਤਕਰੇ ਦਾ ਵੀ ਸ਼ਿਕਾਰ ਹੋ ਰਹੇ ਹਨ ਤੇ ਦੇਸ਼ ਵਸਦੇ ਸੰਬੰਧੀਆਂ ਵਲੋਂ ਵੀ ਘੋਰ ਮਾਨਸਿਕ ਚਿੰਤਾ 'ਚ ਗ੍ਰਸਤ ਹਨ। ਉਹਨਾਂ ਦੇ ਪਰਿਵਾਰਾਂ ਦੀ ਆਰਥਿਕ ਲੁੱਟ ਹੀ ਨਹੀਂ ਹੋ ਰਹੀ ਸਗੋਂ ਇੱਜ਼ਤ ਨੂੰ ਵੀ ਹੱਥ ਪਾਇਆ ਜਾਂਦਾ ਹੈ। ਕੰਵਾਰੀਆਂ ਲੜਕੀਆਂ ਦੇ ਜਿਨਸੀ ਸੋਸ਼ਣ ਦੀ ਗੱਲ ਲੇਖਕ ਗਾਲਪਨਿਕ ਸੂਝ ਨਾਲ ਇਉਂ ਪੇਸ਼ ਕਰ ਗਿਆ ਹੈ ਕਿ 'ਕੁੜੀਆਂ ਦੇ ਸਿਰਾਂ 'ਚ ਉਲਝੀ 'ਤੂੜੀ' ਦੇ ਚਿਹਨ ਰਾਹੀਂ ਹਨੇਰਗਰਦੀ ਫੈਲਾਉਣ ਵਾਲੀਆਂ ਤਾਕਤਾਂ ਦੇ ਚਿਹਰੇ ਬੇਨਕਾਬ ਹੋ ਜਾਂਦਦੇ ਹਨ। ਆਤੰਕਵਾਦੀ ਵਰਤਾਰੇ ਦੇ ਅੰਤਰਰਾਸ਼ਟਰੀ ਰੁਝਾਨ ਬਣਨ ਦੇ ਸੰਦਰਭਗਤ ਲੇਖਕ ਮਨੁੱਖ ਦੇ ਜੀਣ ਦੇ ਅਹਿਸਾਸ ਨਾਲ ਲੈਸ ਸੋਚ ਵਾਲੇ ਪਾਤਰਾਂ ਨੂੰ ਉਭਾਰਦਾ ਹੈ।

ਅਟਵਾਲ ਦੀਆਂ ਕਹਾਣੀਆਂ ਦਾ ਟੈਕਸਟ ਬੜਾ ਸਰਲ ਹੈ। ਬਹੁਤੀਆਂ ਕਹਾਣੀਆਂ ਮੈਂ ਪਾਤਰ ਵਜੋਂ ਪੇਸ਼ ਹਨ ਜਿਹੜੀਆਂ ਉਸਦੇ ਆਤਮ ਅਨੁਭਵ ਦੀ ਪੇਸ਼ਕਾਰੀ ਦੀ ਹਾਮੀ ਭਰਦੀਆਂ ਹਨ। ਤਾਂ ਵੀ ਉਹ ਕਹਾਣੀ ਤੋਂ ਇਕ ਅੱਛੇ ਤੇ ਸੁਹਜਮਈ ਰਚਨਾਕਾਰ ਵਾਂਗ ਇਕ ਖ਼ਾਸ ਵਿੱਥ ਸਥਾਪਤ ਕਰੀ ਰੱਖਦਾ ਹੈ ਜਿਹੜਾ ਕਿ ਉਸ ਵਲੋਂ ਪੇਸ਼ ਵਸਤੂ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਸਹਾਈ ਸਿੱਧ ਹੁੰਦੀ ਹੈ। ਕਹਾਣੀਕਾਰ ਵਲੋਂ ਪੇਸ਼ ਚਿਹਨ ਬੜੇ ਸਾਦਾ ਹਨ। ਕਈ ਕਹਾਣੀਆਂ ਕੁਲਵੰਤ ਸਿੰਘ ਵਿਰਕ ਦੀ ਸ਼ੈਲੀ ਦੇ ਪ੍ਰਭਾਵ ਨੂੰ ਉਜਾਗਰ ਕਰਦੀਆਂ ਹਨ। ਵਿਰਕ ਜਿਹੀਆਂ ਸੂਖ਼ਮ ਛੂਹਾਂ ਉਸਦੀਆਂ ਕਹਾਣੀਆਂ ਦੇ ਟੈਕਸਟ ਮਰ੍ਹਮ ਨੂੰ ਡੂੰਘਾ ਅਤੇ ਵਸੀਹ ਕਰਦੀਆਂ ਹਨ। ਕਹਾਣੀਆਂ ਦੀ ਤੋਰ ਬੜੀ ਤਿੱਖੀ ਹੈ। ਇਹ ਪਾਠਕ ਨੂੰ ਆਪਣੇ ਨਾਲ ਵਹਾਈ ਤੁਰੀਆਂ ਜਾਂਦੀਆਂ ਹਨ ਇਹਨਾਂ ਦਾ ਪ੍ਰਭਾਵ ਬੜਾ ਜਟਿਲ ਹੈ। ਇਕ ਪਾਤਰ ਕਈ ਮਾਨਸਿਕ ਧਰਾਤਲਾਂ ਤੇ ਵਿਚਰਦਾ ਹੈ। ਪਾਤਰਾ ਦੀ ਦਵੰਦਾਅਤਮਕ ਮਾਨਸਿਕ ਸਥਿਤੀ ਪ੍ਰਗਟ ਹੁੰਦੀ ਹੈ। ਬਦਲ ਰਹੀਆਂ ਸਭਿਆਚਾਰਕ ਸਥਿਤੀਆਂ 'ਚ ਮਨੁੱਖੀ ਵਿਵਹਾਰ ਬਦਲ ਰਿਹਾ ਹੈ। ਮੋਹ, ਮੌਤ ਅਤੇ ਜ਼ਿੰਦਗੀ ਪ੍ਰਤੀ ਮਨੁੱਖੀ ਦ੍ਰਿਸ਼ਟੀਕੋਣ ਮਹੀਨ ਰੂਪ 'ਚ ਤਬਦੀਲ ਹੋ ਰਿਹਾ ਹੈ। 'ਸਬੱਬ', 'ਭੜਵਾਂ', 'ਚੋਰ', 'ਲੱਠਾ' ਆਦਿ ਕਹਾਣੀਆਂ ਬਹੁਪਰਤੀ ਯਥਾਰਥ ਪੇਸ਼ ਕਰਦੀਆਂ ਹਨ 'ਸਬੱਬ' 'ਚ ਗੁਰਮੀਤ ਦੀ ਅੰਤਮ ਰਸਮਾਂ ਲਈ ਪਈ ਹੋਈ ਲਾਸ਼ ਦੇ ਸਨਮੁਖ—ਗੁਰਜੰਟ (ਪਤੀ), ਦੇਬ (ਭਰਾ), ਮੱਖਣ ਸਿੰਘ ਤੇ ਉਸਦੀ ਪਤਨੀ (ਤਾਇਆ-ਤਾਈ) ਦਾ ਵਿਵਹਾਰ ਵਿਦੇਸ਼ੀਂ ਰਹਿ ਰਹੇ ਲੋਕਾਂ ਦੇ ਜੀਵਨ 'ਚ ਨਿਹਿਤ ਵਿਸੰਗਤੀਆਂ ਨੂੰ ਉਜਾਗਰ ਕਰਦਾ ਹੈ।

(ਡਾ: ਗੁਲਜ਼ਾਰ ਮੁਹੰਮਦ ਗੋਰੀਆ)

ਖਿਆਲ ਆਪੋ ਆਪਣਾ

○ ਅਕਤੂਬਰ-ਦਸੰਬਰ ਅੰਕ ਦਾ 'ਇਸ ਵਾਰ ਦਾ ਵਿਸ਼ੇਸ਼ ਕਵੀ' ਸੱਚ-ਮੁੱਚ ਹੀ ਸੁਰਿੰਦਰ ਸੋਹਲ ਵਿਸ਼ੇਸ਼ ਕਵੀ ਹੈ। ਜਦੋਂ ਵੀ ਕਿਸੇ ਨਾਵਲਕਾਰ, ਕਹਾਣੀਕਾਰ, ਚਿੱਤਰਕਾਰ ਤੇ ਸ਼ਾਇਰ ਨੇ 'ਆਪਣਾ ਰਾਹ' ਬਣਾਕੇ ਸਫ਼ਰ ਤੈਅ ਕੀਤਾ ਹੈ ਉਹ ਵਿਸ਼ੇਸ਼ ਤੇ ਜ਼ਿਕਰਯੋਗ ਬਣਿਆ ਹੈ। ਸੋਹਲ ਦੀਆਂ ਤੁਸੀਂ ਨੌਂ ਗ਼ਜ਼ਲਾਂ ਛਾਪੀਆਂ ਹਨ, ਇਨ੍ਹਾਂ ਨੌਆਂ ਗ਼ਜ਼ਲਾਂ ਦਾ ਆਪਣਾ ਆਪਣਾ ਰੰਗ ਤੇ ਵਜੂਦ ਤਾਂ ਹੈ ਹੀ, ਜੋ ਵਿਸ਼ੇਸ਼ ਗੱਲ ਹੈ ਉਹ ਹੈ ਸਮੁੱਚੀ ਗ਼ਜ਼ਲ ਵਿਧਾ ਤੋਂ ਬਿਨਾਂ ਗ਼ਜ਼ਲਾਂ ਦਾ ਬਿਲਕੁਲ ਅਲੱਗ, ਨਿਵੇਕਲਾ ਵਿਸ਼ਾ ਤੇ ਬਣਤਰ। ਇਕ ਤਰ੍ਹਾਂ ਸੋਹਲ ਨੇ ਸਾਡੇ ਗਜ਼ਲ ਲੇਖਕਾਂ ਲਈ ਗ਼ਜ਼ਲ ਲੇਖਨ ਦਾ ਰਾਹ ਮੋਕਲਾ ਕਰ ਦਿੱਤਾ ਹੈ ਅਤੇ ਚੁਣੌਤੀ ਵੀ ਦਿੱਤੀ ਹੈ ਕਿ ਆਹ ਦੇਖੋ ਮੇਰੇ ਸ਼ਿਅਰਾਂ ਦੀ ਬਣਤਰ ਤੇ ਵਿਸ਼ਾ ਜਿਸ ਉਪਰ ਵੀ ਖ਼ੂਬਸੂਰਤ ਸ਼ੇਅਰ ਲਿਖੇ ਜਾ ਸਕਦੇ ਸਕਦੇ ਹਨ—ਮਿਸਾਲ ਦੇ ਤੌਰ ਤੇ ਉਹਦੇ ਇਹ ਸ਼ੇਅਰ—

ਪੁਰਾਣੇ ਗਮਲਿਆਂ ਨੂੰ ਰੰਗ ਕੇ ਬੀਜੇ ਮੈਂ ਫੁੱਲ ਸਜਰੇ,
ਨਗਰ ਵਿਚ ਸ਼ੋਰ ਹੈ ਪਿੱਤਰਾਂ ਦਾ ਮੈਂ ਅਪਮਾਨ ਕਰਦਾ ਹਾਂ।

ਇਉਂ ਹੀ ਇਕ ਹੋਰ ਸ਼ੇਅਰ—

ਰਾਤ ਬਣਕੇ ਹੀ ਸਹੀ ਤੂੰ ਘਰ ਮੇਰੇ ਆ ਕਦੀ।
ਲਿਖ ਦਿਆਂ ਮੈਂ ਨਾਮ ਤੇਰੇ ਉਮਰ ਭਰ ਦੀ ਰੌਸ਼ਨੀ।

ਦੂਜੀ ਗ਼ਜ਼ਲ ਦਾ ਇਕ ਸ਼ਿਅਰ—

ਮੈਂ ਜੋ ਵਾਕਿਫ ਕਰਾਏ ਦਿਸਹੱਦੇ ਤੋਂ ਪਾਰ ਮੰਡਲਾਂ ਤਕ,
ਉਹ ਪੰਛੀ ਹੁਣ ਮੇਰੇ ਟੁੱਟੇ ਹੋਏ ਖੰਭਾਂ 'ਤੇ ਹੱਸਦੇ ਨੇ।

ਫਿਰ ਦੇਖੋ ਕਿੰਨੀ ਸਧਾਰਨਤਾ ਨਾਲ ਤੇ ਕਿੰਨੀ ਡੂੰਘੀ ਗੱਲ ਸੋਹਲ ਇਸ ਸ਼ੇਅਰ 'ਚ ਕਹਿੰਦਾ ਹੈ—

ਉਸ ਦੀ ਕੁੱਲੀ ਦੇ ਤਾਂ ਕੱਖ ਤੀਕਰ ਵੀ ਗਹਿਣੇ ਪੈ ਗਏ,
ਮਾਪਿਆਂ ਨੇ ਨਾਮ ਜਿਸ ਦਾ ਰੱਖਿਆ ਸੀ 'ਦੌਲਤੀ'।

ਇਉਂ ਸੋਹਲ ਦੀਆਂ ਹੋਰ ਗ਼ਜ਼ਲਾਂ ਚੋਂ ਵੀ ਸ਼ਿਅਰਾਂ ਦੀ ਖ਼ੂਬਸੂਰਤੀ ਤੇ ਵਿਲੱਖਣਤਾ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਮੈਂ ਤੁਹਾਨੂੰ ਇਸ ਗੱਲ ਲਈ ਵਧਾਈ ਦੇਣਾ ਚਾਹਾਂਗਾ ਜੋ ਤੁਸੀਂ ਬਹੁਤ ਚੰਗੀਆਂ ਗ਼ਜ਼ਲਾਂ ਪੰਜਾਬੀ ਲੇਖਕਾਂ/ਪਾਠਕਾਂ ਦੇ ਸਨਮੁਖ ਕੀਤੀਆਂ ਹਨ। ਮੈਂ ਇਹ ਖੱਤ ਲਿਖਣ ਲਈ ਇਸ ਕਰਕੇ ਮਜਬੂਰ ਹੋਇਆ ਹਾਂ ਕਿ ਇਸ ਸਮੇਂ ਪੰਜਾਬੀ ਸ਼ਾਇਰੀ ਵਿਚ ਸਿਰਫ ਗ਼ਜ਼ਲ ਹੀ ਮਕਬੂਲ ਹੋ ਰਹੀ ਹੈ ਜਾਂ ਕਹਿ ਲਓ, ਕੋਈ ਨਵੀਂ ਗੱਲ ਪੇਸ਼ ਕਰ ਰਹੀ ਹੈ। (ਪ੍ਰੇਮ ਗੋਰਖੀ, ਚੰਡੀਗੜ੍ਹ)

○ ਉਂਝ ਤਾਂ ਸਾਰਾ ਮੈਟਰ ਹੀ ਬੇ-ਨਜ਼ੀਰ ਹੈ ਪਰ ਚਿਰਾਗ਼ ਨੰਬਰ 8 ਵਿਚ ਇਸ ਵਾਰ ਦਾ ਵਿਸ਼ੇਸ਼ ਕਵੀ, ਵਾਦ-ਵਿਵਾਦ, ਫ਼ੈਜ਼ ਦੀਆ ਯਾਦਾਂ, ਡੇਰੇ ਦਾ ਸਾਧ ਆਦਿ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਹਨ। ਵਾਘੇ ਪਾਰ ਤੋਂ ਪੱਤਰ ਪੜ੍ਹਕੇ ਉਲਫ਼ਤ ਬਾਜਵਾ ਦੀ ਗ਼ਜ਼ਲ—

"ਨਾ ਇਹ 'ਸਤਾਨ ਮੇਰਾ, ਨਾ ਉਹ 'ਸਤਾਨ ਮੇਰਾ।
ਸਾਰੇ ਜਹਾਨ ਦਾ ਮੈਂ, ਸਾਰਾ ਜਹਾਨ ਮੇਰਾ।"

ਯਾਦ ਆਉਂਦੀ ਹੈ ਤਾਂ ਜਾਪਦਾ ਹੈ ਕਿ ਆਪਣਿਆਂ ਵਰਗੇ ਸਾਰੇ ਲੋਕਾਂ ਵਿਚ ਪਈਆਂ ਸਰਹੱਦਾਂ ਵਰਗੀਆਂ ਲਕੀਰਾਂ ਮਿਟ ਜਾਣ ਤਾਂ ਮਨੁੱਖੀ ਜੀਵਨ ਸਫਲ ਕਿਹਾ ਜਾ ਸਕਦਾ ਹੈ।

ਜਿਹੜੇ ਲੋਕ ਏਥੇ ਖੜੇ ਹਨ ਕਿ ਪੰਜਾਬੀ ਗ਼ਜ਼ਲ ਉਰਦੂ ਦਾ ਮੁਕਾਬਲਾ ਨਹੀਂ ਕਰ ਸਕਦੀ ਇਹ ਅੰਕ ਵੇਖਕੇ ਉਨ੍ਹਾਂ ਦਾ ਭਰਮ ਟੁੱਟ ਗਿਆ ਹੋਵੇਗਾ। ਜੇ ਫੇਰ ਕੁਝ ਲੋਕਾਂ ਦਾ ਮੱਤ ਇਹੀ ਰਿਹਾ ਤਾਂ ਸਮਝ ਲਓ ਕਿ ਉਹ ਲੋਕ ਪੰਜਾਬੀ ਗ਼ਜ਼ਲ ਪੜ੍ਹਦੇ, ਸਮਝਦੇ ਹੀ ਨਹੀਂ ਸਗੋਂ ਸੁਣੀਆਂ ਸੁਣਾਈਆਂ ਗੱਲਾਂ ਨੂੰ ਹੀ ਅੱਗੇ ਤੋਂ ਅੱਗੇ ਹਵਾ ਦਿੰਦੇ ਹਨ। ਇਹ ਵੀ ਗੱਲ ਪ੍ਰਚਲਤ ਹੈ ਕਿ ਬੰਦਿਸ਼ ਵਾਲੀ ਸ਼ਾਇਰੀ ਵਿਚ ਖਿਆਲ ਮਾਰਿਆ ਜਾਂਦਾ ਹੈ। ਸੋਹਲ ਦੀਆਂ ਗ਼ਜ਼ਲਾਂ ਤੋਂ ਇਹ ਵੀ ਧਾਰਨਾ ਟੁੱਟਦੀ ਹੈ (ਸ਼ਰਤ ਇਹ ਹੈ ਕਿ ਸ਼ਾਇਰ ਸਮਰੱਥ ਹੋਵੇ)

ਇਕ ਗੱਲ ਦਾ ਖਿਆਲ ਰੱਖਿਆ ਕਰੋ ਕਿ ਬੰਦਿਸ਼ ਵਾਲੀ ਸ਼ਾਇਰੀ ਵਿਚੋਂ ਕੋਈ ਸ਼ਬਦ ਗਾਇਬ ਨਾ ਹੋਵੇ ਜ਼ਿਵੇਂ ਸੁਰਿੰਦਰ ਸੋਹਲ ਦੀ ਗ਼ਜ਼ਲ-4 ਦੇ ਮਤਲੇ ਵਿਚੋਂ (ਪਹਿਲੀ ਸਤਰ) ਦੋ ਮਾਤਰਾ ਵਾਲਾ ਇਕ ਸ਼ਬਦ ਗ਼ਾਇਬ ਹੈ। ਸੋਹਲ ਦੀਆਂ ਗ਼ਜ਼ਲਾਂ ਵਿਚ ਸੱਜਰੇ ਖਿਆਲ, ਨਵੀਨ ਬਿੰਬਾਵਲੀ ਅਤੇ ਤਕਨੀਕੀ ਪ੍ਰਪੱਕਤਾ ਹੈ ਪਰ ਸ਼ਬਦ ਮਿਸਪ੍ਰਿੰਟ ਹੋਣ ਕਰਕੇ ਉਸਤਾਦ ਗਜ਼ਲਗੋਅ ਵਜ਼ਨ ਦੇ ਫਰਕ ਨੂੰ ਅਲੋਚਨਾ ਦਾ ਅਧਾਰ ਬਣਾ ਕੇ ਡੌਂਡੀ ਪਿੱਟਣਗੇ ਜਦ ਕਿ ਸੋਹਲ ਵਜ਼ਨ ਬਹਿਰ ਤੋਂ ਅਵੇਸਲਾ ਨਹੀਂ ਹੁੰਦਾ। (ਸੁਰਜੀਤ ਸਾਜਨ, ਪੱਤੜ ਕਲਾਂ, ਜਲੰਧਰ)

○ ਚਿਰਾਗ਼-8 ਪੜ੍ਹਨ ਉਪਰੰਤ ਪ੍ਰੌੜਤਾ ਦਾ ਅਹਿਸਾਸ ਹੁੰਦਾ ਹੈ। ਤੁਹਾਡੀ ਚੋਣ ਕਾਬਿਲ-ਏ-ਤਾਰੀਫ਼ ਹੈ। ਪਰ ਫਿਕਰ ਇਸ ਗੱਲ ਦਾ ਹੈ ਕਿ ਇਸ ਅੰਕ ਦਾ ਵਿਸ਼ੇਸ਼ ਕਵੀ ਕਾਲਮ ਅਧੀਨ ਜੇਕਰ ਤੁਸੀਂ ਕੋਈ ਹੋਰ ਗ਼ਜ਼ਲਗੋਅ ਪੇਸ਼ ਕਰਨਾ ਹੋਇਆ ਤਾਂ ਕਿਸਨੂੰ ਕਰੋਗੇ, ਕਿਉਂਕਿ ਜਗਤਾਰ, ਪਾਤਰ ਅਤੇ ਹਰਦਿਆਲ ਸਾਗਰ ਤੋਂ ਬਾਅਦ ਸੁਰਿੰਦਰ ਸੋਹਲ ਅਤੇ ਜਸਵਿੰਦਰ ਤੋਂ ਬਿਨਾਂ ਗ਼ਜ਼ਲ ਵਿਚ ਕੋਈ ਹੋਰ ਚੋਣਵਾਂ ਨਾਂ ਹੀ ਨਹੀਂ ਦਿਸਦਾ। ਜਿਵੇਂ ਕਿ ਤ੍ਰੈਮਾਸਿਕ ਪੱਤਰਾਂ ਵਿਚ ਸਿਰਜਨਾ ਅਤੇ ਚਿਰਾਗ਼ ਤੋਂ ਬਿਨਾਂ ਕੋਈ ਹੋਰ ਨਾਂ ਨਜ਼ਰ ਨਹੀਂ ਆਉਂਦਾ, ਫਿਰ ਤੁਸੀਂ ਮਿਆਰ ਕਾਇਮ ਰੱਖਣ ਲਈ ਨਵੇਂ ਗ਼ਜ਼ਲਕਾਰ ਦੀ ਚੋਣ ਕਿੱਥੋਂ ਕਰੋਗੇ?

ਤੁਹਾਡੀ ਪ੍ਰਤੀਬੱਧਤਾ ਤੋਂ ਸਾਹਿਤ ਵਿਚ ਭਰੋਸੇਯੋਗ ਕੰਮ ਹੋ ਰਿਹਾ ਹੈ।

(ਅਨੰਤ ਬੇਗ਼ਮ, ਕਪੂਰਥਲਾ)

○ ਪਿਛਲੇ ਮਹੀਨੇ ਸਤੰਬਰ 15 ਤੋਂ 22 ਤਰੀਕ ਤਕ ਅੰਤਰ-ਰਾਸ਼ਟਰੀ ਮੇਲੇ ਉਪਰ ਮੈਨੂੰ ਤੁਰਕੀ ਜਾਣ ਦਾ ਮੌਕਾ ਮਿਲਿਆ। ਮੈਂ ਆਪਣੇ ਨਾਲ ਚਿਰਾਗ਼ ਅੰਕ ਜੁਲਾਈ/ਸਤੰਬਰ ਲੈ ਕੇ ਗਿਆ। ਤੁਰਕੀ ਦੇ ਇਕ ਸ਼ਹਿਰ ਜੇਲੋਵਾ ਦੇ ਮੇਅਰ ਨਾਲ ਮੇਲੇ ਦੇ ਸਬੰਧ ਵਿਚ ਜਦੋਂ ਮੀਟਿੰਗ ਹੋਈ ਤਾਂ ਮੈਂ ਉਸਨੂੰ ਇਹ ਅੰਕ ਪੇਸ਼ ਕੀਤਾ, ਜਿਸ ਨੂੰ ਵੇਖ ਕੇ (ਨਾਜ਼ਿਮ ਹਿਕਮਤ ਦੀ ਤਸਵੀਰ) ਉਹ ਬਹੁਤ ਖੁਸ਼ ਹੋਇਆ ਅਤੇ ਇਸ ਉੱਦਮ ਦੀ ਉਸਨੇ ਤੁਹਾਨੂੰ ਵਧਾਈ ਪੇਸ਼ ਕੀਤੀ।

—ਭੁਪਿੰਦਰ ਸੱਗੂ (ਯੂ.ਕੇ.)

○ ਤੁਸਾਂ ਦੀ 'ਸੰਪਾਦਕੀ ਟਿੱਪਣੀ' ਇਸ ਅੰਕ ਦੀ ਸਭ ਤੋਂ ਖ਼ੂਬਸੂਰਤ ਲਿਖਤ ਹੈ ਜੋ ਕਿ ਅੱਜ ਦੇ ਪ੍ਰਸੰਗ 'ਚ ਆਪਣੀ ਹੀ ਕਿਸਮ ਦੀ, ਪਾਠਕ, ਕਵੀ, ਕਹਾਣੀਕਾਰ (ਭਾਵ ਕਿ ਸਾਹਿਤਕਾਰ) ਦੇ ਚਿੰਤਨ ਨੂੰ ਹਲੂਣਦੀ ਤੇ "ਚਿੰਤਨ ਨੂੰ ਚਿੰਤਾ" ਅੰਦਰ ਢਾਲਣ ਦੀ ਸਮਰੱਥਾ ਸਮੋਈ ਬੈਠੀ

"ਟਿੱਪਣੀ" ਹੈ ਅਤੇ ਜੀਵਨ ਦੇ ਹਰ ਮਸਲੇ ਨੂੰ ਵੱਖਰੇ ਕੋਣ ਤੋਂ ਦੇਖਣ ਲਈ ਪ੍ਰੇਰਦੀ ਹੈ ਤੇ ਕਈ ਨਵੇਂ ਆਯਾਮ ਅਤੇ ਪ੍ਰਸ਼ਨ-ਚਿੰਨ੍ਹ ਸਾਡੇ ਸਾਹਵੇਂ ਖੜੇ ਕਰਦੀ ਹੈ।

—ਡਾ: ਸਿਕੰਦਰ ਭੱਟੀ (ਸ਼ਾਹਕੋਟ)

○ ਮੇਰੀਆਂ ਗ਼ਜ਼ਲਾਂ ਨੂੰ ਤੁਸਾਂ 'ਚਿਰਾਗ਼' ਵਿਚ ਏਨਾ ਖੁੱਲ੍ਹਾ ਡੁੱਲ੍ਹਾ ਥਾਂ ਦਿੱਤਾ। ਧੰਨਵਾਦ ਲਫਜ਼ ਬਹੁਤ ਛੋਟਾ ਹੈ। ਸੱਜਣਾਂ-ਮਿੱਤਰਾਂ ਤੇ ਅਜਨਬੀ ਪਾਠਕਾਂ ਵਲੋਂ ਬੜਾ ਹੁੰਗਾਰਾ ਮਿਲਿਆ ਹੈ। ਹੋਰ ਲਿਖਣ ਦਾ ਜੋਸ਼ ਠਾਠਾਂ ਮਾਰਨ ਲੱਗ ਪਿਆ ਹੈ। ਕੁਝ ਇਕ ਸ਼ਿਅਰਾਂ ਵਿਚ ਪਰੂਫ ਦੀਆਂ ਗ਼ਲਤੀਆਂ ਰਹਿ ਗਈਆਂ। ਜਿਵੇਂ:

ਦੂਸਰੀ ਗ਼ਜ਼ਲ ਦੇ ਚੌਥੇ ਸ਼ਿਆਰ ਦਾ ਦੂਸਰਾ ਮਿਸ਼ਰਾ ਇੰਝ ਹੈ:
ਜੋ ਕਟ ਹੋਏ ਪਤੰਗ **ਉਹ** ਆਪਣੀਆਂ ਡੋਰਾਂ ਤੇ ਹੱਸਦੇ ਨੇ!
ਤੀਸਰੀ ਗ਼ਜ਼ਲ ਦੇ ਦੂਸਰੇ ਸ਼ਿਆਰ ਦਾ ਦੂਸਰਾ ਮਿਸ਼ਰਾ ਦਰੁਸਤ ਇਸ ਤਰ੍ਹਾਂ ਹੈ:
ਜਿਸ ਬਸ਼ਰ ਨੂੰ ਹਰ ਸਮੇਂ ਹਰ **ਥਾਂ** 'ਤੇ ਭਾਵੇਂ ਪ੍ਰਸ਼ਨ ਚਿੰਨ੍ਹ।

ਚੌਥੀ ਗਜ਼ਲ ਦੇ ਮਤਲੇ ਦੇ ਪਹਿਲੇ ਮਿਸਰੇ ਵਿਚ ਇਕ ਸ਼ਬਦ ਰਹਿ ਗਿਆ। ਮੁਕੰਮਲ ਮਿਸਰਾ ਇਉਂ ਹੈ:

ਰਾਤ ਬਣ ਕੇ ਹੀ ਸਹੀ ਤੂੰ ਘਰ ਮੇਰੇ **ਤਾਂ** ਆ ਕਦੀ।
ਛੇਵੀਂ ਗ਼ਜ਼ਲ ਦੇ ਛੇਵੇਂ ਸ਼ਿਅਰ ਦਾ ਪਹਿਲਾ ਮਿਸਰਾ ਇੰਝ ਠੀਕ ਹੈ:
ਜੋ ਹੈਡ ਆਫ਼ਿਸ **ਦੇ** ਪੱਖੇ ਨਾਲ ਵੱਜ ਕੇ ਜ਼ਖ਼ਮ ਖਾ ਚੁਕੀਆਂ,
ਉਮੀਦ ਹੈ ਕਿ ਇਨ੍ਹਾਂ ਗ਼ਲਤੀਆਂ ਦੀ ਸੋਧ ਕਰ ਦਿਓਗੇ।

ਸੁਰਿੰਦਰ ਸੋਹਲ (ਜਲੰਧਰ)

○ ਡਾ: ਅਯੂਬ ਮਿਰਜ਼ਾ ਨੂੰ ਮੈਂ ਚਾਅ ਨਾਲ ਪੜ੍ਹਦਾ ਹਾਂ ਭਾਵੇਂ ਮੰਟੋ ਅਤੇ ਗਾਰਗੀ ਦੀ ਕਲਮ ਤੋਂ ਮੈਂ ਉਹਨੂੰ ਪਿੱਛੇ ਮਹਿਸੂਸ ਕਰਦਾ ਹਾਂ, ਪਰ ਫਿਰ ਵੀ ਮੈਨੂੰ ਚੰਗਾ ਲੱਗਿਆ ਹੈ। ਸਾਹਿਲ ਦੀ ਕਹਾਣੀ 'ਜੰਗਲ' ਵਧੀਆ ਰਚਨਾ ਹੈ। ਜਿਥੋਂ ਤੀਕ ਸੋਹਲ ਦਾ ਸਵਾਲ ਹੈ ਮੈਂ ਪਲ-ਪਲ ਤੇ ਉਹਦੇ ਨਾਲ ਰਿਹਾ ਹਾਂ, ਪਰ ਇਹਨਾਂ ਗ਼ਜ਼ਲਾਂ ਨੂੰ ਪੜ੍ਹ ਕੇ ਮੈਨੂੰ ਮਹਿਸੂਸ ਹੋਇਆ ਹੈ ਸੋਹਲ ਅਰਸ਼ ਤੋਂ ਫਰਸ਼ 'ਤੇ ਆਇਆ ਹੈ। ਇਹ ਉਡੀਕ ਮੈਨੂੰ ਪਿਛਲੇ ਦਸਾਂ ਸਾਲਾਂ ਤੋਂ ਸੀ।

ਦਵਿੰਦਰ ਮੰਡ
ਡੀ. ਏ. ਵੀ, ਕਾਲਜ
ਜਲੰਧਰ

○ ਸਿਆਸੀ ਰੁਝੇਵਿਆਂ ਦੀ ਬਹੁਲਤਾ ਕਾਰਣ ਉੱਤਰ ਨਹੀਂ ਦੇ ਸਕਿਆ। ਚਿਰਾਗ਼ ਲਗਾਤਾਰ ਮਿਲ ਰਿਹਾ ਹੈ। ਇਸ ਸਬੰਧੀ ਕੀਤੀ ਵਚਨ ਬੱਧਤਾ ਹਮੇਸ਼ਾਂ ਯਾਦ ਰਹੀ ਹੈ। ......ਅਸੀਂ ਦੇਸ਼-ਸੇਵਕ ਦਾ ਟੀਚਾ ਪੂਰਾ ਕਰ ਲਿਆ ਹੈ। ਇਸ ਕਾਰਜ ਲਈ ਰਚਨਾਤਮਿਕਤਾ ਦੀ ਕੁਰਬਾਨੀ ਦੇਣੀ ਪੈਂਦੀ ਹੈ।

ਤੁਹਾਡਾ ਸ਼ੁਭ ਚਿੰਤਕ
ਅਵਤਾਰ ਸਾਦਿਕ (ਯੂ. ਕੇ.)

○ ਹਰਬਖ਼ਸ਼ ਨੇ ਮੈਨੂੰ ਤੇਰਾ ਲਿਖਿਆ, 'ਡੇਰੇ ਦਾ ਸਾਧ' ਨਾਮੀ ਲੇਖ ਫੋਟੋ ਕਾਪੀ ਕਰ ਕੇ ਭੇਜਿਆ ਹੈ। ਜਿਸ ਨੂੰ ਪੜ੍ਹ ਕੇ ਰੂਹ ਦੁਖੀ ਹੋਈ ਹੈ। ਇਹ 'ਸਫ਼ਰਨਾਮੇ ਤੋਂ ਪਾਰ' ਵਾਲਾ ਲੇਖ ਤੇਰੀ 'ਤਿੜਕੀ ਹੋਈ ਅੱਖ' ਦਾ ਖ਼ੂਬ ਨਮੂਨਾ ਹੈ। ਪ੍ਰਭਾਵ ਤੂੰ ਇਹ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈਂ ਕਿ ਹਰਬਖ਼ਸ਼ ਤੇਰਾ 'ਯਾਰ' ਹੈ, ਪਰ ਅਸਲ ਵਿਚ ਇਹ ਲੇਖ ਯਾਰੀ ਦੇ ਪਰਦੇ ਹੇਠ ਕੁੱਛੜ ਬੈਠ ਕੇ ਦਾਹੜੀ ਪੁੱਟਣ ਵਰਗੀ ਹੀ ਤੇਰੀ ਕਰਤੂਤ ਲਗਦੀ ਹੈ, ਸਾਰਾ ਲੇਖ ਜਿਸ ਢੰਗ ਨਾਲ ਹਰਬਖ਼ਸ਼ ਤੇ ਉਹਦੇ ਨਾਲ ਜੁੜੇ ਹੋਏ ਸਾਹਿਤਕਾਰਾਂ ਦਾ ਮਖੌਲ ਉਡਾਇਆ ਹੈ ......

ਪਹਿਲਾਂ ਵਰਗਾ ਹੁੰਦਲ ਬਣ ਕੇ ਜਿਉਂਦਾ ਰਹੁ।

ਤੇਰਾ—
ਅਵਤਾਰ ਜੰਡਿਆਲਵੀ
(ਲੈਂਗਲੇ, ਸਲੋਅ, ਯੂ. ਕੇ.)

ਵਾਘ੍ਹੇ ਪਾਰ ਤੋਂ ਕੁਝ ਪੱਤਰ

○ ਮੈਂ 1955 ਵਿਚ ਆਪਣੀ ਜੰਮਣ-ਥਾਂ ਨੂਰ-ਮਹਿਲ ਜ਼ਿਲ੍ਹਾ ਜਲੰਧਰ ਆਇਆ ਸਾਂ। ਪਰ ਏਥੇ ਸਿਰਫ ਦੋ-ਘੰਟੇ ਹੀ ਠਹਿਰ ਸਕਿਆ। ਕਿਉਂ ਜੋ ਦਿੱਲੀ ਜਾ ਰਿਹਾ ਸੀ ਤੇ ਏਥੇ ਠਹਿਰ ਨਹੀਂ ਸੀ ਸਕਦਾ। ਜਲੰਧਰ ਵੀ ਸਿਰਫ ਇਕ ਰਾਤ ਹੀ ਗੁਜ਼ਾਰੀ ਸੀ। ਹੁਣ ਸਾਨੂੰ ਪੰਜਾਬ ਦਾ ਵੀਜ਼ਾ ਵੀ ਨਹੀਂ ਮਿਲਦਾ।

ਜਲੰਧਰ ਦੇ ਰੈਣਕ ਬਾਜ਼ਾਰ, ਮਹੱਲਾ ਪੱਕਾ ਬਾਗ, ਮਹੱਲਾ ਸੱਯਦ ਕਬੀਰ ਵਿਚ ਆਪਣ ਬਚਪਨ ਦੇ ਕੁਝ ਸਾਲ ਗੁਜ਼ਾਰ ਚੁੱਕਾ ਹਾਂ। ਤੁਹਾਡੀ ਲਿਖਤ ਜਾਂ ਜਿੰਦਰ ਹੋਰਾਂ ਦੀ ਕੋਈ ਕਹਾਣੀ ਪੜ੍ਹਾਂ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਏ। ਜਲੰਧਰ ਦਾ ਸਾਰਾ ਨਕਸ਼ਾ ਮੇਰੀਆਂ ਅੱਖਾਂ ਦੇ ਸਾਹਮਣੇ ਆ ਜਾਂਦਾ ਏ।

ਮੇਰੀ ਇਕ ਅਨਸ਼ਾਈਆਂ ਦੀ ਕਿਤਾਬ 'ਸੋਚਾਂ' ਤੇ ਇਕ ਏਸੇ ਸਾਲ 'ਪਸ਼ਤੋ ਕਹਾਣੀਆਂ' ਦੇ ਤਰਜਮੇ ਦੀ ਕਿਤਾਬ 'ਪਸ਼ਤੋ ਕਹਾਣੀਆਂ' ਦੇ ਸਿਰਨਾਵੇਂ ਹੇਠ ਆਈ ਏ।

ਮੈਂ ਤੁਹਾਨੂੰ ਆਪਣੀਆਂ ਕਿਤਾਬਾਂ ਘੱਲਾਂਗਾ। ਇਕ ਗ਼ਜ਼ਲ ਭੇਜ ਰਿਹਾਂ, ਪਸੰਦ ਆਵੇ ਤਾਂ 'ਚਿਰਾਗ਼' ਵਿਚ ਛਾਪ ਦੇਣਾ।

—ਪ੍ਰੋ: ਮੁਹੰਮਦ ਆਸ਼ਕ ਰਹੇਲ

○ ਸਾਈਂ ਹਰਭਜਨ ਸਿੰਘ ਹੁੰਦਲ ਜੀ, ਸਦਾ ਸੁਖੀ ਵੱਸੋ। ਰੱਬ ਕਰੇ ਤੁਹਾਡਾ ਪ੍ਰੀਵਾਰ ਖ਼ੈਰੀਅਤ ਨਾਲ ਹੋਵੇ। ਆਮੀਨ।

ਹੁੰਦਲ ਜੀ, ਤੁਸਾਂ ਲਿਖਿਆ ਹੈ ਕਿ, 'ਫਾਰਸੀ ਲਿਪੀ ਬਾਰੇ ਤੇ ਮੈਂ ਜਾਣਦਾ ਹਾਂ, ਪਰ 'ਸ਼ਾਹ ਮੁਖੀ' ਦਾ ਮੈਨੂੰ ਇਲਮ ਨਹੀਂ। ਅਸਲ ਵਿਚ ਬਿਲਕੁਲ ਉਂਝ ਹੀ ਜਿਵੇਂ 'ਗੁਰੂਆਂ ਦੇ ਮੂੰਹ ਚੋਂ ਨਿਕਲੀ ਹੋਈ ਗੁਰਮੁਖੀ' ਕਹਿਲਾਈ। ਏਸ ਤਰ੍ਹਾਂ ਹੀ ਮੁਸਲਮਾਨਾਂ ਨੂੰ ਸ਼ਾਹ ਵੀ ਆਖਿਆ ਜਾਂਦਾ ਏ।

—ਤੁਹਾਡਾ ਆਪਣਾ, ਖਾਲਦ ਸ਼ੇਖ

○ ਮੁਹਤਰਮ ਸਾਂਈਂ ਹਰਭਜਨ ਸਿੰਘ ਹੁੰਦਲ ਜੀ,

ਤੁਹਾਡਾ ਚਿਰਾਗ਼' ਭਾਰਤ ਤੋਂ ਵੱਖ ਪਾਕਿਸਤਾਨੀ ਸ਼ਾਇਰਾਂ ਤੇ ਸੂਝਵਾਨਾਂ ਨੂੰ ਵੀ ਰੌਸ਼ਨੀ

ਵੰਡ ਰਿਹਾ ਹੈ। ਚੋਖੀ ਮਾਣ ਯੋਗ ਗੱਲ ਹੈ। ਮੈਨੂੰ ਹੁਣ ਤੀਕ 'ਚਿਰਾਗ਼' ਪੜ੍ਹਨ ਦਾ ਸ਼ਰਫ਼ ਤਾਂ ਨਹੀਂ ਮਿਲਿਆ, ਪਰ ਏਥੋਂ ਦੇ ਰਿਸਾਲਿਆਂ ਰਾਹੀਂ ਪਤਾ ਲਗਦਾ ਰਹਿੰਦਾ ਹੈ। ਜੇਕਰ 'ਚਿਰਾਗ਼' ਘੱਲ ਸਕੋ ਤਾਂ ਮੈਥੋਂ ਅੱਡ 'ਮਜਲਸ, ਬੁੱਲ੍ਹੇ ਸ਼ਾਹ, ਕਸੂਰ', 'ਡੇਰਾ ਬੁੱਲ੍ਹੇ ਸ਼ਾਹ' ਤੇ 'ਬੁੱਲ੍ਹੇ ਸ਼ਾਹ ਪੰਜਾਬੀ ਅਦਬੀ ਸੰਗਤ' ਦੇ ਸੱਜਣ ਵੀ ਤੁਹਾਡੇ ਧੰਨਵਾਦੀ ਹੋਣਗੇ। ਕਿਉਂ ਜੇ 'ਚਿਰਾਗ਼' ਦੀ ਲੋਅ ਜ਼ਿਲ੍ਹਾ ਕਸੂਰ ਨੂੰ ਵੀ ਰੌਸ਼ਨ ਕਰ ਸਕੇ।

ਅਲੀਮ ਸ਼ਕੀਲ, ਸੇਵਕ ਡੇਰਾ ਬੁੱਲ੍ਹੇ ਸ਼ਾਹ
ਜ਼ਿਲ੍ਹਾ ਕਸੂਰ, ਪਾਕਿਸਤਾਨ

○ਹੁੰਦਲ ਜੀ, ਸਤਿ ਸ੍ਰੀ ਅਕਾਲ।

ਵਰ੍ਹੇ ਵਾਰ 'ਸਾਹਿਤ' ਵਿਚ ਤੇ ਲਹਿਰਾਂ ਵਿਚ ਤੁਹਾਡੇ ਪਰਚੇ 'ਚਿਰਾਗ਼' ਦਾ ਜ਼ਿਕਰ ਲੱਭਾ, ਪਰ ਪਰਚਾ ਨਹੀਂ ਪੜ੍ਹਿਆ। ਮੈਂ ਗੁਰਮੁਖੀ ਪੜ੍ਹ ਤੇ ਸਕਦਾਂ, ਪਰ ਲਿਖ ਨਹੀਂ ਸਕਦਾ। ਤੁਸਾਂ ਮੈਨੂੰ 'ਚਿਰਾਗ' ਦਾ ਇਕ ਅੱਧਾ ਪਰਚਾ ਘੱਲ ਦਿਓ ਤੇ ਫੇਰ ਮੈਂ ਵੀ ਸਾਂਝ ਪਾਣ ਦਾ ਉਪਾਅ ਕਰਾਂਗਾ।

—ਤੁਹਾਡਾ ਆਪਣਾ
ਹਨੀਫ਼ ਚੌਧਰੀ (ਮੁਲਤਾਨ)

○ਜਨਾਬ ਹਰਭਜਨ ਸਿੰਘ ਹੁੰਦਲ ਜੀ।

ਸਭ ਸੱਜਣਾ ਵਲੋਂ ਸਲਾਮ। ਆਪ ਜੀ ਨੇ 'ਚਿਰਾਗ' ਘੱਲਣ ਦੀ ਖੇਚਲ ਕੀਤੀ। ਮੈਂ ਆਪ ਜੀ ਦਾ ਬਹੁਤ ਸ਼ੁਕਰ ਗੁਜ਼ਾਰ ਹਾਂ। ਪਰਚੇ ਤੋਂ ਪੰਜ ਛੇ ਦਿਨ ਬਾਅਦ ਤੁਹਾਡਾ ਪ੍ਰੇਮ ਭਰਿਆ ਖ਼ਤ ਵੀ ਮਿਲ ਗਿਆ ਹੈ। ਚਿਰਾਗ਼ ਪੜ੍ਹ ਕੇ ਚੋਖੀ ਖੁਸ਼ੀ ਹੋਈ। ਏਸ ਦਾ ਮਿਆਰ ਵੇਖ ਕੇ ਦਿਲ ਖੁਸ਼ ਹੋਇਆ। ਸੁਰਿੰਦਰ ਸੋਹਲ ਜੀ ਹੋਰਾਂ ਦੀਆਂ ਗਜ਼ਲਾਂ ਬਹੁਤ ਪਸੰਦ ਆਈਆਂ। ਹੁੰਦਲ ਜੀ ਚਿਰਾਗ਼ ਵਿਚ ਛਪੀਆਂ ਸਾਰੀਆਂ ਲਿਖਤਾਂ ਹੀ ਸਲਾਹੁਣ ਯੋਗ ਹਨ। ਇਹ ਸਭ ਤੁਹਾਡੀ ਮਿਹਨਤ ਤੇ ਲਗਨ ਦਾ ਨਤੀਜਾ ਏ ਕਿ ਪਰਚਾ ਹਰ ਏਤਬਾਰ ਨਾਲ ਖ਼ੂਬਸੂਰਤ ਏ। ਰੱਬ ਸੋਹਣਾ ਤੁਹਾਡੀ ਕਲਮ ਨੂੰ ਹੋਰ ਵਡਿਆਈ ਬਖਸ਼ੇ। ਤੁਸੀਂ ਕਾਫੀਆਂ ਲਿਖ ਕੇ ਨਾ ਸਿਰਫ ਬਾਬਾ ਬੁੱਲ੍ਹੇ ਸ਼ਾਹ ਹੋਰਾਂ ਦੀ ਸੋਚ ਨੂੰ ਅੱਗੇ ਟੋਰ ਦਿੱਤਾ ਹੈ, ਸਗੋਂ ਇਹ ਤੁਹਾਡੀ ਹਜ਼ਰਤ ਬੁੱਲ੍ਹੇ ਸ਼ਾਹ ਹੋਰਾਂ ਨਾਲ ਭਰਵੀਂ ਅਕੀਦਤ ਦੀ ਅਲਾਮਤ ਵੀ ਹੈ। ਚਿਰਾਗ 'ਚ ਕਦੇ ਕਦੇ ਬੁੱਲ੍ਹੇ ਸ਼ਾਹ ਹੋਰਾਂ ਦੀ ਕਾਫ਼ੀ ਨੂੰ ਥਾਂ ਦਿੰਦੇ ਹੋਵੋਗੇ, ਜੇ ਨਹੀਂ ਤਾਂ ਛਾਪਣ ਦਾ ਆਹਰ ਜ਼ਰੂਰ ਕਰਿਆ ਜੇ। ਮਿਹਰਬਾਨੀ।

ਤੁਸੀਂ ਪਾਕਿਸਤਾਨੀ ਪੰਜਾਬੀ ਅਦਬ ਨੂੰ ਪਰਚੇ 'ਚ ਛਾਪ ਰਹੇ ਹੋ, ਜਿਵੇਂ ਕਿ ਪਿਛਲੇ ਚਿਰਾਗ਼ ਵਿਚ ਸੱਜਣ ਪ੍ਰੋ: ਅਬਾਦ ਨਿਬੇਲ ਸ਼ਾਦ ਹੋਰਾਂ ਦੀਆਂ ਗ਼ਜ਼ਲਾਂ ਤੇ ਹੁਣ ਬੀਬੀ ਅਫ਼ਜ਼ਲ ਤੌਸੀਫ਼ ਹੋਰਾਂ ਦੀ ਕਹਾਣੀ।

ਤੁਹਾਡਾ ਚਾਹਵਾਨ
ਅਲੀਮ ਸ਼ਕੀਲ (ਡੇਰਾ ਬੁੱਲ੍ਹੇ ਸ਼ਾਹ)
ਪਾਕਿਸਤਾਨ

ਸੂਚਨਾ

ਪੰਜਾਬੀ ਵਿਚ ਛਪਦਾ ਬਾਲ-ਰਿਸਾਲਾ 'ਪੰਖੇਰੂ' ਆਪਣੀ ਪਹਿਲੀ ਵਰ੍ਹੇ-ਗੰਢ ਤੇ ਮਾਰਚ 1997 ਵਿਚ ਕਹਾਣੀ-ਅੰਕ ਛਾਪ ਰਿਹਾ ਏ। ਬਾਲ-ਲੇਖਕਾਂ ਤੋਂ ਰਚਨਾਵਾਂ ਦੀ ਮੰਗ ਕੀਤੀ ਜਾਂਦੀ ਹੈ। ਰਚਨਾਵਾਂ ਭੇਜਣ ਦਾ ਪਤਾ।

ਮਾਸਕ ਪੰਖੇਰੂ
ਪੋਸਟ-ਬਾਕਸ ਨੰ: 8059, ਲਾਹੌਰ 54920 ਪਾਕਿਸਤਾਨ

ਪੁਸਤਕ ਪ੍ਰਾਪਤੀ

1. ਕੁਸ਼ਤੀ ਦਾ ਧਰੂ-ਤਾਰਾ ਕਰਤਾਰ (ਜੀਵਨੀ), ਡਾ: ਵਰਿਆਮ ਸਿੰਘ ਸੰਧੂ, ਮੁੱਲ 300/- ਪੰਨੇ 400, ਰੁਸਤਮ ਪ੍ਰਕਾਸ਼ਨ, ਜਲੰਧਰ।
2. ਬਜ਼ੁਰਗ ਬਾਬਾ ਤੇ ਭੀੜ (ਕਹਾਣੀਆਂ), ਡਾ: ਸਵਰਨ ਚੰਦਨ, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨੇ 170, ਮੁੱਲ 150/-।
3. ਕਾਲੇ ਹਰਫ਼ਾਂ ਦੀ ਲੋਅ (ਗ਼ਜ਼ਲ), ਜਸਵਿੰਦਰ, ਮੁੱਲ 30/-, ਪੰਨੇ 72, ਗੁਰਦੇਵ ਪ੍ਰਕਾਸ਼ਨ ਲੁਧਿਆਣਾ।
4. ਆਪਣਾ ਆਪਣਾ ਕੁਰੂਕਸ਼ੇਤਰ (ਲੰਮੀ ਕਵਿਤਾ), ਅਜਾਇਬ ਹੁੰਦਲ, ਮੁੱਲ 90/-, ਪੰਨੇ 64, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
5. ਅੱਧੀ ਧਰਤੀ, ਅੱਧਾ ਆਕਾਸ਼ (ਕਹਾਣੀ), ਸੰਪਾਦਕ ਜਿੰਦਰ, ਮੁੱਲ 25/-, ਸਫ਼ੇ 96, ਖਾਂਬਰਾ ਪ੍ਰਕਾਸ਼ਨ, ਜਲੰਧਰ।
6. ਤੀਜੇ ਪਹਿਰ ਦੀ ਧੁੱਪ (ਕਵਿਤਾ), ਬੀਬਾ ਬਲਵੰਤ, ਮੁੱਲ 75/-, ਪੰਨੇ 80, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
7. ਵਗਦੇ ਪਾਣੀ (ਕਹਾਣੀ), ਸੰਪਾਦਕ ਮੱਖਣ ਮਾਨ, ਮੁੱਲ 30/-, ਪੰਨੇ 96, ਖਾਂਬਰਾ ਪ੍ਰਕਾਸ਼ਨ, ਜਲੰਧਰ।
8. ਸ਼ਬਦ ਰਹਿਣਗੇ ਕੋਲ (ਕਵਿਤਾਵਾਂ), ਅਮਰਜੀਤ ਕੌਂਕੇ, ਮੁੱਲ 80/-, ਪੰਨੇ 80, ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ।
9. ਸ਼ਬਦਾਂ ਦੀ ਮਰਜ਼ੀ (ਕਵਿਤਾ), ਗੁਰਪ੍ਰੀਤ, ਪੰਨੇ 64, ਮੁੱਲ 80/-, ਐਸਥੈਟਿਕਸ ਪਬਲੀਕੇਸ਼ਨਜ਼।
10. ਟੂਣੇ ਟੋਟਕਿਆਂ ਦਾ ਸਾਇੰਸੀ ਵੇਰਵਾ (ਵਾਰਤਕ), ਅਸਗਰ ਅੰਮ੍ਰਿਤਸਰੀ, ਮੁੱਲ 30/-, ਸਫ਼ੇ 80, ਪੰਜਾਬੀ ਸਾਇੰਸ ਬੋਰਡ, ਲਾਹੌਰ।
11. ਪਿਛਲਾ ਪਿੰਡ (ਸਿਮ੍ਰਿਤੀ-ਸੰਗ੍ਰਹਿ), ਹਰਭਜਨ ਸਿੰਘ ਹੁੰਦਲ, ਪੰਨੇ 122, ਮੁੱਲ 100/-, ਚਿਰਾਗ਼ ਪ੍ਰਕਾਸ਼ਨ, ਜਲੰਧਰ।
12. ਸੂਰਜਨਾਮਾ (ਮਹਾਂ-ਕਾਵਿ), ਅਜਾਇਬ ਕਮਲ, ਮੁੱਲ 450/-, ਪੰਨੇ 576, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
13. ਇੰਗਲੈਂਡ ਦੀ ਸੈਰ (ਸਫ਼ਰਨਾਮਾ), ਬਚਨ ਸਿੰਘ ਮੌਜ, ਪੰਨੇ 108, ਮੁੱਲ 70/-, ਨੈਸ਼ਨਲ ਬੁੱਕ ਸ਼ਾਪ, ਦਿੱਲੀ।
14. ਸਾਗਰ ਵਿਚਲੇ ਰੇਗਿਸਤਾਨ (ਕਵਿਤਾ), ਜੀ.ਐਸ. ਗਿੱਲ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
15. ਨਰਵਾਰ (ਮਾਰਕਸਵਾਦੀ ਸਿਧਾਂਤ ਤੇ ਕਲਾ ਬਾਰੇ ਲੇਖ-ਸੰਗ੍ਰਹਿ), ਰਸ਼ੀਦੁਲਚਮਾਂ, ਪੰਨੇ 136 ਪੰਜਾਬ ਅਦਬੀ ਮਰਕਜ਼, ਬਹਾਵਲ ਨਗਰ (ਪਾਕਿਸਤਾਨ)
16. ਕਲਯੁਗ ਦੀ ਮੈਲ (ਇਕਾਂਗੀ), ਸਤਵਿੰਦਰ ਸਿੰਘ ਬੇਗੋਵਾਲੀਆ, ਮੁੱਲ 25/-, ਪੰਨੇ 104, ਜਸਵੰਤ ਪ੍ਰਕਾਸ਼ਨ, ਕਪੂਰਥਲਾ।
17. ਅੰਗ ਤਰੇੜਾਂ ਪਈਆਂ (ਕਵਿਤਾ), ਇਕਬਾਲ ਕੈਸਰ, ਕੀਮਤ 90/-, ਪੰਨੇ 96, ਸਾਂਝ ਪਬਲਿਸ਼ਰਜ਼, ਲਾਹੌਰ।

Registered with the Registrar of News-Papers of India
No—PUN-PUN O 2776/35/AL/TC/94.

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਵ੍ਹਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ
ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ।